# PUNJAB VIDHAN SABHA

## DEBATES

*Tuesday, the 20th June, 2017*

***Vol. II– No. 5***

OFFICIAL REPORT

## CONTENTS


| | |
|---|---|
| Starred Questions and Answers | (5) 1 |
| Written Answers to Starred Questions laid on the Table of the House under Rule 38 | (5) 42 |
| Unstarred Questions and Answers | (5) 43 |
| Walk Out | (5) 67 |
| Presentation of the Budget Estimates for the Year 2017-18 | (5) 67 |
| Walk Out | (5) 82 |
| Presentation of the Budget Estimates for the Year 2017-18 *(Resumption)* | (5) 82 |
| Appendix | (i) |



**Punjab Vidhan Sabha Secretariat, Chandigarh**

Price : Rs._________.

**ਪੰਜਾਬ ਮੰਤਰੀ ਮੰਡਲ ਦੀ ਸੂਚੀ**

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ। |
| | **ਕੈਬਨਿਟ ਮੰਤਰੀ** | |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3. | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5. | ਸਰਦਾਰ ਸਾਧੂ ਸਿੰਘ ਧਰਮਸੋਤ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7. | ਰਾਣਾ ਗੁਰਜੀਤ ਸਿੰਘ | ਸਿੰਜਾਈ ਅਤੇ ਬਿਜਲੀ ਮੰਤਰੀ |
| 8. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| | **ਰਾਜ ਮੰਤਰੀ** | |
| 9. | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

## PUNJAB VIDHAN SABHA

*Tuesday, the 20th June, 2017*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.*

-----

## STARRED QUESTIONS AND ANSWERS

### ਜੰਗਲੀ ਅਤੇ ਅਵਾਰਾ ਪਸ਼ੂਆਂ ਤੋਂ ਫਸਲਾਂ ਦੇ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਸਬੰਧੀ

***16. 1. ਸਰਦਾਰ ਅਮਰਜੀਤ ਸਿੰਘ ਸੰਦੋਆ :**

**2. ਸ਼੍ਰੀ ਜੈ ਕਿਸ਼ਨ:** ਕੀ ਜੰਗਲਾਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਸੱਚ ਹੈ ਕਿ ਜੰਗਲੀ ਅਤੇ ਅਵਾਰਾ ਪਸ਼ੂ ਬਲਾਕ ਨੂਰਪੁਰ ਬੇਦੀ ਦੇ ਪਿੰਡਾਂ ਵਿੱਚ ਫਸਲਾਂ ਦਾ ਬਹੁਤ ਨੁਕਸਾਨ ਕਰਦੇ ਹਨ; ਜੇਕਰ ਅਜਿਹਾ ਹੈ ਤਾਂ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਵਲੋਂ ਕੀ ਯੋਜਨਾ ਬਣਾਈ ਗਈ ਹੈ;

(ਅ) ਕੀ ਹਲਕਾ ਗੜ੍ਹਸ਼ੰਕਰ ਅਧੀਨ ਪੈਂਦੇ ਬੀਤ ਇਲਾਕੇ ਵਿੱਚ ਵੀ ਜੰਗਲੀ ਜਾਨਵਰ/ਅਵਾਰਾ ਪਸ਼ੂਆਂ ਵੱਲੋਂ ਫਸਲਾਂ ਦਾ ਉਜਾੜਾ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਸਾਧੂ ਸਿੰਘ ਧਰਮਸੋਤ :** (ੳ ਅਤੇ ਅ) ਹਾਂ ਜੀ, ਸ਼੍ਰੀਮਾਨ ਜੀ। ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਜੰਗਲੀ ਜਾਨਵਰਾਂ ਵਲੋਂ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਮੁਆਵਜ਼ਾ ਦੇਣ ਲਈ ਅਧਿਸੂਚਨਾ 1/7/2000-ਵਣ-5/4022 ਮਿਤੀ 17.6.2013 ਨਾਲ ਵਿਵਸਥਾ ਕੀਤੀ ਗਈ ਹੈ ਅਤੇ ਇਹ ਅਧਿਸੂਚਨਾ ਪੂਰੇ ਰਾਜ ਵਿਚ ਲਾਗੂ ਹੈ। ਇਸ ਤੋਂ ਇਲਾਵਾ ਜੰਗਲੀ ਸੂਰਾਂ ਤੋਂ ਫਸਲਾਂ ਦੇ ਨੁਕਸਾਨ ਤੋਂ ਬਚਾਉਣ ਲਈ ਇਨ੍ਹਾਂ ਦੇ ਸ਼ਿਕਾਰ ਲਈ ਅਧਿਸੂਚਨਾ ਨੰ: 34/18/2004-ਵਣ-5/367840/1, ਮਿਤੀ 15.12.2014 ਨਾਲ ਜਾਰੀ ਕੀਤੀ ਗਈ ਹੈ ਅਤੇ ਇਸ ਸਬੰਧ ਵਿੱਚ ਵਣ ਮੰਡਲ ਅਫਸਰਾਂ ਅਤੇ ਸਬ-ਡਵੀਜ਼ਨਲ ਅਫਸਰ (ਸਿਵਲ) ਵੱਲੋਂ ਪਰਮਿਟ ਜਾਰੀ ਕੀਤੇ ਜਾਂਦੇ ਹਨ।

ਰਾਜ ਵਿੱਚ ਜ਼ਿਲ੍ਹਾ ਪੱਧਰ ਤੇ ਸਮੂਹ ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀਆਂ ਦਾ ਗਠਨ ਕੀਤਾ ਗਿਆ ਹੈ । ਇਸ ਤੋਂ ਇਲਾਵਾ ਅਵਾਰਾ

[ ਜੰਗਲਾਤ ਮੰਤਰੀ ]

ਪਸ਼ੂਆਂ ਦੇ ਰੱਖ ਰਖਾਓ ਲਈ ਪਸ਼ੂ ਪਾਲਣ ਵਿਭਾਗ, ਪੰਜਾਬ ਵੱਲੋਂ ਰੋਪੜ ਜ਼ਿਲ੍ਹੇ ਵਿੱਚ ਪਿੰਡ ਸੁਖੇਮਾਜਰਾ ਵਿਖੇ 20 ਏਕੜ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡ ਫਲਾਈ ਵਿਖੇ 10 ਏਕੜ ਪੰਚਾਇਤੀ ਜ਼ਮੀਨ ਤੇ ਕੈਟਲ ਪੌਂਡ ਦੀ ਉਸਾਰੀ ਕੀਤੀ ਗਈ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੱਕ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਖਰਾਬ ਹੋਈਆਂ ਹਨ ਉਨ੍ਹਾਂ ਵਿਚੋਂ ਅਜਿਹੇ ਕਿੰਨੇ ਲੋਕਾਂ ਨੂੰ ਮੁਆਵਜ਼ਾ ਮਿਲਿਆ ਹੈ? ਸਪੀਕਰ ਸਾਹਿਬ, ਤੁਹਾਡਾ ਵੀ ਇਲਾਕਾ ਇਸੇ ਏਰੀਏ ਵਿਚ ਪੈਂਦਾ ਹੈ। ਉਥੇ ਲੋਕ ਬਹੁਤ ਪ੍ਰੇਸ਼ਾਨ ਹਨ, ਲੋਕ ਆਪਣੀਆਂ ਫਸਲਾਂ ਬਚਾਉਣ ਵਾਸਤੇ ਖੇਤਾਂ ਵਿਚ ਹੀ ਸੌਂਦੇ ਹਨ, ਛੋਟੇ ਜਿਮੀਂਦਾਰ ਬਹੁਤ ਦੁਖੀ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਨੂੰ ਵੀ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ। ਮੰਤਰੀ ਜੀ ਕ੍ਰਿਪਾ ਕਰਕੇ ਦੱਸਣ ਕਿ ਕਿੰਨੇ ਲੋਕਾਂ ਨੂੰ ਹੁਣ ਤੱਕ ਮੁਆਵਜ਼ਾ ਮਿਲਿਆ ਹੈ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2012-13 ਵਿਚ ਜਿਨ੍ਹਾਂ ਦੀ ਮੌਤ ਹੋਈ ਹੈ ਉਨ੍ਹਾਂ ਨੂੰ 7 ਲੱਖ ਰੁਪਿਆ ਮੁਆਵਜ਼ਾ ਦਿੱਤਾ ਗਿਆ ਹੈ। ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ 1 ਲੱਖ 81 ਹਜ਼ਾਰ ਰੁਪਿਆ ਮੁਆਵਜ਼ਾ ਦਿੱਤਾ ਗਿਆ ਹੈ। ਜਿਨ੍ਹਾਂ ਕਿਸਾਨਾਂ ਦੀ ਪ੍ਰਾਪਰਟੀ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ 1 ਲੱਖ 92 ਹਜ਼ਾਰ 600 ਰੁਪਿਆ ਮੁਆਵਜ਼ਾ ਦਿੱਤਾ ਗਿਆ ਹੈ। ਸਾਲ 2013-14 ਵਿਚ ਜਿਨ੍ਹਾਂ ਵਿਅਕਤੀਆਂ ਦੀ ਮੌਤ ਹੋਈ ਹੈ, ਉਨ੍ਹਾਂ ਨੂੰ 3 ਲੱਖ 42 ਹਜ਼ਾਰ 830 ਰੁਪਿਆ ਦਿੱਤਾ ਗਿਆ ਹੈ। ਫਸਲਾਂ ਦੇ ਨੁਕਸਾਨ ਦਾ ਮੁਆਵਜ਼ੇ ਦਾ 3 ਲੱਖ 30 ਹਜ਼ਾਰ 550 ਰੁਪਏ, ਪ੍ਰਾਪਰਟੀ ਦੇ ਨੁਕਸਾਨ ਲਈ 60 ਹਜ਼ਾਰ 900 ਰੁਪਏ ਦਿੱਤੇ ਗਏ ਹਨ। ਸਾਲ 2014-15 ਵਿਚ ਜਿਨ੍ਹਾਂ ਲੋਕਾਂ ਦੀ ਮੌਤ ਹੋਈ ਹੈ, ਉਨ੍ਹਾਂ ਨੂੰ 18 ਲੱਖ 40 ਹਜ਼ਾਰ 883 ਰੁਪਏ ਮੁਆਵਜ਼ਾ ਦਿੱਤਾ ਗਿਆ ਹੈ, ਫਸਲਾਂ ਦੇ ਨੁਕਸਾਨ ਲਈ 19 ਹਜ਼ਾਰ 425 ਰੁਪਏ, ਪ੍ਰਾਪਰਟੀ ਨੁਕਸਾਨ ਲਈ 1 ਲੱਖ 88 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਸਾਲ 2015-16 ਵਿਚ ਜਿਨ੍ਹਾਂ ਲੋਕਾਂ ਦੀ ਮੌਤ ਹੋਈ, ਉਨ੍ਹਾਂ ਨੂੰ 28 ਲੱਖ 75 ਹਜ਼ਾਰ 925 ਰੁਪਏ ਦਿੱਤੇ ਗਏ ਹਨ, ਫਸਲਾਂ ਦੇ ਨੁਕਸਾਨ ਲਈ 1 ਲੱਖ 12 ਹਜ਼ਾਰ 392 ਰੁਪਏ ਅਤੇ ਪ੍ਰਾਪਰਟੀ ਨੁਕਸਾਨ ਲਈ 2 ਲੱਖ 3 ਹਜ਼ਾਰ 920 ਰੁਪਏ ਦਿੱਤੇ ਗਏ ਹਨ। ਸਾਲ 2016-17 ਵਿਚ ਜਿਨ੍ਹਾਂ ਵਿਅਕਤੀਆਂ ਦੀ ਮੌਤ ਹੋਈ ਹੈ ਉਨ੍ਹਾਂ ਨੂੰ 41 ਲੱਖ 54 ਹਜ਼ਾਰ 836 ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਫਸਲਾਂ ਦੇ ਨੁਕਸਾਨ ਲਈ 11 ਹਜ਼ਾਰ 125 ਰੁਪਏ, ਪ੍ਰਾਪਰਟੀ ਨੁਕਸਾਨ ਲਈ 68 ਹਜ਼ਾਰ 600 ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਸੱਪ ਦੇ ਕੱਟਣ ਕਾਰਨ ਹੋਈ ਮੌਤ ਦਾ ਮੁਆਵਜ਼ਾ ਵੀ ਇਸ ਵਿਚ ਸ਼ਾਮਲ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਬਲਾਕ ਨੂਰਪੁਰ ਬੇਦੀ ਵਿਚ ਕਿੰਨੇ ਪੈਸੇ ਦਿੱਤੇ ਹਨ?

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਮੈਨੂੰ ਵਿਸ਼ੇਸ਼ ਤੌਰ ਤੇ ਨੂਰਪੁਰ ਬੇਦੀ ਦਾ ਕਹਿਣਗੇ ਤਾਂ ਮੈਂ ਦੱਸ ਦਿਆਂਗਾ।

**ਮਾਨਯੋਗ ਸਪੀਕਰ:** ਲੇਕਿਨ ਵਜ਼ੀਰ ਸਾਹਿਬ, ਇਹ ਬਿਲਕੁਲ ਹੀ ਨਾਮੀਨਲ ਰਕਮ ਹੈ । ਜੇਕਰ ਸਾਲ ਦਾ 11000-11000 ਹਜ਼ਾਰ ਰੁਪਿਆ ਦਿੱਤਾ ਜਾਵੇ, ਇਹ ਤਾਂ ਨਾਮੀਨਲ ਹੈ। ਕੀ ਸਰਕਾਰ ਵਿਚਾਰ ਕਰੇਗੀ ਕਿ ਸਹੀ ਤਰੀਕੇ ਨਾਲ ਕਿਸਾਨੀ ਨੂੰ ਮੁਆਵਜ਼ਾ ਮਿਲ ਸਕੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਸ ਹਾਊਸ ਵਿੱਚ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜੇ ਕਿਤੇ ਕੋਈ ਕੁਤਾਹੀ ਅਫਸਰਾਂ ਤੋਂ ਹੋਈ ਹੈ ਜਾਂ ਜੇ ਕਿਸੇ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ ਤਾਂ ਉਸ ਦੇ ਖਿਲਾਫ ਮਹਿਕਮਾ ਕਾਰਵਾਈ ਕਰੇਗਾ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 50-60 ਪਿੰਡ ਹਨ, ਤੁਹਾਨੂੰ ਪਤਾ ਹੈ, ਉਥੇ ਲੋਕ ਪੂਰਾ ਸਾਲ ਖੇਤਾਂ ਵਿੱਚ ਰਹਿੰਦੇ ਹਨ, ਛੋਟੀਆਂ ਛੋਟੀਆਂ ਫਸਲਾਂ ਬੀਜੀਆਂ ਹੋਈਆਂ ਹਨ। ਅੱਜ ਤੱਕ ਕਿਸੇ ਨੂੰ ਮੁਆਵਜ਼ਾ ਮਿਲਿਆ ਹੀ ਨਹੀਂ ਹੈ। ਤੁਹਾਡਾ ਪਿੰਡ ਵੀ ਉਥੇ ਪੈਂਦਾ ਹੈ।

**ਮਾਨਯੋਗ ਸਪੀਕਰ:** ਵਜ਼ੀਰ ਸਾਹਿਬ, ਇਹ ਇੱਕ ਬਲਾਕ ਦਾ ਸਵਾਲ ਨਹੀਂ ਹੈ, ਲਾਲੜੂ ਤੋਂ ਲੈ ਕੇ ਪਠਾਨਕੋਟ ਤੱਕ ਦਾ ਮਸਲਾ ਹੈ। ਸੋ, ਇਸ ਤੇ ਹਾਊਸ ਨੂੰ ਭਰੋਸਾ ਦਿਵਾਓ ਕਿ ਜੰਗਲੀ ਜਾਨਵਰਾਂ ਵਾਸਤੇ ਸਰਕਾਰ ਲਾਜ਼ਮੀ ਤੌਰ ਤੇ ਕੁਝ ਨਾ ਕੁਝ ਕਰੇਗੀ?

**ਮੰਤਰੀ:** ਸਪੀਕਰ ਸਾਹਿਬ, ਮੈਂ ਕਹਿ ਚੁੱਕਿਆ ਕਿ ਇਸ ਮਸਲੇ ਉਤੇ ਸਰਕਾਰ ਪੂਰਾ ਧਿਆਨ ਦੇ ਰਹੀ ਹੈ, ਇਸ ਨੂੰ ਦੁਬਾਰਾ ਰਿਵਿਊ ਕਰਕੇ ਜੋ ਬਣਦੇ ਢੁੱਕਵੇਂ ਕਦਮ ਹਨ, ਉਹ ਜ਼ਰੂਰ ਚੁੱਕੇ ਜਾਣਗੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇਹ ਪੂਰੀ ਤਰ੍ਹਾਂ ਜਵਾਬ ਨਹੀਂ ਆਇਆ ਹੈ।ਤੁਸੀਂ ਕੁਐਸਚਨ ਨੂੰ ਪੋਸਟਪੋਨ ਕਰੋ। ਮੰਤਰੀ ਜੀ ਤੋਂ ਰਿਲੇਟਿਡ ਚੀਜ਼ਾਂ ਹੀ ਪੁੱਛੀਆ ਗਈਆਂ ਹਨ ਅਨਰਿਲੇਟਿਡ ਨਹੀਂ ਪੁੱਛੀਆਂ ਗਈਆਂ ਹਨ। ਪਲੀਜ਼ ਕੁਐਸ਼ਚਨ ਨੂੰ ਪੋਸਟਪੋਨ ਕਰੋ ਜੀ।

**ਮਾਨਯੋਗ ਸਪੀਕਰ:** ਚਲੋ ਜੀ, ਇਹ ਸਵਾਲ ਪੋਸਟਪੋਨ ਕਰ ਦਿੱਤਾ ਜੀ।

----

### ਪਿੰਡਾਂ ਵਿਚ ਆਰ.ਓ.ਸਿਸਟਮ ਲਗਾਉਣਾ

*181. **ਸਰਦਾਰ ਗੁਰਕੀਰਤ ਸਿੰਘ:** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਖੰਨਾ ਦੇ ਸਾਰੇ ਪਿੰਡਾਂ ਵਿੱਚ ਆਰ.ਓ. ਸਿਸਟਮ

[ ਸਰਦਾਰ ਗੁਰਕੀਰਤ ਸਿੰਘ ]

ਰਾਹੀਂ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਕਦੋਂ ਤੱਕ ਸਾਰੇ ਪਿੰਡਾਂ ਵਿੱਚ ਲਗਾ ਦਿੱਤਾ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਵਿਧਾਨ ਸਭਾ ਹਲਕਾ ਖੰਨਾ ਵਿੱਚ ਕੁੱਲ 68 ਪਿੰਡ ਹਨ ਜਿਨ੍ਹਾਂ ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ 50 ਜਲ ਸਪਲਾਈ ਸਕੀਮਾਂ ਰਾਹੀਂ ਪੀਣ ਵਾਲਾ ਪਾਣੀ ਮੁਹੱਈਆ ਕੀਤਾ ਜਾ ਰਿਹਾ ਹੈ। ਵਿਭਾਗ ਵੱਲੋਂ ਪਿੰਡਾਂ ਵਿੱਚ ਦਿੱਤੀ ਜਾ ਰਹੀ ਜਲ ਸਪਲਾਈ ਦੀ ਗੁਣਵੱਤਾ ਦੀ ਨਿਰੰਤਰ ਜਾਂਚ ਕੀਤੀ ਜਾਂਦੀ ਹੈ ਅਤੇ ਜਿਹੜੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੇ ਸੈਂਪਲ ਭਾਰਤੀ ਮਾਣਕ ਬਿਊਰੋ (ਬਿਊਰੋ ਆਫ ਇੰਡੀਅਨ ਸਟੈਂਡਰਡ) ਦੇ ਨਿਰਧਾਰਤ ਮਾਪਦੰਡਾਂ ਉਪਰ ਖਰੇ ਨਹੀਂ ਉਤਰਦੇ ਅਤੇ ਰਸਾਇਣਕ ਤੱਤਾਂ ਦੀ ਵੱਧ ਮਾਤਰਾ ਮਨੁੱਖੀ ਸਿਹਤ ਉਪਰ ਮਾੜਾ ਅਸਰ ਪਾਉਂਦੀ ਹੈ, ਉਥੇ ਸ਼ੁੱਧ ਪਾਣੀ ਮੁਹੱਈਆ ਕਰਨ ਲਈ ਜਲ ਸ਼ੁੱਧੀਕਰਨ ਸਿਸਟਮ, ਜਿਵੇਂ ਕਿ ਆਰ.ਓ.ਪਲਾਂਟ ਲਗਾਏ ਜਾਂਦੇ ਹਨ। ਹਲਕਾ ਖੰਨਾ ਵਿੱਚ ਕੁੱਲ 9 ਸਕੀਮਾਂ, ਜਿਨ੍ਹਾਂ ਨਾਲ 10 ਪਿੰਡਾਂ ਨੂੰ ਪੀਣ ਵਾਲਾ ਪਾਣੀ ਦਿੱਤਾ ਜਾ ਰਿਹਾ ਹੈ, ਉਹ ਵੀ ਅਜਿਹੇ ਪੈਰਾਮੀਟਰਾਂ ਨਾਲ ਪ੍ਰਭਾਵਿਤ ਹਨ।

ਇਨ੍ਹਾਂ 10 ਪਿੰਡਾਂ ਵਿਚੋਂ 3 ਪਿੰਡਾਂ ਰਸੂਲਤਾ, ਇਕਲਾਹੀ ਅਤੇ ਹੋਲ ਵਿੱਚ ਆਰ.ਓ.ਪਲਾਂਟ ਪਹਿਲਾਂ ਤੋਂ ਹੀ ਕੰਮ ਕਰ ਰਹੇ ਹਨ ਅਤੇ 3 ਪਿੰਡਾਂ ਖਟੜਾ, ਕੋਰੀ ਅਤੇ ਚੁਪਕੀ ਵਿਚ ਆਰ.ਓ.ਪਲਾਂਟ ਲਗਾਉਣ ਦੇ ਟੈਂਡਰ ਲਗਾਏ ਜਾ ਚੁੱਕੇ ਹਨ। ਇੱਕ ਪਿੰਡ ਕੋਟ ਸੇਖੋਂ ਜੋ ਕਿ ਫਲੋਰਾਈਡ ਨਾਲ ਪ੍ਰਭਾਵਿਤ ਹੈ, ਨੂੰ ਨੀਤੀ ਆਯੋਗ ਪ੍ਰੋਜੈਕਟ ਅਧੀਨ ਆਰ.ਓ.ਪਲਾਂਟ ਲਗਾਉਣ ਲਈ ਟੈਂਡਰ ਪ੍ਰਾਪਤ ਹੋ ਚੁੱਕੇ ਹਨ। ਬਾਕੀ ਰਹਿੰਦੇ 3 ਪਿੰਡ ਬਘੌਰ, ਬੀਜਾਪੁਰ ਕੋਠੇ ਅਤੇ ਗਾਜੀਪੁਰ ਵਿੱਚ ਆਰ.ਓ. ਪਲਾਂਟ ਲਗਾਉਣ ਦੀ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਬੜੀ ਤ੍ਰਾਸਦੀ ਹੈ ਕਿ ਪੰਜਾਬ ਵਰਗੀ ਧਰਤੀ ਦਾ ਪਾਣੀ ਪੀਣ ਯੋਗ ਨਹੀਂ ਰਿਹਾ । ਸਪੀਕਰ ਸਾਹਿਬ, ਕਦੇ ਸਾਡੇ ਵੱਡੇ ਵਡੇਰਿਆਂ ਨੇ ਸੋਚਿਆ ਤੱਕ ਨਹੀਂ ਹੋਣਾ ਕਿ ਮੁੱਲ ਦਾ ਪਾਣੀ ਲੈ ਕੇ ਪੀਣਾ ਪਵੇਗਾ। ਇਹ ਜਿਹੜਾ ਆਰ.ਓ ਸਿਸਟਮ ਹੈ, ਇਹ ਇੱਕ ਨਸੈਸਿਟੀ ਬਣ ਚੁੱਕਿਆ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਆਸ਼ਵਾਸਨ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਰਹਿ ਗਏ ਹਨ, ਉਨ੍ਹਾਂ ਨੂੰ ਕਦੋਂ ਤੱਕ ਇਸ ਆਰ.ਓ. ਸਿਸਟਮ ਦੇ ਨਾਲ ਜੋੜ ਦਿੱਤਾ ਜਾਏਗਾ?

**ਮੰਤਰੀ:** ਸਪੀਕਰ ਸਾਹਿਬ, 3 ਪਿੰਡ ਰਹਿੰਦੇ ਹਨ, ਉਮੀਦ ਹੈ ਕਿ 6 ਮਹੀਨਿਆਂ ਵਿੱਚ ਉਥੇ ਆਰ.ਓ ਸਿਸਟਮ ਪਰਾਪਰਲੀ ਚੱਲ ਜਾਏਗਾ।

**ਮਾਨਯੋਗ ਸਪੀਕਰ:** ਹੁਣ ਤੁਸੀਂ ਮੰਤਰੀ ਸਾਹਿਬ ਦਾ ਧੰਨਵਾਦ ਤਾਂ ਕਰ ਦਿਓ ਜੀ।

**ਸਰਦਾਰ ਗੁਰਕੀਰਤ ਸਿੰਘ:** ਧੰਨਵਾਦ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਕੁਝ ਪੁੱਛਣਾ ਨਹੀਂ ਚਾਹੁੰਦਾ ਹਾਂ। ਮੈਂ ਤਾਂ ਹੈਲਥ ਮਨਿਸਟਰ ਸਾਹਿਬ ਨੂੰ ਕੇਵਲ ਇੱਕ ਸਲਾਹ ਦੇਣੀ ਚਾਹੁੰਦਾ ਹਾਂ ਕਿ ਅੱਜ ਕੱਲ੍ਹ ਇਹ ਵੀ ਆਇਆ ਹੈ ਕਿ ਹਿਊਮਨ ਕੰਜ਼ਪਸ਼ਨ ਲਈ ਆਰ.ਓ ਦਾ ਪਾਣੀ ਇੰਨਾ ਸੂਟੇਬਲ ਨਹੀਂ ਹੈ। ਨਵੀਆਂ ਟੈਕਨਾਲੋਜੀਆਂ ਆ ਗਈਆਂ ਹਨ। ਹੈਲਥ ਮਨਿਸਟਰ ਸਾਹਿਬ ਸਟੱਡੀ ਕਰਕੇ ਰਿਕੁਮੈਂਡ ਕਰਨ, ਆਰ.ਓ ਸਿਸਟਮ ਦੀ ਬਜਾਏ ਜੋ ਨਵੀਂ ਟੈਕਨਾਲੋਜੀ ਆ ਰਹੀ ਹੈ, ਉਸ ਨੂੰ ਰਿਕੁਮੈਂਡ ਕਰਨ।

**ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮਾਲਵੇ ਦਾ ਪਾਣੀ ਹੈ, ਖਾਸ ਕਰਕੇ ਜਿਹੜੀ ਰੋਪੜ ਤੋਂ ਨਹਿਰ ਆਉਂਦੀ ਹੈ, ਇਸ ਦਾ ਪੋਰਟੇਬਲ ਵਾਟਰ ਹੈ ਅਤੇ ਇਹ ਪੀਣ ਲਈ ਵੀ ਫਿੱਟ ਹੈ। ਸਾਡੇ ਜਿਹੜੇ ਵਾਟਰ ਵਰਕਸ ਲੱਗੇ ਹੋਏ ਹਨ, ਉਨ੍ਹਾਂ ਦੀ ਮੈਂਟੀਨੈਂਸ ਤਾਂ ਹੋ ਨਹੀਂ ਰਹੀ, ਆਰ.ਓ ਸਿਸਟਮ ਲਗਾ ਰਹੇ ਹਨ, ਆਰ.ਓ ਤੇ ਕੁਐਸਚਨ ਆਲਰੈਡੀ ਉਠ ਚੁੱਕਿਆ ਹੈ ਕਿ ਇਹ ਇੰਨਾ ਫਿੱਟ ਨਹੀਂ ਹੈ। ਜਿਥੇ ਆਲਰੇਡੀ ਪੋਰਟੇਬਲ ਵਾਟਰ ਹੈ, ਉਥੋਂ ਦੇ ਵਾਟਰ ਵਰਕਸ ਵੱਲ ਧਿਆਨ ਦਿੱਤਾ ਜਾਏ।

**ਮਾਨਯੋਗ ਸਪੀਕਰ:** ਚਲੋ ਜੀ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਆਪਣਾ ਸਵਾਲ ਪੁੱਛੋ ਜੀ।

----

## ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਨਹਿਰਾਂ/ਸੂਇਆਂ ਵਿਚੋਂ ਆਰਜ਼ੀ ਮੋਘੇ ਦੇਣ ਦੀ ਨੀਤੀ

*132. **ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਪੰਜਾਬ ਸਰਕਾਰ ਦੀ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਨਹਿਰਾਂ/ਸੂਇਆਂ ਵਿਚੋਂ ਆਰਜ਼ੀ ਮੋਘੇ (ਛੂਟਸ) ਦੇਣ ਦੀ ਕੋਈ ਨੀਤੀ ਹੈ; ਜੇਕਰ ਹੈ ਤਾਂ ਪਿਛਲੇ ਸਾਲ ਕਿੰਨੇ ਆਰਜ਼ੀ ਮੋਘੇ (ਛੂਟਸ) ਬਣਾਉਣ ਦੀ ਇਜਾਜ਼ਤ ਦਿੱਤੀ ਗਈ ਸੀ;

(ਅ) ਝੋਨੇ ਦੇ ਆਗਾਮੀ ਸੀਜ਼ਨ ਵਿੱਚ ਆਰਜ਼ੀ ਮੋਘੇ (ਛੂਟਸ) ਬਣਾਉਣ ਦੀਆਂ ਹੁਣ ਤੱਕ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਉਨ੍ਹਾਂ ਉਪਰ ਕੀ ਕਾਰਵਾਈ ਕੀਤੀ ਗਈ ਹੈ?

**ਰਾਣਾ ਗੁਰਜੀਤ ਸਿੰਘ:** (ੳ) ਹਾਂ ਜੀ, ਪੰਜਾਬ ਸਰਕਾਰ ਵੱਲੋਂ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਨਹਿਰਾਂ/ਸੂਇਆਂ ਵਿਚੋਂ ਆਰਜ਼ੀ ਮੋਘੇ (ਛੂਟਸ) ਡੈਮਾਂ ਵਿਚ ਪਾਣੀ ਦੀ

[ ਸਿੰਜਾਈ ਮੰਤਰੀ ]

ਉਪਲਬਧਤਾ ਅਨੁਸਾਰ ਦਿੱਤੇ ਜਾਂਦੇ ਹਨ। ਪਿਛਲੇ ਸਾਲ ਡੈਮਾਂ ਦਾ ਪਾਣੀ ਦਾ ਪੱਧਰ ਘੱਟ ਹੋਣ ਕਾਰਨ ਕੋਈ ਨਵਾਂ ਆਰਜ਼ੀ ਮੋਘਾ (ਛੂਟਸ) ਬਣਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਸੀ। ਕੇਵਲ ਪੁਰਾਣੇ ਆਰਜ਼ੀ ਮੋਘਿਆਂ ਨੂੰ ਹੀ ਚਾਲੂ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਸੀ।

(ਅ) ਝੋਨੇ ਦੇ ਆਗਾਮੀ ਸੀਜ਼ਨ ਲਈ ਹੁਣ ਤੱਕ 9 ਨਵੀਆਂ ਅਰਜ਼ੀਆਂ ਆਰਜ਼ੀ ਮੋਘੇ (ਛੂਟਸ) ਲਗਾਉਣ ਲਈ ਪ੍ਰਾਪਤ ਹੋਈਆਂ ਹਨ। ਇਸ ਸਾਲ ਡੈਮਾਂ ਵਿੱਚ ਪਾਣੀ ਦਾ ਪੱਧਰ ਘੱਟ ਹੋਣ ਕਾਰਨ ਇਨ੍ਹਾਂ ਅਰਜ਼ੀਆਂ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

**ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਇਰੀਗੇਸ਼ਨ ਵੱਲੋਂ ਛੂਟਸ ਦੇਣ ਦੀ ਪਾਲਿਸੀ ਸੀ, ਇਹ ਪੈਡੀ ਸੀਜ਼ਨ ਦੌਰਾਨ ਉਦੋਂ ਦਿੱਤੀ ਜਾਂਦੀ ਸੀ ਜਦੋਂ ਸਿਰਫ 5-10% ਝੋਨਾ ਲੱਗਦਾ ਸੀ। ਹੁਣ ਤਾਂ ਸਾਰੇ ਪੰਜਾਬ ਵਿੱਚ ਝੋਨਾ ਲੱਗਦਾ ਹੈ ਤਾਂ ਹੁਣ ਕੁਝ ਖਾਸ ਲੋਕਾਂ ਨੂੰ, ਵੱਡੇ ਲੋਕਾਂ ਨੂੰ ਇਹ ਪ੍ਰਿਵਲਿਜ ਕਿਉਂ ਦਿੱਤਾ ਜਾਂਦਾ ਹੈ, ਇਹ ਸਹੂਲਤ ਕਿਉਂ ਦਿੱਤੀ ਜਾਂਦੀ ਹੈ ਕਿਉਂਕਿ ਛੋਟੇ ਕਿਸਾਨ ਟੇਲਾਂ ਤੇ ਜਾ ਕੇ ਸਫਰ ਕਰਦੇ ਹਨ ਅਤੇ ਮੋਘਿਆਂ ਦੇ ਮੁੱਢ ਵਿੱਚ ਇਹ ਛੂਟਾਂ ਦਿੱਤੀਆਂ ਜਾਂਦੀਆਂ ਹਨ। ਇਹ ਬਿਲਕੁਲ ਗਲਤ ਹੈ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਆਸ਼ਵਾਸਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੀ ਹਦਾਇਤ ਹੈ ਕਿ ਵੱਡਾ ਛੋਟਾ ਨਹੀਂ ਵੇਖਣਾ। ਸੋ, ਵੱਡਾ ਛੋਟਾ ਨਹੀਂ ਵੇਖਿਆ ਜਾਵੇਗਾ। ਜੇ ਸਾਡੇ ਕੋਲ ਪਾਣੀ ਫਾਲਤੂ ਹੋਵੇਗਾ, ਜੋ ਕਿ ਅੱਜ ਹੈ ਨਹੀਂ। ਅੱਜ ਅਗਰ ਦੇਖਿਆ ਜਾਵੇ ਤਾਂ ਸਾਡੇ ਡੈਮ, ਭਾਖੜਾ ਨੰਗਲ, ਪੌਂਗ ਅਤੇ ਰਣਜੀਤ ਸਾਗਰ ਡੈਮ, ਇਨ੍ਹਾਂ ਦਾ ਲੈਵਲ ਮਿਤੀ 6.6.2017 ਨੂੰ 1558.35 ਫੁੱਟ, 1293.78 ਫੁੱਟ ਅਤੇ 514.43 ਮੀਟਰ ਕ੍ਰਮਵਾਰ ਸੀ। ਇਹ ਲੈਵਲ ਆਮ ਸਾਲਾਂ ਨਾਲੋਂ ਘੱਟ ਹੈ। ਸੋ, ਜਦੋਂ ਤੱਕ ਪਾਣੀ ਪੂਰਾ ਨਹੀਂ ਹੁੰਦਾ, ਫਾਲਤੂ ਨਹੀਂ ਹੁੰਦਾ, ਤਦ ਤੱਕ ਅਸੀਂ ਕਿਸੇ ਨੂੰ ਆਰਜ਼ੀ ਕੁਨੈਕਸ਼ਨ ਨਹੀਂ ਦੇਣਾ।

**ਮਾਨਯੋਗ ਸਪੀਕਰ :** ਜਵਾਬ ਆ ਗਿਆ ਹੈ ਜੀ।

**ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ :** ਸਰ, ਇੱਕ ਮਿੰਟ। ਮੇਰਾ ਸਵਾਲ is a little bit different. ਉਹ ਕਾਰਨ ਇਹ ਹੈ ਕਿ ਕੁਝ ਬੰਦਿਆਂ, ਜਿਨ੍ਹਾਂ ਦੀਆਂ ਜ਼ਮੀਨਾਂ ਮੋਘਿਆਂ ਦੇ ਨੇੜੇ ਹਨ, ਉਨ੍ਹਾਂ ਨੂੰ ਛੂਟਸ ਦੇਣ ਦੀ ਪ੍ਰੋਵੀਜ਼ਨ ਸੀ। ਹੁਣ ਪ੍ਰੋਪੋਸ਼ਨੇਟਲੀ ਜਦੋਂ ਮੋਘਿਆਂ ਦੇ ਥਰੂ ਸਾਰਿਆਂ ਨੂੰ ਪਾਣੀ ਮਿਲ ਰਿਹਾ ਹੈ ਤਾਂ ਕੁਝ ਲੋਕਾਂ ਨੂੰ ਸਪੈਸ਼ਲ ਤੌਰ ਤੇ ਕਿਉਂ? ਸਿਰਫ 9 ਐਪਲੀਕੇਸ਼ਨਾਂ ਹਨ, ਮਤਲਬ ਕਿ ਸਾਨੂੰ ਸਿਰਫ ਉਨ੍ਹਾਂ 9 ਬੰਦਿਆਂ ਦੀ ਪੈਡੀ ਦਾ ਹੀ ਖਿਆਲ ਹੈ। ਜਿਹੜੇ ਥੱਲੇ ਟੇਲਾਂ ਤੱਕ ਢਾਈ ਏਕੜ ਜਾਂ ਪੰਜ ਏਕੜ ਵਾਲੇ ਛੋਟੇ

ਜ਼ਿਮੀਂਦਾਰ ਹਨ, ਕੀ ਉਨ੍ਹਾਂ ਦਾ ਖਿਆਲ ਨਹੀਂ ਹੈ? ਇਨ੍ਹਾਂ 9 ਵਿੱਚੋਂ ਮੈਨੂੰ ਉਮੀਦ ਹੈ, ਲੇਕਿਨ ਮੈਂ ਐਪਲੀਕੇਸ਼ਨਾਂ ਤਾਂ ਨਹੀਂ ਦੇਖੀਆਂ, ਇਨ੍ਹਾਂ ਵਿੱਚ ਬਹੁਤੇ ਉਹ ਹਨ ਜਿਨ੍ਹਾਂ ਕੋਲ 100-100, 200-200 ਏਕੜ ਦੇ ਫਾਰਮ ਹਨ। ਉਹ ਮੋਘਿਆਂ ਵਿੱਚੋਂ ਵੀ ਪਾਣੀ ਲੈਂਦੇ ਹਨ ਤੇ ਨਾਲ ਛੂਟਸ ਅਲੱਗ ਤੋਂ ਲੈਂਦੇ ਹਨ। ਇਹ ਪੱਖਪਾਤ ਹੈ, ਇਹ ਪੱਖਪਾਤ ਬੰਦ ਹੋਣਾ ਚਾਹੀਦਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਰਿਆਂ ਨੂੰ ਛੂਟਸ ਦਿਉ। ਜੇ ਛੂਟਸ ਦੇਣੀਆਂ ਹਨ ਤਾਂ ਮੋਘੇ ਕਿਸ ਵਾਸਤੇ ਲਗਾਏ ਹਨ?

**ਮਾਨਯੋਗ ਸਪੀਕਰ :** ਤੁਹਾਨੂੰ ਪਹਿਲਾਂ ਐਸ਼ਿਓਰ ਕਰ ਦਿੱਤਾ ਸੀ ਜੀ।

**ਮੰਤਰੀ :** ਮੈਂ ਦੁਬਾਰਾ ਐਸ਼ਿਓਰ ਕਰਦਾ ਹਾਂ ਕਿ ਪੱਖਪਾਤ ਨਹੀਂ ਕੀਤਾ ਜਾਵੇਗਾ। ਕੋਈ ਅਫ਼ਸਰ, ਕੋਈ ਮੇਰੇ ਵਰਗਾ ਵਜ਼ੀਰ ਪੱਖਪਾਤ ਨਹੀਂ ਕਰੇਗਾ।

-----

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 77**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

----

### ਬਲਾਚੌਰ ਬੇਟ ਇਲਾਕੇ ਵਿੱਚ ਸਕੂਲ ਅਪਗ੍ਰੇਡ ਕਰਨਾ

***427. ਸ਼੍ਰੀ ਦਰਸ਼ਨ ਲਾਲ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਚੌਰ ਹਲਕੇ ਦੇ ਤਿੰਨ ਹਾਈ ਸਕੂਲਾਂ ਮਹਿਤਪੁਰ, ਗਰਲੂਆ ਬੇਟ ਅਤੇ ਮੁੱਤੋ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹ ਸਕੂਲ ਅਗਲੇ ਸੈਸ਼ਨ ਤੋਂ ਅੱਪਗ੍ਰੇਡ ਹੋ ਜਾਣਗੇ?

**ਸ਼੍ਰੀਮਤੀ ਅਰੁਨਾ ਚੌਧਰੀ:** ਨਹੀਂ ਜੀ।

**ਸ਼੍ਰੀ ਦਰਸ਼ਨ ਲਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ। ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ 35 ਕਿਲੋਮੀਟਰ ਦਾ ਏਰੀਆ ਬੇਟ ਦਾ ਹੈ, ਜਿੱਥੇ ਸਿਰਫ 4 ਹੀ ਹਾਈ ਸਕੂਲ ਹਨ। ਇਹ ਪੱਛੜਿਆ ਇਲਾਕਾ ਹੈ, ਬੱਚੇ ਦੂਰ ਜਾ ਕੇ ਪੜ੍ਹ ਨਹੀਂ ਸਕਦੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਉਤੇ ਦੁਬਾਰਾ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਸਕੂਲਾਂ ਨੂੰ ਜ਼ਰੂਰ ਅੱਪਗਰੇਡ ਕਰਨਾ ਚਾਹੀਦਾ ਹੈ। ਮੈਂ ਮੰਤਰੀ ਜੀ ਨੂੰ ਫਿਰ ਦੁਬਾਰਾ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਸਕੂਲਾਂ ਵਿੱਚੋਂ ਕਿਸੇ ਨੂੰ ਅੱਪਗਰੇਡ ਕਰਨਗੇ ਜਾਂ ਨਹੀਂ?

---

** For Starred Question No. 77 and reply thereto, please see Appendix to this Debate

**ਮਾਨਯੋਗ ਸਪੀਕਰ :** ਅਰੁਨਾ ਜੀ, ਇਹ ਕਹਿੰਦੇ ਹਨ ਕਿ 35 ਕਿਲੋਮੀਟਰ ਲੰਬਾ ਬੇਟ ਦਾ ਏਰੀਆ ਹੈ। ਕੀ ਵਿਚਾਰ ਕਰੋਗੇ?

**ਰਾਜ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਸ ਵੇਲੇ ਸਰਕਾਰ ਕੋਲ ਇਸ ਤਰ੍ਹਾਂ ਦੀ ਕੋਈ ਪਰਪੋਜ਼ਲ ਨਹੀਂ ਹੈ। ਜਦੋਂ ਵੀ ਪਰਪੋਜ਼ਲ ਆਵੇਗੀ, ਇਸ ਤੇ ਵਿਚਾਰ ਕਰ ਲਿਆ ਜਾਵੇਗਾ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸ਼੍ਰੀ ਦਰਸ਼ਨ ਲਾਲ :** ਧੰਨਵਾਦ ਜੀ।

-----

## ਆਂਗਨਵਾੜੀ ਵਰਕਰਾਂ ਦਾ ਮਾਣ ਭੱਤਾ ਵਧਾਉਣਾ

*179. **1. ਸਰਦਾਰ ਗੁਰਕੀਰਤ ਸਿੰਘ:**

**2. ਸਰਦਾਰ ਕੁਲਬੀਰ ਸਿੰਘ ਜ਼ੀਰਾ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਆਂਗਨਵਾੜੀ ਵਰਕਰਾਂ ਦਾ ਮਾਣ ਭੱਤਾ ਵਧਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਵਧਾ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ, ਨਹੀਂ ਜੀ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਆਂਗਨਵਾੜੀ ਦੀ ਪੋਸਟ ਇੱਕ ਬੜੀ ਅਹਿਮ ਪੋਸਟ ਹੈ ਔਰ ਮੰਤਰੀ ਜੀ ਦਾ ਜਵਾਬ 'ਨਾ' ਵਿੱਚ ਆਇਆ ਹੈ। ਇਹ ਬਹੁਤ ਸਮੇਂ ਤੋਂ ਮੰਗ ਚੱਲੀ ਆ ਰਹੀ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦਰਖਾਸਤ ਕਰਦਾ ਹਾਂ ਕਿ ਇਨ੍ਹਾਂ ਦੇ ਭੱਤੇ ਜ਼ਰੂਰ ਵਧਾਏ ਜਾਣ ਅਤੇ ਇਸ ਸਬੰਧੀ ਸਰਕਾਰ ਆਸ਼ਵਾਸਨ ਦੇਵੇ ਕਿ ਇਹ ਭੱਤੇ ਕਦੋਂ ਤੱਕ ਵਧਾਏ ਜਾਣਗੇ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਲ 2005 ਤੋਂ ਲੈ ਕੇ ਸਾਲ 2016 ਤੱਕ ਕਈ ਵਾਰੀ ਮਾਣ ਭੱਤੇ ਵਧਾਏ ਜਾ ਚੁੱਕੇ ਹਨ। ਇਸ ਸਬੰਧੀ ਹੁਣ ਫਿਰ ਦੁਬਾਰਾ ਵਿਚਾਰ ਕਰ ਲਿਆ ਜਾਵੇਗਾ ਜੀ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਇਸ ਆਂਗਨਵਾੜੀ ਦੀ ਪੋਸਟ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਸਲਾਹ ਦੇਣਾ ਚਾਹੁੰਦਾ ਹਾਂ ਕਿ ਪਿੰਡ ਦੀ ਨੂੰਹ ਨੂੰ ਹੀ ਇਸ ਪੋਸਟ ਤੇ ਰੱਖਿਆ ਜਾਵੇ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ, ਸਲਾਹ ਨਾ ਦਿਓ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਸਵਾਲ ਹੀ ਹੈ। ਮੈਂ ਆਂਗਨਵਾੜੀ ਨਾਲ ਜੁੜੀ ਹੀ ਗੱਲ ਕਰ ਰਿਹਾ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਸ ਪੋਸਟ ਤੇ

ਪਿੰਡ ਦੀ ਕੁੜੀ ਨੂੰ ਰੱਖਿਆ ਜਾਂਦਾ ਹੈ ਤਾਂ ਉਸ ਦੇ ਵਿਆਹੁਣ ਉਪਰੰਤ ਇਹ ਪੋਸਟ ਪਿੱਛੋਂ ਖਾਲੀ ਹੋ ਜਾਂਦੀ ਹੈ ਤੇ ਫਿਰ ਬਹੁਤ ਲੰਮੇ ਸਮੇਂ ਤੱਕ ਇਹ ਪੋਸਟ ਖਾਲੀ ਰਹਿ ਜਾਂਦੀ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜਿਹੀ ਕੋਈ ਪਾਲਿਸੀ ਸਰਕਾਰ ਲੈ ਕੇ ਆਏਗੀ?

**ਰਾਜ ਮੰਤਰੀ :** ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਸਾਲ ਵਿੱਚ ਦੋ ਵਾਰ ਪੋਸਟਾਂ ਕੱਢੀਆਂ ਜਾਂਦੀਆਂ ਹਨ। ਉਸ ਹਿਸਾਬ ਨਾਲ ਜਿਹੜੀਆਂ ਪੋਸਟਾਂ ਖਾਲੀ ਹੁੰਦੀਆਂ ਹਨ, ਉਨ੍ਹਾਂ ਨੂੰ ਸਾਲ ਵਿੱਚ ਦੋ ਵਾਰ ਭਰਿਆ ਜਾਂਦਾ ਹੈ। ਇਸ ਪੋਸਟ ਲਈ ਜਿਹੜੇ ਇਲੀਜੀਬਲ ਹੁੰਦੇ ਹਨ ਉਨ੍ਹਾਂ ਨੂੰ ਲੈ ਲਿਆ ਜਾਂਦਾ ਹੈ।

**ਸਰਦਾਰ ਗੁਰਕੀਰਤ ਸਿੰਘ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਇਹੋ ਜਿਹੀ ਪਾਲਿਸੀ ਲਿਆਂਦੀ ਜਾਵੇ ਜਿਸ ਨਾਲ ਜਿਹੜੀ ਲੜਕੀ ਪਿੰਡ ਵਿੱਚ ਵਿਆਹ ਕੇ ਆਉਂਦੀ ਹੈ, ਉਸ ਨੂੰ ਇਸ ਪੋਸਟ ਤੇ ਰੱਖਿਆ ਜਾਵੇ ਕਿਉਂਕਿ ਉਸ ਨੇ ਤਾਂ ਪਿੰਡ ਵਿੱਚ ਹੀ ਰਹਿਣਾ ਹੁੰਦਾ ਹੈ, ਇਸ ਲਈ ਵਿਆਹੀ ਲੜਕੀ ਨੂੰ ਹੀ ਇਸ ਪੋਸਟ ਤੇ ਰੱਖਿਆ ਜਾਵੇ। ਪਿੰਡ ਦੀ ਲੜਕੀ ਦੇ ਵਿਆਹੇ ਜਾਣ ਉਪਰੰਤ ਤਾਂ ਇਹ ਪੋਸਟ ਖਾਲੀ ਹੋ ਜਾਂਦੀ ਹੈ ਜਿਸ ਨਾਲ ਕਾਫੀ ਦਿੱਕਤ ਆਉਂਦੀ ਹੈ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਧੰਨਵਾਦ ਜੀ।

----

## ਸਿਵਲ ਹਸਪਤਾਲ, ਸੁਲਤਾਨਪੁਰ ਲੋਧੀ ਵਿਖੇ ਡਾਕਟਰਾਂ ਦੀਆਂ ਅਸਾਮੀਆਂ ਭਰਨਾ

***280. ਸਰਦਾਰ ਨਵਤੇਜ ਸਿੰਘ ਚੀਮਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਿਵਲ ਹਸਪਤਾਲ, ਸੁਲਤਾਨਪੁਰ ਲੋਧੀ ਵਿਚ ਡਾਕਟਰਾਂ ਅਤੇ ਸਹਾਇਕ ਅਮਲੇ ਦੀਆਂ ਮੌਜੂਦਾ ਖਾਲੀ ਪਈਆਂ ਅਸਾਮੀਆਂ ਦੇ ਸ਼੍ਰੇਣੀ-ਵਾਰ ਵੇਰਵੇ ਕੀ ਹਨ;

(ਅ) ਕੀ ਇਸ ਹਸਪਤਾਲ ਵਿਚ ਇਨ੍ਹਾਂ ਅਸਾਮੀਆਂ ਨੂੰ ਭਰਨ ਅਤੇ ਸੰਪੂਰਨ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਅਤੇ ਹੋਰ ਮਸ਼ੀਨਾਂ ਦੇ ਪ੍ਰਬੰਧ ਕਰਨ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕੇ ਜਾ ਰਹੇ ਹਨ?

**Shri Brahm Mohindra:** Sir,

(A) There are 76 sanctioned posts of doctors and other staff at Sub

[ Health and Family Welfare Minister]

Divisional (Civil) Hospital, Sultanpur Lodhi, District Kapurthala, out of which 46 posts are filled and 30 posts are vacant. At this institution 01 post of Senior Medical Officer is sanctioned and it is filled. 16 posts of Medical Officers are sanctioned, out of which 09 posts are filled and 07 is vacant. 01 posts of Medical Officer (Dental) is sanctioned and it is filled. The category-wise detail of sanctioned, filled and vacant posts at Sub Divisional Hospital, Sultanpur Lodhi, District Kapurthala is placed at **Annexure "A".**

(B) Efforts are being made to fill up the vacant posts of Doctors and other staff. A 50 bedded hospital was constructed in the year 2000 at Sultanpur Lodhi and is in good condition. There are 30 bedded MCH wing has been constructed in the year 2015, which is a new building, as such no additional building is required in this hospital. Requisite equipments are available in this hospital list enclosed as **Annexure-'B'.**

**Annexure "A".**

The category-wise detail of sanctioned, filled and vacant posts of doctors and other staff at Sub-Divisional (Civil) Hospital, Sultanpur Lodhi, District Kapurthala is as under :-

| S.No. | Name of Post | | Sub-Divisional (Civil) Hospital, Sultanpur Lodhi | | |
|---|---|---|---|---|---|
| | | | Sanctioned | Filled | Vacant |
| 1 | Senior Medical Officer | | 01 | 01 | 00 |
| 2. | Medical officer (Specialist) | Medicine | 01 | 01 | 00 |
| | | Surgery | 01 | 01 | 00 |
| | | Gynae | 01 | 00 | 01 |
| | | Pathology | 01 | 00 | 01 |
| | | Ophtho. | 01 | 01 | 00 |

| | | | | | |
|---|---|---|---|---|---|
| | | Paed. | 01 | 00 | 01 |
| | | Radiology | 01 | 00 | 01 |
| | | Ortho | 01 | 01 | 00 |
| | | Anes. | 01 | 01 | 00 |
| 3 | Medical Officer | | 06 | 04 | 02 |
| 4 | Leave reserve (M.O.) | | 01 | 00 | 01 |
| 5 | Medical Officer (Dental) | | 01 | 01 | 00 |
| 6 | Nursing Sister | | 01 | 01 | 00 |
| 7 | Staff Nurse | | 10 | 07 | 03 |
| 8 | Chief Pharmacist | | 01 | 00 | 01 |
| 9 | Pharmacist | | 02 | 02 | 00 |
| 10 | Ophthalmic Officer | | 01 | 00 | 01 |
| 11 | SR Radiographer | | 01 | 01 | 00 |
| 12 | Radiographer | | 02 | 01 | 01 |
| 13 | Lab Technician Gr-1 | | 01 | 01 | 00 |
| 14 | Lab Technician, Gr-2 | | 05 | 03 | 02 |
| 15 | Accountant | | 01 | 00 | 01 |
| 16 | Clerk | | 02 | 02 | 00 |
| 17 | LHV | | 01 | 01 | 00 |
| 18 | ANM | | 03 | 02 | 01 |
| 19 | Driver | | 02 | 00 | 02 |
| 20 | O.T. Assistant | | 01 | 00 | 01 |
| 21 | Ward Attendant | | 12 | 08 | 04 |
| 22 | Chowkidar | | 01 | 01 | 00 |
| 23 | Mali | | 01 | 01 | 00 |

[ Health and Family Welfare Minister]

| | | | | |
|---|---|---|---|---|
| 24 | Dhobi | 01 | 00 | 01 |
| 25 | Sweeper | 06 | 02 | 04 |
| 26 | Computer Operator | 01 | 01 | 00 |
| 27 | Assistant | 01 | 00 | 01 |
| 28 | Counselor | 01 | 01 | 00 |
| | **Total** | **76** | **46** | **30** |

**Annexure-'B'**

**List of equipments in S.D.H. Sultanpur Lodhi**

**District Kapurthala**

| **S. No.** | **Name of equipment** | **Quantity** | **Status** |
|---|---|---|---|
| 1 | Electric Cattery | 2 | Functional |
| 2 | Semi Auto Analyzer | 1 | Functional |
| 3 | Blood Collection Monitor | 1 | Functional |
| 4 | Deep Freezer-20 | 2 | Functional |
| 5 | Bio Safety Cabinet | 1 | Functional |
| 6 | Elisa Reader cum Washer | 1 | Functional |
| 7 | Autoclave (H) | 4 | Functional |
| 8 | Autoclave (V) | 2 | Functional |
| 9 | Flash Autoclave | 1 | Functional |
| 10 | Operation Table (Hydraulic) | 4 | Functional |
| 11 | O T Ceiling Light | 2 | Functional |
| 12 | Boyles Apparatus | 3 | Functional |

| | | | |
|---|---|---|---|
| 13 | Fogging Machine | 1 | Functional |
| 14 | Eye Operating Microscope | 1 | Functional |
| 15 | Auto Refractor meter | 1 | Functional |
| 16 | Slit Lamp | 1 | Functional |
| 17 | Photo Therapy Unit Double Surface (CFL Based) | 1 | Functional |
| 18 | Radiant (Baby Warmer) | 5 | Functional |
| 19 | .Dental Chair Unit | 1 | Functional |
| 20 | .Dental X-ray | 1 | Functional |
| 21 | .C Arm Machine | 1 | Functional |
| 22 | Mortuary Deep Freezer | 3 | Functional |
| 23 | ECG Machine | 2 | Functional |
| 24 | X-ray Machines -300mA | 1 | Functional |
| 25 | Water Bath | 1 | Functional |
| 26 | Pulse Oxy Meter | 1 | Functional |
| 27 | Centrifuge Machine | 2 | Functional |
| 28 | .Examination Mobile Light | 3 | Functional |
| 29 | .Suction Machine | 10 | Functional |
| 30 | .Microscope | 2 | Functional |
| 31 | .Nebulizer | 1 | Functional |
| 32 | .Bilirubino Meter | 1 | Functional |
| 33 | Rotary Shaker | 1 | Functional |
| 34 | Sterilizer | 6 | Functional |
| 35 | Ice Lining Refrigerator | 1 | Functional |
| 36 | X-ray Film Viewer | 1 | Functional |

[ Health and Family Welfare Minister]

| | | | |
|---|---|---|---|
| 37 | Digital DP Machine | 2 | Functional |
| 38 | Needle Destroyer | 9 | Functional |
| 39 | Fetal Doppler | 1 | Functional |
| 40 | Laryngoscope | 2 | Functional |
| 41 | Baby Weighing Machine | 4 | Functional |

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਇੰਨੇ ਵੱਡੇ ਹਸਪਤਾਲ ਵਿੱਚ ਐਂਬੂਲੈਂਸ ਤਾਂ ਹੈ ਪਰ ਕਾਫੀ ਸਮੇਂ ਤੋਂ ਕੋਈ ਡਰਾਈਵਰ ਨਹੀਂ ਹੈ ਤੇ ਜੇ ਉੱਥੋਂ ਮਰੀਜ਼ ਨੂੰ ਕਿਤੇ ਲਿਜਾਣਾ ਹੋਵੇ ਤਾਂ ਬਹੁਤ ਮੁਸ਼ਕਿਲ ਆਉਂਦੀ ਹੈ। ਸਪੀਕਰ ਸਾਹਿਬ, ਦੂਜੀ ਗੱਲ ਹੈ ਕਿ ਇਹ 30 ਬੈੱਡ ਦਾ ਹਸਪਤਾਲ ਬਾਅਦ ਵਿੱਚ ਬਣਿਆ ਹੈ, ਉਸ ਦੀ ਬਿਲਡਿੰਗ ਵੀ ਨਵੀਂ ਬਣ ਗਈ ਹੈ ਪਰ ਉੱਥੇ ਅਜੇ ਤੱਕ ਕੋਈ ਸਟਾਫ ਨਹੀਂ ਲਗਾਇਆ ਗਿਆ ਹੈ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਤਾਂ ਉੱਥੇ ਡਰਾਈਵਰ ਬਹੁਤ ਜ਼ਰੂਰੀ ਹੈ ਤੇ ਸਾਨੂੰ ਸਟਾਫ ਵੀ ਉੱਥੇ ਮੁਹੱਈਆ ਕਰਵਾਇਆ ਜਾਵੇ। ਉੱਥੇ ਇਸ ਤਰ੍ਹਾਂ ਦੇ ਕਈ ਲੋਕ ਹਨ ਜਿਹੜੇ ਹਸਪਤਾਲ ਨੂੰ ਡਾਇਲਾਸਿਜ ਦੀ ਮਸ਼ੀਨ ਡੋਨੇਟ ਕਰਨ ਲਈ ਤਿਆਰ ਹਨ ਪਰ ਜੇ ਸਾਨੂੰ ਉੱਥੇ ਸਟਾਫ ਮਿਲ ਜਾਵੇ ਤਾਂ ਕਾਫੀ ਐਨ.ਆਰ.ਆਈਜ਼. ਵੀ ਉੱਥੇ ਪੈਸਾ ਖਰਚਣ ਲਈ ਤਿਆਰ ਹਨ। ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਨਾਲ ਹੀ ਸਾਲ 2019 ਆ ਰਿਹਾ ਹੈ, ਸਾਲ 2019 ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਜਨਮ ਸ਼ਤਾਬਦੀ ਹੈ। ਉੱਥੇ ਬਹੁਤ ਐਨ.ਆਰ.ਆਈਜ਼ ਅਤੇ ਸਾਰੇ ਦੇਸ਼ਾਂ ਤੋਂ ਲੋਕ ਆਉਂਦੇ ਹਨ। ਮੇਰੀ ਮੰਗ ਇਹ ਹੈ ਕਿ ਇਸ ਵਾਸਤੇ ਬਹੁਤ ਜ਼ਰੂਰੀ ਧਿਆਨ ਦੇਣ ਦੀ ਲੋੜ ਹੈ।

**ਮੰਤਰੀ :** ਸਪੀਕਰ ਸਾਹਿਬ, ਇਹ ਗੱਲ ਇਨ੍ਹਾਂ ਨੇ ਬੜੀ ਠੀਕ ਕਹੀ ਹੈ। ਹਸਪਤਾਲ ਦੀ ਬਿਲਡਿੰਗ ਬਹੁਤ ਸੋਹਣੀ ਬਣੀ ਹੋਈ ਹੈ। ਮੈਂ ਸਮਝਦਾ ਹਾਂ ਕਿ ਸਾਰੇ ਪੰਜਾਬ ਵਿੱਚ ਬਹੁਤ ਅੱਛੀਆਂ ਬਿਲਡਿੰਗਾਂ ਬਣੀਆਂ ਹੋਈਆਂ ਹਨ। Equipments ਵੀ ਆਏ ਹੋਏ ਹਨ ਪਰ ਮੈਨੂੰ ਸਮਝ ਨਹੀਂ ਆਇਆ ਕਿ ਪਿਛਲੀ ਸਰਕਾਰ ਨੇ ਕੀ ਕੀਤਾ ਹੈ ਕਿ ਜਿੱਥੇ ਬਿਲਡਿੰਗਾਂ ਬਣ ਗਈਆਂ ਉੱਥੇ ਸਟਾਫ ਹੀ ਨਹੀਂ ਹੈ। ਜਿੱਥੇ ਅੱਛੇ Equipments ਲਿਆਂਦੇ ਉੱਥੇ ਰੈਡੀਓਲੋਜਿਸਟ ਨਹੀਂ ਹਨ, ਰੇਡੀਓਗ੍ਰਾਫਰ ਨਹੀਂ ਹਨ, ਟੈਕਨੀਸ਼ੀਅਨ ਨਹੀਂ ਹਨ। ਮੈਂ ਇਸ ਗੱਲ ਨੂੰ ਸਮਝ ਨਹੀਂ ਪਾਇਆ ਕਿ ਇੰਨੀ ill planning ਸੀ ਕਿ ਪਹਿਲਾਂ ਬਿਲਡਿੰਗਾਂ ਬਣਾ ਲਓ, ਸਟਾਫ ਰੱਖਣ ਦੀ ਗੱਲ ਨਾ ਕਰੋ । ਇਕੁਇਪਮੈਂਟ ਮੰਗਵਾ ਲਓ ਤੇ ਟੈਕਨੀਸ਼ੀਅਨ

ਰੱਖਣ ਦੀ ਗੱਲ ਨਾ ਕਰੋ । ਬਾਕੀ ਜਿਹੜੀ ਇਨ੍ਹਾਂ ਨੇ ਡਰਾਈਵਰਾਂ ਦੀ ਘਾਟ ਦੀ ਗੱਲ ਕੀਤੀ ਹੈ, ਇਹ ਸੀਰੀਅਸ ਮੈਟਰ ਹੈ । ਮੈਂ ਇਸ ਮਾਮਲੇ ਵਿੱਚ ਜ਼ਰੂਰ ਦੇਖਾਂਗਾ ਤੇ ਐਂਬੂਲੈਂਸ ਵਾਸਤੇ ਡਰਾਈਵਰ ਜਲਦੀ ਦੇ ਦਿੱਤੇ ਜਾਣਗੇ ।

**ਮਾਨਯੋਗ ਸਪੀਕਰ :** ਡਰਾਈਵਰ ਦੇ ਦਿਓ ਜੀ।

**ਮੰਤਰੀ :** ਸਪੀਕਰ ਸਾਹਿਬ, ਐਂਬੂਲੈਂਸ ਵਾਸਤੇ ਜਲਦੀ ਡਰਾਈਵਰ ਦੇ ਦਿੱਤੇ ਜਾਣਗੇ ।

**ਸਰਦਾਰ ਬਲਦੇਵ ਸਿੰਘ :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ । ਇਸ ਸਦਨ ਵਿੱਚ ਘੱਟੋ ਘੱਟ 8-9 ਹਸਪਤਾਲਾਂ ਬਾਰੇ ਗੱਲ ਹੋ ਚੁੱਕੀ ਹੈ । ਮੇਰੇ ਜੈਤੋ ਹਲਕੇ ਨਾਲ ਸਵਾਲ ਸੀ । ਮੈਂ ਸਵਾਲ ਪਾਇਆ ਸੀ .....

**ਮਾਨਯੋਗ ਸਪੀਕਰ :** ਉਹ ਲੱਗ ਜਾਵੇਗਾ ।ਤੁਸੀਂ ਉਸ ਸਵਾਲ ਨੂੰ ਇਸ ਸਵਾਲ ਨਾਲ ਕਲੱਬ ਨਾ ਕਰੋ । (ਵਿਘਨ) ਤੁਸੀਂ ਕਲੱਬ ਨਹੀਂ ਕਰ ਸਕਦੇ ਜੀ।

**ਸਰਦਾਰ ਬਲਦੇਵ ਸਿੰਘ :** ਸਪੀਕਰ ਸਾਹਿਬ, ਮੈਂ ਸਵਾਲ ਹੀ ਕਰਨਾ ਹੈ ।

**ਮਾਨਯੋਗ ਸਪੀਕਰ :** ਤੁਸੀਂ ਹੀ ਦੱਸ ਰਹੇ ਹੋ ਕਿ ਤੁਸੀਂ ਸਵਾਲ ਦਿੱਤਾ ਹੋਇਆ ਹੈ । ਉਹ ਲੱਗ ਜਾਵੇਗਾ।

**ਸਰਦਾਰ ਬਲਦੇਵ ਸਿੰਘ :** ਸਪੀਕਰ ਸਾਹਿਬ, ਇੱਕ ਮਿੰਟ, ਪਲੀਜ਼ । ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਸਮਾਂ-ਬੱਧ ਕਰਨ ਕਿ ਕਦੋਂ ਤੱਕ ਖਾਲੀ ਪੋਸਟਾਂ ਨੂੰ ਭਰ ਦਿੱਤਾ ਜਾਵੇਗਾ ?

**ਸਰਦਾਰ ਰਣਦੀਪ ਸਿੰਘ ਨਾਭਾ :** ਸਪੀਕਰ ਸਾਹਿਬ, ਇਹ ਸਵਾਲ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਭਰਨ ਲਈ ਸੀ। ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਬੜੇ ਹੀ ਸਤਿਕਾਰਯੋਗ ਹਨ । ਮਨਸ਼ਾ ਵੀ ਅੱਛੀ ਹੈ, ਕੋਸ਼ਿਸ਼ ਵੀ ਕਰ ਰਹੇ ਹਾਂ । ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਸੀ ਤੇ ਇਨ੍ਹਾਂ ਨੇ ਡਾਕਟਰਜ਼ ਭੇਜੇ ਸਨ। ਲੇਕਿਨ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਡਾਕਟਰਾਂ ਦੀਆਂ ਪੋਸਟਿੰਗ ਕਰਦੇ ਹਨ, ਉਹ ਡਾਕਟਰ ਹਾਜ਼ਰੀ ਲਗਾ ਕੇ on leave ਚਲੇ ਜਾਂਦੇ ਹਨ । ਇਸ ਲਈ ਵਿਸ਼ੇਸ਼ ਤੌਰ ਤੇ ਕੋਈ ਪਾਲਿਸੀ ਬਣਾਉਣੀ ਚਾਹੀਦੀ ਹੈ ਕਿਉਂਕਿ ਸਰਕਾਰ ਵਚਨਬੱਧ ਹੈ ਕਿ ਅਸੀਂ ਹੈਲਥ ਸੈਕਟਰ ਨੂੰ ਤਵੱਜੋ ਦੇਣੀ ਹੈ । ਮੈਂ ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਜਿਹੜੇ ਡਾਕਟਰ ਛੁੱਟੀ ਲੈ ਕੇ ਪੋਸਟਿੰਗ ਤੇ ਨਹੀਂ ਪਹੁੰਚ ਰਹੇ ਜਾਂ ਛੱਡ ਕੇ ਜਾ ਰਹੇ ਹਨ, ਉਨ੍ਹਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਲੋੜ ਹੈ ਤਾਂ ਕਿ ਇੱਕ ਉਦਾਹਰਣ ਬਣੇ ਅਤੇ ਡਾਕਟਰ ਬਕਾਇਦਾ ਆਪਣੇ ਸਟੇਸ਼ਨਾਂ ਤੇ ਰਹਿਣ ।

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਐਂਬਸੈਂਟਿਜ਼ਮ ਦੀ ਸ਼ਿਕਾਇਤ ਹੈ, ਇਹ ਸਾਰੇ ਪਾਸੇ ਤੋਂ ਕਾਫੀ ਆ ਰਹੀ ਹੈ । ਇਸ ਲਈ ਮਾਈਂਡ ਸੈੱਟ ਬਦਲਣਾ ਪੈਣਾ ਹੈ । ਇਸ ਵਾਸਤੇ ਜਿਹੜਾ ਪਿਛਲੇ ਪੰਜ ਸਾਲ ਦਾ ਕਲਚਰ ਸੀ, ਉਹ ਬਦਲਣਾ ਪੈਣਾ ਹੈ । ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਵੀ ਕੋਈ ਕਮੀ ਹੈ, ਮੈਂ ਉਸ ਨੂੰ ਜਲਦੀ ਪੂਰਾ ਕਰਾਂਗਾ ।

----

**ਲੁਧਿਆਣਾ ਸ਼ਹਿਰ ਵਿੱਚ ਸੜਕਾਂ ਦੀ ਸਫਾਈ ਲਈ ਮਸ਼ੀਨਾਂ**

*285. 1. **ਸ਼੍ਰੀ ਰਾਕੇਸ਼ ਪਾਂਡੇ:**

2. **ਸ਼੍ਰੀ ਭਾਰਤ ਭੂਸ਼ਣ ਆਸ਼ੂ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਲੁਧਿਆਣਾ ਸ਼ਹਿਰ ਵਿੱਚ ਸੜਕਾਂ ਦੀ ਸਫਾਈ ਕਰਨ ਲਈ ਕਿੰਨੀਆਂ ਸਫਾਈ ਮਸ਼ੀਨਾਂ ਤਾਇਨਾਤ ਕੀਤੀਆਂ ਗਈਆਂ ਹਨ ਅਤੇ ਇਸ ਕੰਮ ਉਤੇ ਤਾਇਨਾਤ ਕੀਤੇ ਕਰਮਚਾਰੀਆਂ ਦੀ ਤਨਖਾਹ ਸਮੇਤ ਪ੍ਰਤੀ ਮਹੀਨਾ ਕਿੰਨੀ ਰਾਸ਼ੀ ਖਰਚ ਕੀਤੀ ਜਾ ਰਹੀ ਹੈ ਅਤੇ ਅਜਿਹੀ ਹਰ ਇੱਕ ਮਸ਼ੀਨ ਦੀ ਕੀਮਤ ਕਿੰਨੀ ਹੈ;

(ਅ) ਕੀ ਉਕਤ ਮਸ਼ੀਨਾਂ ਦੁਆਰਾ ਕੀਤੀ ਸੜਕਾਂ ਦੀ ਸਫਾਈ ਦਾ ਕੰਮ ਤਸੱਲੀਬਖਸ਼ ਕੀਤਾ ਜਾ ਰਿਹਾ ਹੈ ਅਤੇ ਲੋਕ ਸੰਤੁਸ਼ਟ ਹਨ ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਲੁਧਿਆਣਾ ਸ਼ਹਿਰ ਦੀਆਂ 83.73 ਕਿਲੋਮੀਟਰ ਮੁੱਖ ਸੜਕਾਂ ਦੀ ਸਫਾਈ ਕਰਨ ਲਈ ਕੁੱਲ 3 ਸਫਾਈ ਮਸ਼ੀਨਾਂ ਤਾਇਨਾਤ ਕੀਤੀਆਂ ਗਈਆਂ ਹਨ। ਮਸ਼ੀਨਾਂ ਰਾਹੀਂ ਸ਼ਹਿਰ ਦੀਆਂ ਮੁੱਖ ਸੜਕਾਂ ਦੀ ਸਫਾਈ ਕਰਨ ਦਾ ਕੰਮ ਈ-ਟੈਂਡਰ ਪ੍ਰਣਾਲੀ ਰਾਹੀਂ ਆਊਟ ਸੋਰਸ ਕੀਤਾ ਗਿਆ ਹੈ ਅਤੇ ਇਹ ਕੰਮ ਮੈਸ. ਲਾਇਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦੁਆਰਾ ਕੀਤਾ ਜਾ ਰਿਹਾ ਹੈ।

ਸਫਾਈ ਮਸ਼ੀਨਾਂ ਨਾਲ ਕੰਮ ਕਰ ਰਹੇ ਸਾਰੇ ਵਿਅਕਤੀ ਆਊਟ ਸੋਰਸ ਕੰਪਨੀ ਦੇ ਹਨ। ਮਸ਼ੀਨਾਂ ਰਾਹੀਂ ਲੁਧਿਆਣਾ ਸ਼ਹਿਰ ਦੀਆਂ ਮੁੱਖ ਸੜਕਾਂ ਦੀ ਸਫਾਈ ਦਾ ਖਰਚਾ 97000 ਰੁਪਏ ਪ੍ਰਤੀ ਕਿਲੋਮੀਟਰ ਪ੍ਰਤੀ ਮਹੀਨਾ ਹੈ । ( ਇੱਕ ਮਹੀਨੇ ਦਾ ਕੁੱਲ ਖਰਚਾ 76.38 ਲੱਖ ਰੁਪਏ ਹੈ।)

(ਅ) ਸਫਾਈ ਦੇ ਕੰਮ ਦਾ ਰਿਵਿਊ ਕੀਤਾ ਜਾ ਰਿਹਾ ਹੈ ਅਤੇ ਮਹਿੰਗਾ ਪੈ ਰਿਹਾ ਹੈ। ਇਹ ਚੀਫ ਮਨਿਸਟਰ ਸਾਹਿਬ ਦੀ ਹਦਾਇਤ ਵੀ ਸੀ ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਕੰਮ ਮਹਿੰਗਾ

ਪੈ ਰਿਹਾ ਹੈ। 80 ਲੱਖ ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ 10 ਕਰੋੜ ਰੁਪਿਆ ਸਲਾਨਾ ਸਾਨੂੰ ਦੇਣਾ ਪੈ ਰਿਹਾ ਹੈ। ਜੇ ਮਸ਼ੀਨਾਂ ਦੀ ਕਾਸਟ ਦੇਖ ਲਈਏ, ਇਹ ਕਰੋੜ-ਦੋ ਕਰੋੜ ਰੁਪਏ ਦੀਆਂ ਆ ਜਾਣਗੀਆਂ । ਇਸ ਲਈ ਕੀ ਮੰਤਰੀ ਸਾਹਿਬ ਇਹੋ ਜਿਹਾ ਉਪਰਾਲਾ ਕਰਨਗੇ ਕਿ ਇਹ ਮਸ਼ੀਨਾਂ ਆਪ ਖਰੀਦ ਕੇ ਇਹ ਕੰਮ ਆਪਣੇ ਸਟਾਫ ਤੋਂ ਕਰਵਾਇਆ ਜਾਵੇਗਾ ਤਾਂ ਕਿ ਸਾਲ ਦਾ ਕਾਰਪੋਰੇਸ਼ਨ ਦਾ ਕਰੋੜਾਂ ਰੁਪਏ ਦਾ ਪੈਸਾ ਬਚ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਪਰਮਾਤਮਾ ਤੋਂ ਜਿਨ੍ਹਾਂ ਨੇ ਕੰਮ ਕਰਵਾਉਣੇ ਹੁੰਦੇ ਹਨ, ਉਨ੍ਹਾਂ ਨੂੰ ਬੁੱਧੀ ਦੇ ਦਿੰਦਾ ਹੈ ਤੇ ਜਿਨ੍ਹਾਂ ਦਾ ਵਿਗਾੜਨਾ ਹੁੰਦਾ ਹੈ, ਵਿਨਾਸ਼ ਕਾਲੇ ਵਿਪਰੀਤ ਬੁੱਧੀ । ਇਨ੍ਹਾਂ ਨੇ ਗੱਲ ਬਿਲਕੁਲ ਸਹੀ ਕਹੀ ਹੈ ਕਿ ਜੇ ਦੋ ਮਸ਼ੀਨਾਂ ਸਰਕਾਰ ਖਰੀਦੇ ਤੇ ਇੱਕ ਕਰੋੜ 75 ਲੱਖ ਰੁਪਏ ਦੀ ਇੱਕ ਮਸ਼ੀਨ ਹੈ ਤੇ ਸਾਢੇ ਤਿੰਨ ਕਰੋੜ ਰੁਪਏ ਦੀਆਂ ਦੋ ਮਸ਼ੀਨਾਂ ਆ ਜਾਣਗੀਆਂ । ਜਿਹੜਾ ਅਸੀਂ ਸਾਲ ਦਾ ਖਰਚਾ ਆਊਟ ਸੋਰਸ ਉਤੇ ਕਰਦੇ ਹਾਂ ਉਹ ਤਾਂ ਦਸ ਕਰੋੜ ਰੁਪਿਆ ਹੈ । ਇਹ ਮਸ਼ੀਨ ਵੀ ਸਰਕਾਰ ਦੀ ਪੰਜ ਸਾਲ ਲਈ ਬਣ ਜਾਵੇਗੀ ਤੇ ਪੰਜਾਹ ਲੱਖ ਰੁਪਏ ਵਿੱਚ ਕੰਮ ਆਊਟ ਸੋਰਸ ਹੋ ਜਾਵੇਗਾ । ਇਸ ਨਾਲ ਅਸੀਂ ਚਾਰ ਕਰੋੜ ਰੁਪਏ ਵਿੱਚ ਪੰਜ ਸਾਲ ਦਾ ਕੰਮ ਚਲਾ ਸਕਦੇ ਹਾਂ । ਇਨ੍ਹਾਂ ਨੂੰ ਪੁੱਛੋ, ਇਨ੍ਹਾਂ ਨੇ ਪਹਿਲਾਂ ਕਿਉਂ ਨਹੀਂ ਸੋਚਿਆ, ਵਿਨਾਸ਼ ਕਾਲੇ, ਵਿਪਰੀਤ ਬੁੱਧੀ । ਅਸੀਂ ਤਾਂ ਕਹਿੰਦੇ, ਨਾ ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਹੀ ਚੋਖਾ ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੰਤਰੀ ਜੀ ਨੂੰ ਇਹ ਦੱਸਣ ਵਿੱਚ ਵੀ ਬੜੀ ਖੁਸ਼ੀ ਹੋਵੇਗੀ ਕਿ ਇਹ ਜਿਹੜੀ ਲਾਇਨਜ਼ ਕੰਪਨੀ ਹੈ, ਇਹ ਕਿਹੜੇ ਜੰਗਲ ਦੇ ਸ਼ੇਰਾਂ ਦੀ ਕੰਪਨੀ ਹੈ । ਇਸ ਬਾਰੇ ਕੋਈ ਚਾਨਣਾ ਪਾਉਣਗੇ ? ਕੌਣ ਇਸ ਕੰਪਨੀ ਦੇ ਮਾਲਕ ਹਨ ? ਇਹ ਕਿਹੜੇ ਸ਼ੇਰਾਂ ਦੀ ਕੰਪਨੀ ਹੈ ?

**ਮਾਨਯੋਗ ਸਪੀਕਰ :** ਇਹ ਕੰਪਨੀ ਬਾਰੇ ਵੀ ਪੁੱਛਦੇ ਹਨ ਜੀ।

**ਮੰਤਰੀ :** ਵੇਖੋ ਜੀ, ਸ਼ੇਰ ਨਾਮ ਰੱਖਣ ਨਾਲ ਤਾਂ ਕੋਈ ਸ਼ੇਰ ਹੋ ਨਹੀਂ ਜਾਂਦਾ ਲੇਕਿਨ ਅਸੀਂ ਪੜਤਾਲ ਕਰਾਂਗੇ। ਜੇ ਮਾਨਯੋਗ ਮੈਂਬਰ ਸਾਹਿਬ ਸਾਨੂੰ ਲਿਖਤੀ ਦੇਣ, ਤਹਿ ਤੱਕ ਪਹੁੰਚ ਜਾਵਾਂਗੇ ਜੀ, ਪੋਤੜੇ ਫਰੋਲ ਦੇਵਾਂਗੇ।

**ਮਾਨਯੋਗ ਸਪੀਕਰ :** ਤੁਸੀਂ ਲਿਖਤੀ ਦਿਉ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਠੀਕ ਹੈ ਜੀ।

------

## ਸੁੱਕੇ ਦਰੱਖਤਾਂ ਨੂੰ ਕੱਟਣਾ

*232. **ਸ਼੍ਰੀ ਮਦਨ ਲਾਲ ਜਲਾਲਪੁਰ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

[ ਸ਼੍ਰੀ ਮਦਨ ਲਾਲ ਜਲਾਲਪੁਰ ]

ਕੀ ਬਹਾਦਰਗੜ੍ਹ-ਸ਼ੰਭੂ ਸੜਕ ਤੇ ਸੁੱਕੇ ਦਰੱਖਤਾਂ ਦੇ ਸੜਕ ਤੇ ਆ ਜਾਣ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਣ ਦੇ ਮੱਦੇਨਜ਼ਰ ਉਨ੍ਹਾਂ ਦਰੱਖਤਾਂ ਨੂੰ ਚਾਲੂ ਵਿੱਤੀ ਸਾਲ ਦੌਰਾਨ ਕੱਟਣ ਲਈ ਸਰਕਾਰ ਦੀ ਕੋਈ ਯੋਜਨਾ ਹੈ?

**ਸਰਦਾਰ ਸਾਧੂ ਸਿੰਘ ਧਰਮਸੋਤ:** ਸ਼੍ਰੀਮਾਨ ਜੀ, ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ 2017-18 ਦੌਰਾਨ ਬਹਾਦਰਗੜ੍ਹ-ਸ਼ੰਭੂ ਸੜਕ ਤੋਂ ਸੁੱਕੇ ਡਿੱਗੇ ਰੁੱਖ ਕਟਵਾਉਣ ਲਈ ਪ੍ਰੋਵੀਜ਼ਨ ਕੀਤੀ ਗਈ ਹੈ। ਪੀ.ਡਬਲਯੂ..ਡੀ. ਵਿਭਾਗ ਵੱਲੋਂ ਸੜਕ ਨੂੰ ਚੌੜਾ ਕਰਨ ਲਈ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਕੇਸ ਭੇਜਿਆ ਗਿਆ ਹੈ, ਜਿਸ ਦੀ ਇੰਨ-ਪ੍ਰਿੰਸੀਪਲ ਪ੍ਰਵਾਨਗੀ ਪ੍ਰਾਪਤ ਹੋ ਗਈ ਹੈ, ਜਿਸ ਵਿੱਚ 6299 ਰੁੱਖ ਕੱਟੇ ਜਾਣਗੇ। ਮਾਨਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਰੁੱਖਾਂ ਦੀ ਕਟਾਈ ਤੇ ਰੋਕ ਲਗਾਈ ਹੋਣ ਕਾਰਨ ਇਨ੍ਹਾਂ ਰੁੱਖਾਂ ਦੀ ਕਟਾਈ ਰੁਕੀ ਹੋਈ ਹੈ।

**ਸ਼੍ਰੀ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਸਾਲ 2017-18 ਵਿੱਚ ਸੁੱਕੇ ਦਰੱਖਤ ਕਟਵਾਉਣ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ।ਸਪੀਕਰ ਸਾਹਿਬ, ਇਹ ਜਿਹੜੀ ਬਹਾਦਰਗੜ੍ਹ ਤੋਂ ਵਾਇਆ ਘਨੌਰ ਸ਼ੰਭੂ ਸੜਕ ਹੈ, ਇਸ ਦੀ ਚੌੜਾਈ ਬਹੁਤ ਘੱਟ ਹੈ। ਇਸ ਦੀ ਬਰਮ ਤੇ ਸੁੱਕੇ ਦਰੱਖਤ ਹਨ। ਜਦੋਂ ਕੋਈ ਹਨੇਰੀ ਝੱਖੜ ਆਉਂਦਾ ਹੈ ਤਾਂ ਇਹ ਦਰੱਖਤ ਟੇਡੇ ਹੋ ਕੇ ਸੜਕ ਦੇ ਵਿੱਚ ਡਿੱਗ ਪੈਂਦੇ ਹਨ ਔਰ ਕਈ ਵਾਰ ਇਥੇ ਐਕਸੀਡੈਂਟ ਹੋ ਕੇ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ।

**ਮਾਨਯੋਗ ਸਪੀਕਰ :** ਪਲੀਜ਼ ਸਵਾਲ ਪੁੱਛੋ। ਮਦਨ ਲਾਲ ਜੀ, ਸਵਾਲ ਪੁੱਛੋ।

**ਸ਼੍ਰੀ ਮਦਨ ਲਾਲ ਜਲਾਲਪੁਰ :** ਇੱਕ ਤਾਂ ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਟਾਈਮ ਬਾਊਂਡ ਕਰਨ ਕਿ ਇਹ ਕਦੋਂ ਤੱਕ ਦਰੱਖਤ ਕੱਟੇ ਜਾਣਗੇ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ। ਇਹ ਦਰੱਖਤ ਕੱਟਣ ਦੇ ਨਾਲ ਇਨ੍ਹਾਂ ਦੀ ਥਾਂ ਤੇ ਨਵੇਂ ਦਰੱਖਤ ਵੀ ਲਗਾਏ ਜਾਣ ਤਾਂ ਕਿ ਵਾਤਾਵਰਣ ਖਰਾਬ ਨਾ ਹੋ ਸਕੇ।

**ਮਾਨਯੋਗ ਸਪੀਕਰ :** ਮੰਤਰੀ ਜੀ ਕੋਈ ਸਮਾਂ ਦੱਸ ਸਕਦੇ ਹੋ, ਕੋਈ ਟਾਈਮ ਲਿਮਟ ਦੱਸ ਸਕਦੇ ਹੋ?

**ਮੰਤਰੀ :** ਸਪੀਕਰ ਸਾਹਿਬ, ਮੈਂ ਇਹ ਦੱਸ ਚੁੱਕਿਆ ਹਾਂ ਕਿ ਜਦੋਂ ਵੀ ਪ੍ਰਵਾਨਗੀ ਆ ਗਈ, ਇਹ ਕਟਾ ਦੇਣੇ ਹਨ।

**ਸ਼੍ਰੀ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ ....

**ਮਾਨਯੋਗ ਸਪੀਕਰ :** ਮਦਨ ਲਾਲ ਜੀ, ਜਵਾਬ ਆ ਗਿਆ ਹੈ।

**ਸ਼੍ਰੀ ਮਦਨ ਲਾਲ ਜਲਾਲਪੁਰ :** ਨਹੀਂ ਜੀ, ਨਹੀਂ।

**ਮਾਨਯੋਗ ਸਪੀਕਰ :** ਮਦਨ ਲਾਲ ਜੀ, ਜਵਾਬ ਆ ਗਿਆ ਹੈ।

**ਸ਼੍ਰੀ ਮਦਨ ਲਾਲ ਜਲਾਲਪੁਰ :** ਇਹ ਕਿੰਨੇ ਸਾਲਾਂ ਤੋਂ ਕੰਮ ਰੁਕਿਆ ਹੋਇਆ ਹੈ। ਪਹਿਲਾਂ ਵੀ ਜਦੋਂ ਮੈਂ ਐਮ.ਐਲ.ਏ. ਰਿਹਾ ਹਾਂ, ਉਦੋਂ ਵੀ ਮੈਂ ਵਿਧਾਨ ਸਭਾ ਵਿੱਚ ਕੁਐਸਚਨ ਲਗਾਏ ਸੀ ਪਰ ਅਜੇ ਤੱਕ, 7-8 ਸਾਲਾਂ ਦੇ ਵਿੱਚ ਇਹ ਦਰੱਖਤ ਨਹੀਂ ਕੱਟੇ ਗਏ।

**ਮਾਨਯੋਗ ਸਪੀਕਰ :** ਪਿਛਲੀ ਗੱਲ ਨਾ ਕਰੀਏ, ਅੱਜ ਮੰਤਰੀ ਜੀ ਨੇ ਐਸ਼ੋਰੈਂਸ ਦਿੱਤੀ ਹੈ।

**ਸ਼੍ਰੀ ਮਦਨ ਲਾਲ ਜਲਾਲਪੁਰ :** ਮੈਂ ਕਹਿੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕਰਨ ਕਿ ਕਿੰਨਾ ਸਮਾਂ ਲੱਗੇਗਾ, ਕਿੰਨੀ ਜਲਦੀ ਇਹ ਕਰਵਾ ਕੇ ਦੇਣਗੇ।

**ਮਾਨਯੋਗ ਸਪੀਕਰ :** ਨੈਕਸਟ, ਸਰਦਾਰ ਹਰਮਿੰਦਰ ਸਿੰਘ ਗਿੱਲ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਬਹੁਤ ਜ਼ਰੂਰੀ ਸਪਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਹੋ ਗਿਆ ਜੀ, ਉਨ੍ਹਾਂ ਦਾ ਜਵਾਬ ਆ ਗਿਆ ਹੈ, ਪਲੀਜ਼ ਬੈਠੋ, ਜਵਾਬ ਆ ਗਿਆ ਹੈ।

-----

## ਰਾਸ਼ਟਰੀ ਮਾਰਗ ਲਈ ਐਕਵਾਇਰ ਕੀਤੀ ਗਈ ਜ਼ਮੀਨ

*330. **ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੱਟੀ ਵਿਧਾਨ ਸਭਾ ਹਲਕੇ ਅੰਦਰ ਨਿਰਮਾਣ ਅਧੀਨ ਤਰਨਤਾਰਨ-ਹਰੀਕੇ ਰਾਸ਼ਟਰੀ ਮਾਰਗ ਲਈ ਐਕਵਾਇਰ ਕੀਤੀ ਗਈ ਪੰਚਾਇਤੀ ਜ਼ਮੀਨ ਬਦਲੇ ਮਿਲੇ 16 ਕਰੋੜ ਰੁਪਏ ਦੀ ਰਕਮ ਕਿਸ ਮੰਤਵ ਵਾਸਤੇ ਅਤੇ ਕਿਸ ਪਿੰਡ ਵਿੱਚ ਵਰਤੀ ਗਈ ਹੈ; ਜੇਕਰ ਇਹ ਵੱਡੀ ਰਕਮ ਖੁਰਦ-ਬੁਰਦ ਹੋਈ ਹੈ ਤਾਂ ਕੀ ਸਰਕਾਰ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕਰ ਰਹੀ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਪੱਟੀ ਵਿਧਾਨ ਸਭਾ ਹਲਕੇ ਅੰਦਰ ਨਿਰਮਾਣ ਅਧੀਨ ਤਰਨਤਾਰਨ-ਹਰੀਕੇ ਰਾਸ਼ਟਰੀ ਮਾਰਗ ਲਈ ਐਕਵਾਇਰ ਕੀਤੀ ਗਈ ਪੰਚਾਇਤੀ ਜ਼ਮੀਨ ਬਦਲੇ ਮਿਲੀ 1531.10 ਲੱਖ ਰੁਪਏ ਦੀ ਰਕਮ ਬਲਾਕ ਪੱਟੀ ਦੀਆਂ 3 ਪੰਚਾਇਤਾਂ, ਬਲਾਕ ਨੌਸ਼ਹਿਰਾ ਪੰਨੂਆਂ ਦੀਆਂ 10 ਪੰਚਾਇਤਾਂ ਅਤੇ ਪੰਚਾਇਤ ਸੰਮਤੀ ਨੌਸ਼ਹਿਰਾ ਪੰਨੂਆਂ ਨੂੰ ਮਿਲੀ ਸੀ। ਸਬੰਧਤ ਗਰਾਮ ਪੰਚਾਇਤਾਂ ਨੇ ਇਹ ਰਾਸ਼ੀ ਆਪਣੇ ਸਭਾ ਖੇਤਰ ਵਿੱਚ ਵੱਖ-ਵੱਖ ਵਿਕਾਸ ਕੰਮਾਂ ਤੇ ਖਰਚ ਕੀਤੀ ਹੈ। ਪੰਚਾਇਤ ਸੰਮਤੀ ਨੌਸ਼ਹਿਰਾ ਪੰਨੂਆਂ ਨੇ ਪ੍ਰਾਪਤ ਹੋਈ ਰਕਮ 183.92 ਲੱਖ ਰੁਪਏ 27 ਗਰਾਮ ਪੰਚਾਇਤਾਂ ਨੂੰ ਬਤੌਰ ਗਰਾਂਟ ਦਿੱਤੀ ਹੈ। ਇਸ ਰਕਮ ਦੇ ਖੁਰਦ-ਬੁਰਦ ਹੋਣ ਸਬੰਧੀ ਕੋਈ

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

ਸ਼ਿਕਾਇਤ ਪ੍ਰਾਪਤ ਨਹੀਂ ਹੋਈ। ਪ੍ਰਾਪਤ ਹੋਈ ਰਕਮ ਕਿਸ ਮੰਤਵ ਲਈ ਖਰਚ ਕੀਤੀ ਗਈ ਹੈ, ਦਾ ਵੇਰਵਾ ਅਨੁਲੱਗ 'ੳ' ਤੇ ਰੱਖਿਆ ਜਾਂਦਾ ਹੈ।

**ਅਨੁਲੱਗ 'ੳ'**

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਤਰਨਤਾਰਨ ਦੇ ਪੱਤਰ ਮਿਤੀ 15-06-2017 ਰਾਹੀਂ ਹੇਠ ਲਿਖੇ ਅਨੁਸਾਰ ਰਿਪੋਰਟ ਪ੍ਰਾਪਤ ਹੋਈ ਹੈ:-

| ਲੜੀ ਨੰ: | ਬਲਾਕ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਪ੍ਰਾਪਤ ਰਾਸ਼ੀ ਲੱਖਾਂ 'ਚ | ਖਰਚ ਰਾਸ਼ੀ | ਮੰਤਵ |
|---|---|---|---|---|---|
| 1 | 2 | 3 | 4 | 5 | 6 |
| 1) | ਪੱਟੀ | ਬੂਹ ਹਥਾੜ | 222.50 | 222.50 | ਸਾਰੇ ਪਿੰਡ ਵਿੱਚ ਇੰਟਰਲਾਕਿੰਗ, ਸੀਵਰੇਜ਼, ਰਸਤੇ ਪੱਕੇ, ਛੱਪੜ ਦਾ ਵਿਕਾਸ, ਘਾਟੀ ਦੀਆ ਕੰਧਾਂ, ਧਰਮਸ਼ਾਲਾ ਆਦਿ |
| 2) | ਪੱਟੀ | ਬੂਹ | 194.98 | 194.98 | ਸੀਵਰੇਜ਼, ਧਰਮਸ਼ਾਲਾ, ਇੰਟਰਲਾਕਿੰਗ, ਜਿੰਮ ਰੂਮ, ਸ਼ਮਸ਼ਾਨਘਾਟ ਮੁਕੰਮਲ, ਨਵਾਂ ਛੱਪੜ ਪੁੱਟਿਆ ਅਤੇ ਛੱਪੜ ਤੱਕ ਸੀਵਰੇਜ਼, ਪੇਂਡੂ ਸੜਕ ਦੇ ਕਿਨਾਰਿਆ ਤੇ ਇੱਟਾਂ ਦਾ ਫਰਸ਼, ਡਿਸਪੈਂਸਰੀ, ਸਕੂਲ ਵਿੱਚ ਫਰਸ਼, ਡੇਰਿਆਂ ਨੂੰ ਜਾਂਦੇ ਸਾਰੇ ਰਸਤੇ ਪੱਕੇ ਕੀਤਾ ਆਦਿ |
| 3) | ਪੱਟੀ | ਹਰੀਕੇ | 177.64 | 177.64 | ਨਿਕਾਸੀ ਨਾਲੇ, ਗਲੀਆਂ ਨਾਲੀਆਂ, ਰਸਤੇ ਪੱਕੇ, ਸੀਵਰੇਜ਼, ਧਰਮਸ਼ਾਲਾ, ਸ਼ਮਸ਼ਾਨਘਾਟ ਦਾ ਕੰਮ ਆਦਿ |

| | | | | | |
|---|---|---|---|---|---|
| 4) | ਨੌਸ਼ਹਿਰਾ ਪੰਨੂਆ | ਨੱਥੂਪਰ | 85.29 | 85.29 | ਰਸਤੇ, ਦੋ ਸ਼ਮਸ਼ਾਨ ਘਾਟ, ਗਲੀਆਂ ਨਾਲੀਆਂ, ਜਿੰਮ ਦਾ ਕਮਰਾ, ਐਸ.ਸੀ, ਧਰਮਸ਼ਾਲਾ, ਨਿਕਾਸੀ ਨਾਲਾ |
| 5) | ਨੌਸ਼ਹਿਰਾ ਪੰਨੂਆ | ਜ਼ੌਣੇਕੇ | 64.88 | 64.88 | ਰਸਤੇ, ਗਲੀਆਂ ਨਾਲੀਆਂ, ਫਿਰਨੀ, ਐਸ.ਸੀ ਧਰਮਸ਼ਾਲਾ, ਜਿੰਮ ਦਾ ਕਮਰਾ ਤੇ ਸਮਾਨ,ਦੋ ਸ਼ਮਸ਼ਾਨ ਘਾਟ |
| 6) | ਨੌਸ਼ਹਿਰਾ ਪੰਨੂਆ | ਮਰਹਾਣਾ | 60.27 | 60.27 | ਰਸਤੇ, 2 ਜਿੰਮ ਕਮਰੇ, ਸ਼ਮਸ਼ਾਨ ਘਾਟ, ਕੰਕਰੀਟ ਗਲੀ, ਅੰਦਰੂਨੀ ਫਿਰਨੀ ਅਤੇ ਗਲੀਆਂ ਨਾਲੀਆਂ |
| 7) | ਨੌਸ਼ਹਿਰਾ ਪੰਨੂਆ | ਉਸਮਾ | 13.71 | 13.71 | ਗਲੀਆਂ ਨਾਲੀਆਂ |
| 8) | ਨੌਸ਼ਹਿਰਾ ਪੰਨੂਆ | ਡਿਆਲ | 3.87 | 3.87 | ਛੱਪੜ ਦੀ ਚਾਰਦੀਵਾਰੀ |
| 9) | ਨੌਸ਼ਹਿਰਾ ਪੰਨੂਆ | ਨੌਸ਼ਹਿਰਾ ਪੰਨੂਆ | 136.73 | 136.73 | ਗਲੀਆਂ ਨਾਲੀਆਂ, ਰਸਤੇ |
| 10) | ਨੌਸ਼ਹਿਰਾ ਪੰਨੂਆ | ਚੌਧਰੀਵਾਲਾ | 17.8 | 17.80 | ਗਲੀਆਂ ਨਾਲੀਆਂ, ਰਸਤੇ |
| 11) | ਨੌਸ਼ਹਿਰਾ ਪੰਨੂਆ | ਸ਼ੇਰੋਂ | 56.61 | 56.61 | ਨਿਕਾਸੀ ਨਾਲਾ, ਰਸਤੇ, ਗਲੀਆਂ ਨਾਲੀਆਂ |
| 12) | ਨੌਸ਼ਹਿਰਾ ਪੰਨੂਆ | ਠੱਠੀਆ ਮਹੰਤਾ | 53.44 | 53.44 | ਧਰਮਸ਼ਾਲਾ, ਗਲੀਆਂ ਨਾਲੀਆਂ, ਰਸਤੇ |
| 13) , | ਨੌਸ਼ਹਿਰਾ ਪੰਨੂਆ | ਸਰਹਾਲੀ ਕਲਾਂ | 260 | 260.00 | ਗੰਦੇ ਪਾਣੀ ਲਈ ਪੋਰੇ, ਰਸਤੇ ਗਲੀਆਂ ਨਾਲੀਆਂ |
| 14) | ਨੌਸ਼ਹਿਰਾ ਪੰਨੂਆ | ਪੰਚਾਇਤ ਸੰਮਤੀ ਨੌਸ਼ਹਿਰਾ ਪੰਨੂਆ | 183.92 | -- | ਵੱਖ-ਵੱਖ ਪੰਚਾਇਤਾਂ ਦੇ ਰਸਤਿਆਂ ਦੀ ਉਸਾਰੀ ਲਈ |
| 15) | ਨੌਸ਼ਹਿਰਾ ਪੰਨੂਆ | ਡਿਆਲ | | 5.60 | ਰਸਤਿਆਂ ਦੀ ਉਸਾਰੀ |
| 16) | ਨੌਸ਼ਹਿਰਾ ਪੰਨੂਆ | ਢੋਟੀਆ | | 7.80 | ਰਸਤਿਆਂ ਦੀ ਉਸਾਰੀ |

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

| | | | | |
|---|---|---|---|---|
| 17) | ਨੌਸ਼ਹਿਰਾ ਪੰਨੂਆ | ਸ਼ਹਾਬਪੁਰ | 7.60 | ਰਸਤਿਆਂ ਦੀ ਉਸਾਰੀ |
| 18) | ਨੌਸ਼ਹਿਰਾ ਪੰਨੂਆ | ਜਵੰਦਾ ਕਲਾਂ | 6.50 | ਰਸਤਿਆਂ ਦੀ ਉਸਾਰੀ |
| 19) | ਨੌਸ਼ਹਿਰਾ ਪੰਨੂਆ | ਜੰਡੋਕੇ | 6.03 | ਰਸਤਿਆਂ ਦੀ ਉਸਾਰੀ |
| 20) | ਨੌਸ਼ਹਿਰਾ ਪੰਨੂਆ | ਨੰਦਪੁਰ | 8.60 | ਰਸਤਿਆਂ ਦੀ ਉਸਾਰੀ |
| 21) | ਨੌਸ਼ਹਿਰਾ ਪੰਨੂਆ | ਸਖੀਰਾ | 10.90 | ਰਸਤਿਆਂ ਦੀ ਉਸਾਰੀ |
| 22) | ਨੌਸ਼ਹਿਰਾ ਪੰਨੂਆ | ਚੌਧਰੀਵਾਲਾ | 8.25 | ਰਸਤਿਆਂ ਦੀ ਉਸਾਰੀ |
| 23) | ਨੌਸ਼ਹਿਰਾ ਪੰਨੂਆ | ਬਨਵਾਲੀਪੁਰ | 8.13 | ਰਸਤਿਆਂ ਦੀ ਉਸਾਰੀ |
| 24) | ਨੌਸ਼ਹਿਰਾ ਪੰਨੂਆ | ਵਰਾਣਾ | 4.30 | ਰਸਤਿਆਂ ਦੀ ਉਸਾਰੀ |
| 25) | ਨੌਸ਼ਹਿਰਾ ਪੰਨੂਆ | ਬੇਗਮਪੁਰ | 5.57 | ਰਸਤਿਆਂ ਦੀ ਉਸਾਰੀ |
| 26) | ਨੌਸ਼ਹਿਰਾ ਪੰਨੂਆ | ਰੂੜੀਵਾਲਾ | 13.40 | ਰਸਤਿਆਂ ਦੀ ਉਸਾਰੀ |
| 27) | ਨੌਸ਼ਹਿਰਾ ਪੰਨੂਆ | ਠੱਠਾ | 5.84 | ਰਸਤਿਆਂ ਦੀ ਉਸਾਰੀ |
| 28) | ਨੌਸ਼ਹਿਰਾ ਪੰਨੂਆ | ਚੰਬਲ | 2.95 | ਰਸਤਿਆਂ ਦੀ ਉਸਾਰੀ |
| 29) | ਨੌਸ਼ਹਿਰਾ ਪੰਨੂਆ | ਖਾਰਾ | 6.00 | ਰਸਤਿਆਂ ਦੀ ਉਸਾਰੀ |
| 30) | ਨੌਸ਼ਹਿਰਾ ਪੰਨੂਆ | ਗੰਡੀਵਿੰਡ | 5.84 | ਰਸਤਿਆਂ ਦੀ ਉਸਾਰੀ |
| 31) | ਨੌਸ਼ਹਿਰਾ ਪੰਨੂਆ | ਸੁਹਾਵਾ | 3.20 | ਰਸਤਿਆਂ ਦੀ ਉਸਾਰੀ |
| 32) | ਨੌਸ਼ਹਿਰਾ ਪੰਨੂਆ | ਸਰਹਾਲੀ ਖੁਰਦ | 7.72 | ਰਸਤਿਆਂ ਦੀ ਉਸਾਰੀ |
| 33) | ਨੌਸ਼ਹਿਰਾ ਪੰਨੂਆ | ਡੁਗਰੀ | 1.12 | ਰਸਤਿਆਂ ਦੀ ਉਸਾਰੀ |
| 34) | ਨੌਸ਼ਹਿਰਾ ਪੰਨੂਆ | ਜ਼ੌੜਾ | 11.90 | ਰਸਤਿਆਂ ਦੀ ਉਸਾਰੀ |
| 35) | ਨੌਸ਼ਹਿਰਾ ਪੰਨੂਆ | ਕਲੇਰ | 1.73 | ਰਸਤਿਆਂ ਦੀ ਉਸਾਰੀ |
| 36) | ਨੌਸ਼ਹਿਰਾ ਪੰਨੂਆ | ਜੱਲੇਵਾਲ | 3.60 | ਰਸਤਿਆਂ ਦੀ ਉਸਾਰੀ |
| 37) | ਨੌਸ਼ਹਿਰਾ ਪੰਨੂਆ | ਦਰਗਾਪੁਰ | 13.90 | ਰਸਤਿਆਂ ਦੀ ਉਸਾਰੀ |
| 38) | ਨੌਸ਼ਹਿਰਾ ਪੰਨੂਆ | ਖੱਬੇ ਰਾਜਪੂਤਾਂ | 6.94 | ਰਸਤਿਆਂ ਦੀ ਉਸਾਰੀ |
| 39) | ਨੌਸ਼ਹਿਰਾ ਪੰਨੂਆ | ਤਿੱਖੂਚੱਕ | 9.11 | ਰਸਤਿਆਂ ਦੀ ਉਸਾਰੀ |
| 40) | ਨੌਸ਼ਹਿਰਾ ਪੰਨੂਆ | ਰੱਖ ਸ਼ੇਰੋਂ | 2.35 | ਰਸਤਿਆਂ ਦੀ ਉਸਾਰੀ |

| | | | |
|---|---|---|---|
| 41) | ਨੌਸ਼ਹਿਰਾ ਪੰਨੂਆ ਦਦੇਹਰ ਸਾਹਿਬ | 9.04 | ਰਸਤਿਆਂ ਦੀ ਉਸਾਰੀ |
| | **ਕੁੱਲ ਜੋੜ 1531.10** | **1531.10** | |

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੱਟੀ ਇੱਕ ਇਹੋ ਜਿਹਾ ਹਲਕਾ ਹੈ, ਜਿਥੇ ਵੱਖਰਾ ਡੀ.ਡੀ.ਪੀ.ਓ. ਸੀ। ਸਾਡਾ ਤਰਨ ਤਾਰਨ ਛੋਟਾ ਜਿਹਾ ਜ਼ਿਲ੍ਹਾ ਹੈ। ਬਾਕੀ ਹਲਕਿਆਂ ਦਾ ਡੀ.ਡੀ.ਪੀ.ਓ. ਵੱਖਰਾ ਸੀ ਅਤੇ ਪੱਟੀ ਹਲਕੇ ਦਾ ਵੱਖਰਾ ਸੀ। ਇਹ 16 ਕਰੋੜ ਰੁਪਏ ਦੀ ਰਾਸ਼ੀ ਆਈ ਹੈ। ਮੈਂ ਇਕੱਲੇ ਇਕੱਲੇ ਪਿੰਡ ਵਿੱਚ ਗਿਆ ਹਾਂ। ਕਿਸੇ ਪਿੰਡ ਵਿੱਚ ਇਹ ਪੈਸਾ ਨਹੀਂ ਲੱਗਿਆ। ਇਨ੍ਹਾਂ ਹਿਸਾਬ ਕਿਤਾਬ ਸਾਫ ਦੱਸਿਆ ਹੈ, ਇੱਕ ਰੁਪਿਆ ਵੀ ਇਧਰ ਉਧਰ ਨਹੀਂ ਦੱਸਿਆ। ਇਹ ਸਾਰੇ ਪੈਸੇ ਖੁਰਦ-ਬੁਰਦ ਹੋਏ ਹਨ । ਸਾਡਾ ਡੀ.ਡੀ.ਪੀ.ਓ. ਰਸਾਲ ਸਿੰਘ ਸੀ, ਜਿਸ ਪਿੰਡ ਦੇ ਵਿੱਚ ਵੀ ਕਰੋੜ ਦੋ ਕਰੋੜ ਰੁਪਿਆ ਆਉਂਦਾ ਸੀ, ਉਥੇ ਪ੍ਰਬੰਧਕ ਲਗਾ ਕੇ ਪੈਸੇ ਕੱਢ ਕੇ ਲੈ ਜਾਂਦਾ ਸੀ। ਇਹ 16 ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਦੀ ਇੰਪਾਰਸ਼ਲ ਇਨਕੁਆਇਰੀ ਕਰਵਾਓ, ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ ਜੀ।

**ਮਾਨਯੋਗ ਸਪੀਕਰ :** ਮੰਤਰੀ ਜੀ, ਇਨਕੁਆਇਰੀ ਕਰਵਾਓਗੇ ਜੀ?

**ਮੰਤਰੀ :** ਸਪੀਕਰ ਸਾਹਿਬ, ਇਹ ਕੰਪਲੇਂਟ ਲਿਖ ਕੇ ਦੇ ਦੇਣ, ਇਨਕੁਆਇਰੀ ਕਰਵਾਈ ਜਾਵੇਗੀ ਅਤੇ ਜਿਹੜਾ ਦੋਸ਼ੀ ਹੋਇਆ ਉਸ ਨੂੰ ਸਜ਼ਾ ਵੀ ਦਿੱਤੀ ਜਾਵੇਗੀ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਪਹਿਲਾਂ ਵੀ ਦਿੱਤੀ ਹੈ, ਹੁਣ ਫਿਰ ਕੰਪਲੇਟ ਦੇਵਾਂਗੇ ਜੀ।

**ਮਾਨਯੋਗ ਸਪੀਕਰ :** ਦੇ ਦਿਓ ਜੀ।

-----

## ਬਿਸਤ ਦੁਆਬ ਨਹਿਰ ਨੂੰ ਪੱਕਾ ਕਰਨਾ

*245. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਬਿਸਤ ਦੁਆਬ ਨਹਿਰ ਦੀਆਂ Branches, Distributories ਅਤੇ Minors ਕਿੰਨੇ ਕਿਲੋਮੀਟਰ ਪੱਕੀਆਂ ਹੋ ਚੁੱਕੀਆਂ ਹਨ ਅਤੇ ਕਿੰਨੀਆਂ ਅਜੇ ਪੱਕੀਆਂ ਹੋਣ ਨੂੰ ਬਾਕੀ ਰਹਿੰਦੀਆਂ ਹਨ;

(ਅ) ਬਿਸਤ ਦੁਆਬ ਨਹਿਰ ਦੀ ਲਾਈਨਿੰਗ ਦਾ ਸਮੁੱਚਾ ਕੰਮ ਕਦੋਂ ਤੱਕ ਖਤਮ ਕੀਤੇ ਜਾਣ ਦੀ ਸੰਭਾਵਨਾ ਹੈ?

**ਰਾਣਾ ਗੁਰਜੀਤ ਸਿੰਘ:** (ੳ) ਬਿਸਤ ਦੁਆਬ ਨਹਿਰ ਸਿਸਟਮ ਦੀ ਰੀਹੈਬਲੀਟੇਸ਼ਨ ਦੇ ਪ੍ਰੋਜੈਕਟ ਅਧੀਨ ਇਸ ਸਿਸਟਮ ਦੀਆਂ 514.91 ਕਿਲੋਮੀਟਰ ਬਰਾਂਚਾਂ/ਡਿਸਟ੍ਰੀਬਿਊਟਰੀਆਂ/ ਮਾਈਨਰਾਂ ਨੂੰ ਪੱਕੇ ਕਰਨ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ ਅਤੇ 213.25 ਕਿਲੋਮੀਟਰ ਨਹਿਰਾਂ ਨੂੰ ਪੱਕੇ ਕੀਤੇ ਜਾਣ ਦਾ ਕੰਮ ਬਕਾਇਆ ਹੈ।

(ਅ) ਬਿਸਤ ਦੁਆਬ ਨਹਿਰ ਦੀ ਲਾਈਨਿੰਗ ਦਾ ਸਮੁੱਚਾ ਕੰਮ ਮਿਤੀ 31.3.2018 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਸਮੇਂ ਇਹ ਬਿਸਤ ਦੁਆਬ ਦਾ ਕੰਕਰੀਟ ਲਾਈਨਿੰਗ ਦਾ ਕੰਮ ਸਟਾਰਟ ਕੀਤਾ ਗਿਆ ਸੀ । ਜਿਵੇਂ ਰਾਣਾ ਜੀ ਨੇ ਦੱਸਿਆ ਹੈ ਕਿ 514 ਕਿਲੋਮੀਟਰ ਪੱਕੀ ਹੋ ਗਈ ਹੈ, ਇਹ ਸਾਲ ਡੇਢ ਸਾਲ ਵਿੱਚ ਕੰਪਲੀਟ ਕਰ ਲਿਆ It was an important project for four districts of Doaba. ਪਰ ਹੁਣ ਇਹ ਕਹਿ ਰਹੇ ਹਨ ਕਿ 31.3.2018 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ । ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਕ ਤਾਂ ਕੋਈ ਟਾਈਮ ਬਾਊਂਡ ਜਵਾਬ ਜ਼ਰੂਰ ਦਿਉ ਕਿ ਇਹ ਕਦੋਂ ਤੱਕ ਕੰਪਲੀਟ ਹੋ ਜਾਵੇਗੀ। ਦੂਸਰਾ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਇੰਪਾਰਟੈਂਟ ਡਿਸਟਰੀਬਿਊਟਰੀਜ਼, ਮਾਈਨਰਜ਼ ਹਨ ਜਿਹੜੀਆਂ ਅਜੇ ਸਾਫ ਵੀ ਨਹੀਂ ਹੋਈਆਂ ਪਰ ਉਨ੍ਹਾਂ ਵਿੱਚ ਇਸ ਵਾਰੀ ਵੀ ਪਾਣੀ ਛੱਡ ਦਿੱਤਾ ਹੈ ਜਿਸ ਕਾਰਨ ਅਜੇ ਪਾਣੀ ਟੇਲ ਐਂਡਜ਼ ਉਤੇ ਨਹੀਂ ਗਿਆ ਹੈ..

**ਮਾਨਯੋਗ ਸਪੀਕਰ:** ਵਡਾਲਾ ਜੀ, ਉਨ੍ਹਾਂ ਨੇ 31.3.2018 ਦੱਸ ਦਿੱਤਾ ਹੈ । ਮੇਰਾ ਨਹੀਂ ਖਿਆਲ ਕਿ ਇਸ ਵਿੱਚ ਮੈਥੇਮੈਟੀਕਲ ਲਿਸਿਟ ਹੋ ਸਕਦਾ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਸੰਭਾਵਨਾ ਦੱਸੀ ਹੈ ।ਮੇਰੀ ਪੂਰੀ ਸਪਲੀਮੈਂਟਰੀ ਆ ਲੈਣ ਦਿਉ, ਫਿਰ ਮੰਤਰੀ ਜੀ ਦੱਸ ਦੇਣਗੇ। ਦੂਸਰੀ ਗੱਲ ਇਨ੍ਹਾਂ ਨੇ ਆਪ ਕਿਹਾ ਸੀ, ਰਾਣਾ ਜੀ ਦਾ ਪਿਛਲੀ ਸਰਕਾਰ ਵਿੱਚ ਬਿਆਨ ਆਇਆ ਸੀ ਕਿ ਇਸ ਕੈਨਾਲ ਨੂੰ ਪੈਰਾਈਨਿਅਲ ਕੈਨਾਲ ਬਣਾਇਆ ਜਾਵੇ, ਪਰਮਾਨੈਂਟ ਵਾਟਰ ਫਲੋਅਇੰਗ ਕੈਨਾਲ ਬਣਾਇਆ ਜਾਵੇ। I think you will recollect. ਇਸ ਕਰਕੇ ਇਹ ਸਾਰੇ ਦੁਆਬੇ ਨੂੰ ਫੀਡ ਕਰਦੀ ਹੈ, ਦੁਆਬੇ ਦਾ ਏਰੀਆ ਸਪੀਕਰ ਸਾਹਿਬ, ਤੁਸੀਂ ਵੀ ਉਸ ਵਿਚ ਹੀ ਆਉਂਦੇ ਹੋ, ਸਾਰੇ ਦੁਆਬੇ ਦੇ ਬਲਾਕ ਕ੍ਰੀਟੀਕਲ ਏਰੀਏ ਵਿਚ ਆ ਗਏ ਹਨ, ਦੁਆਬੇ ਵਿੱਚ ਪਾਣੀ ਦੀ ਬਹੁਤ ਡੇਂਜਰਸ ਸਿਚੁਊਏਸ਼ਨ ਹੈ, ਉਥੇ ਤਿੰਨ ਰੀਚਾਰਜਿੰਗ ਵੈੱਲਜ਼ ਬਿਲਗਾ, ਗੋਰਾਇਆ ਤੇ ਸਰੀਂਹ ਇਸ ਕੈਨਾਲ ਦੇ ਨਾਲ ਹਨ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ..

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਮੈਂ ਪੁੱਛਣਾ ਚਾਹੁੰਦਾ ਹਾਂ ਕਿ Are all those recharging wells functional? If Yes ਤਾਂ ਉਨ੍ਹਾਂ ਵਿਚ ਕਿੰਨਾ ਪਾਣੀ ਜਾ ਰਿਹਾ ਹੈ, ਜੇ ਨਹੀਂ ਤਾਂ ਉਨ੍ਹਾਂ ਦਾ ਪਾਣੀ ਕਿਥੇ ਜਾ ਰਿਹਾ ਹੈ?

**ਮੰਤਰੀ:** ਜੋ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਸਾਹਿਬ ਜੀ ਦਾ ਸਵਾਲ ਹੈ, ਇਹ ਬਿਲਕੁਲ ਠੀਕ ਹੈ ਕਿ ਪਿਛਲੀ ਸਰਕਾਰ ਨੇ ਇਹ ਮੁਕੰਮਲ ਕਰਨ ਲਈ ਦਸ ਸਾਲ ਲਗਾਏ, ਅਧੂਰਾ ਕੰਮ ਛੱਡ ਦਿੱਤਾ, ਪੀਸ-ਮੀਲ ਵਿੱਚ ਕਿਤੇ 20 ਕਿਲੋਮੀਟਰ ਬਣਾ ਦਿੱਤੀ, ਕਿਤੇ ਫਿਰ 20 ਕਿਲੋਮੀਟਰ ਛੱਡ ਦਿੱਤੀ, ਇਹ ਅਗਰ ਢੰਗ ਨਾਲ ਕੀਤਾ ਹੁੰਦਾ ਤਾਂ ਅੱਜ ਕਾਫੀ ਹੱਦ ਤੱਕ ਜਿਹੜੀ ਪ੍ਰਾਬਲਮ ਸੀ, ਉਹ ਸੋਲਵ ਹੋ ਜਾਣੀ ਸੀ ਲੇਕਿਨ ਜਿਥੋਂ ਤੱਕ ਮੁਕੰਮਲ ਕਰਨ ਦੀ ਗੱਲ ਹੈ, ਜਿਸ ਤਰ੍ਹਾਂ ਹੀ ਫੰਡਜ਼ ਆਏ, ਇਹ ਫੰਡਜ਼ ਨਾਲ ਮੁਕੰਮਲ ਹੋਣਾ ਹੈ, ਆਪਾਂ ਨੂੰ 9 ਸਾਲ ਪੈਸਾ ਲਿਆਂਦੇ ਲਿਆਂਦੇ ਨੂੰ ਲੱਗ ਗਏ ਹਨ । ਲੇਕਿਨ ਅਸੀਂ ਵਚਨਬੱਧ ਹਾਂ ਕਿ ਜਲਦੀ ਤੋਂ ਜਲਦੀ ਇਹ ਪੂਰਾ ਕੀਤਾ ਜਾਵੇਗਾ । ਜਿਥੋਂ ਤੱਕ ਰੀਚਾਰਜਿੰਗ ਆਫ ਵੈੱਲਜ਼ ਦੀ ਗੱਲ ਹੈ, ਇਹ ਬੜੀ ਚੰਗੀ ਗੱਲ ਹੈ ਕਿ ਉਹ ਚਾਲੂ ਹਨ। ਜੇਕਰ ਉਹ ਚਾਲੂ ਨਹੀਂ ਹਨ ਤਾਂ ਜ਼ਰੂਰ ਕਰਵਾਏ ਜਾਣਗੇ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਜਿਹੜੀ ਗੱਲ ਰਾਣਾ ਜੀ ਨੇ ਆਖੀ ਹੈ, ਮੈਂ ਉਸ ਨਾਲ ਐਗਰੀ ਕਰਦਾ ਹਾਂ thank you very much Rana Ji. But ਇਹ ਦਸ ਸਾਲ ਦਾ ਪ੍ਰਾਜੈਕਟ ਨਹੀਂ ਸੀ this project was started in 2015 and 2016 ਵਿੱਚ ਅਖੀਰ ਤੱਕ ਤਕਰੀਬਨ 75 ਪਰਸੈਂਟ ਕੰਮ ਸਟਾਰਟ ਕਰ ਦਿੱਤਾ ਸੀ, ਚਲੋ ਪਲਾਨਿੰਗ ਤਾਂ ਚਲਦੀ ਰਹਿੰਦੀ ਹੈ, ਗੌਰਮਿੰਟ ਦਾ ਇੱਕ ਸਿਸਟਮ ਹੁੰਦਾ ਹੈ, ਪਰ ਇਸ ਦਾ ਨੀਂਹ ਪੱਥਰ ਸਰਦਾਰ ਪਰਕਾਸ਼ ਸਿੰਘ ਬਾਦਲ ਨੇ 2015 ਵਿਚ ਰੱਖਿਆ ਸੀ ਤੇ ਬੜਾ ਜ਼ੋਰ ਦੇ ਕੇ ਲੈ ਕੇ ਆਂਦਾ ਸੀ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੇਕਰ ਕੋਈ ਹੈ ਜੀ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ 2015 ਵਿਚ ਇਸ ਦਾ ਨੀਂਹ ਪੱਥਰ ਰੱਖਿਆ, ਇਹ ਬਿਲਕੁਲ ਠੀਕ ਕਹਿ ਰਹੇ ਹਨ ਲੇਕਿਨ ਤੁਸੀਂ ਉਸ ਤੋਂ ਪਹਿਲਾਂ 2007 ਤੋਂ ਬਾਅਦ ਦੇ ਗਵਰਨਰ ਐਡਰੈਸ ਐਂਰ ਬਜਟ ਵਿੱਚ ਐਸ਼ੋਰੈਂਸਿਜ਼ ਦਿੱਤੀਆਂ, ਦਸ ਸਾਲ ਲਗਾਤਾਰ ਐਸ਼ੋਰੈਂਸਿਜ਼ ਚਲੀਆਂ, ਕੰਮ 2015 ਵਿੱਚ ਚਲਿਆ । ਹੁਣ ਜੇ ਤੁਸੀਂ ਅੱਠ ਸਾਲ ਕੰਮ ਚਾਲੂ ਕਰਨ ਨੂੰ ਲਗਾਏ ਹਨ, ਸਾਲ ਡੇਢ ਸਾਲ ਵਿਚ ਅਸੀਂ ਮੁਕੰਮਲ ਕਰ ਦਿਆਂਗੇ। ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਬਿਸਤ ਦੁਆਬ ਨਹਿਰ ਹੈ, ਇਹ ਸ਼ਹੀਦ ਭਗਤ ਸਿੰਘ ਨਗਰ ਵਿਚੋਂ ਦੀ ਚਲਦੀ ਹੈ ਤੇ ਉਸ ਨੂੰ ਪਾਣੀ ਦਿੰਦੀ ਹੈ ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਇਸ ਵਿਚ ਪਾਣੀ ਛੱਡ ਦਿੱਤਾ ਹੈ ਪਰ ਬਹੁਤ ਸਾਰੇ ਇਲਾਕੇ ਵਿੱਚ, ਖੇਤਾਂ ਵਿੱਚ ਪਾਣੀ ਨਹੀਂ ਪਹੁੰਚ ਰਿਹਾ । ਕੀ ਪਾਣੀ ਪੂਰਾ ਛੱਡਿਆ ਜਾ ਰਿਹਾ ਹੈ ਜਾਂ ਅਜੇ ਪੂਰਾ ਪਾਣੀ ਛੱਡਣਾ ਹੈ? ਇਸ ਬਾਰੇ ਮੰਤਰੀ ਜੀ ਦੱਸਣ ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਇਸ ਪਾਣੀ ਦਾ ਇੱਕ ਦਮ ਨਾ ਪਹੁੰਚਣਾ, ਉਸ ਦਾ ਕਾਰਨ ਇਹ ਹੈ ਕਿ ਜਦੋਂ ਅਸੀਂ ਇਸ ਪ੍ਰਾਜੈਕਟ ਦੀ ਉਸਾਰੀ ਚਾਲੂ ਕੀਤੀ ਤਾਂ ਇਕ ਤਰਫ ਤੋਂ ਨਹੀਂ ਕੀਤੀ, ਪੁੱਟ ਜ਼ਿਆਦਾ ਦਿੱਤਾ, ਬਣਾਇਆ ਘੱਟ ਔਰ ਜਿੰਨਾ ਬਣਿਆ ਤੇ ਜਿਥੇ ਜਿਥੇ ਰਹਿ ਗਿਆ, ਉਸ ਦੀ ਸਫਾਈ ਕਰਕੇ ਪਾਣੀ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ ਔਰ ਹੁਣ ਪਾਣੀ ਚਲ ਪਿਆ, ਪਹੁੰਚ ਜਾਵੇਗਾ ਜਿੰਨਾ ਪਹਿਲਾਂ ਕਿਤੇ ਪਾਣੀ ਜਾਂਦਾ ਸੀ, ਉਸ ਨਾਲੋਂ ਵੱਧ ਪਾਣੀ ਜਾਵੇਗਾ।

**ਮਾਨਯੋਗ ਸਪੀਕਰ :** ਧੰਨਵਾਦ।

----

## ਸੀਨੀਅਰ ਸੈਕੰਡਰੀ ਸਕੂਲ, ਚੌਂਦਾ ਵਿੱਚ ਲੈਕਚਰਾਰਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ

*449. **ਸਰਦਾਰ ਸੁਰਜੀਤ ਸਿੰਘ ਧੀਮਾਨ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਮਰਗੜ੍ਹ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਸੀਨੀਅਰ ਸੈਕੰਡਰੀ ਸਕੂਲ ਚੌਂਦਾ ਵਿੱਚ ਲੈਕਚਰਾਰਾਂ ਦੀਆਂ ਸ਼੍ਰੇਣੀ-ਵਾਰ ਖਾਲੀ ਪਈਆਂ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਸਰਕਾਰ ਦੁਆਰਾ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸ਼੍ਰੀਮਤੀ ਅਰੁਨਾ ਚੌਧਰੀ:** ਹਲਕਾ ਅਮਰਗੜ੍ਹ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੌਂਦਾ ਵਿੱਚ ਲੈਕਚਰਾਰਾਂ ਦੀ ਸ਼੍ਰੇਣੀ-ਵਾਰ ਇੱਕ ਅਸਾਮੀ ਖਾਲੀ ਹੈ। ਇਸ ਅਸਾਮੀ ਨੂੰ ਆਉਣ ਵਾਲੇ ਸਮੇਂ ਦੌਰਾਨ ਰੈਸ਼ਨੇਲਾਈਜ਼ੇਸ਼ਨ, ਤਰੱਕੀਆਂ ਅਤੇ ਆਮ ਬਦਲੀਆਂ ਰਾਹੀਂ ਭਰੇ ਜਾਣ ਦੇ ਉਪਰਾਲੇ ਕੀਤੇ ਜਾਣਗੇ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੈਂ ਮਾਨਯੋਗ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਪਰਾਲੇ ਹੀ ਕਰਨਗੇ ਜਾਂ ਉਸ ਅਸਾਮੀ ਨੂੰ ਭਰਨਗੇ ਅਤੇ ਇਸ ਨੂੰ ਸਮਾਂਬੱਧ ਕੀਤਾ ਜਾਵੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਇਹ ਖਾਲੀ ਪੋਸਟ ਭਰੀ ਜਾਵੇਗੀ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸਿੱਖਿਆ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਵੱਡੀ ਪੱਧਰ ਤੇ ਸੀਨੀਅਰ ਸੈਕੰਡਰੀ ਸਕੂਲ ਬਣਾ ਦਿੱਤੇ ਪਰ ਲੈਕਚਰਾਰਾਂ ਦੀਆਂ ਪੋਸਟਾਂ ਨਹੀਂ ਭਰੀਆਂ, ਹਾਲੇ ਵੀ ਖਾਲੀ ਪਈਆਂ ਹਨ। ਜਿਹੜਾ ਬੱਚਾ 10ਵੀਂ, 11ਵੀਂ ਵਿੱਚ ਦਾਖਲਾ ਲੈਂਦਾ ਹੈ...

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ ਜੀ।

**ਸ਼੍ਰੀ ਬੁੱਧ ਰਾਮ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਅਜਿਹਾ ਫੰਡ ਕ੍ਰੀਏਟ ਕੀਤਾ ਜਾ ਰਿਹਾ ਹੈ, ਜਿੰਨੀ ਦੇਰ ਖਾਲੀ ਪੋਸਟਾਂ ਰੈਗੂਲਰ ਨਹੀਂ ਭਰੀਆਂ ਜਾਂਦੀਆਂ, ਉਤਨਾ ਚਿਰ ਉਸ ਫੰਡ ਵਿਚੋਂ 5000-6000 ਰੁਪਿਆ ਲੈਕਚਰਾਰਾਂ ਨੂੰ ਦੇਣ ਲਈ ਰੱਖਿਆ ਜਾ ਸਕੇ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਹਰਜ ਨਾ ਹੋਵੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਅਸੀਂ ਜਨਰਲ ਬਜਟ ਤੋਂ ਬਾਅਦ ਇਸ ਵਾਸਤੇ ਉਪਰਾਲਾ ਕਰਾਂਗੇ। ਜਿਥੇ ਜਿਥੇ ਵੀ ਡਿਮਾਂਡ ਹੈ, ਖਾਲੀ ਅਸਾਮੀਆਂ ਭਰੀਆਂ ਜਾਣ ਵਾਲੀਆਂ ਹਨ, ਉਥੇ ਭਰਨ ਦੀ ਪੂਰੀ ਕੋਸ਼ਿਸ਼ ਕਰਾਂਗੇ। ਉਮੀਦ ਹੈ ਕਿ ਇਹ ਸਾਰਾ ਕੰਮ 30 ਜੁਲਾਈ ਤੱਕ ਕਰ ਲਿਆ ਜਾਵੇਗਾ।

----

## ਬਨੂੜ ਤੋਂ ਅੰਬਾਲਾ ਸੜਕ ਵਿਚਕਾਰ ਡਿਵਾਈਡਰ ਬਣਾਉਣਾ

***313. ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਲੋਕ ਨਿਰਮਾਣ (ਭ. ਤੇ ਮ.) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਨੂੜ ਤੋਂ ਅੰਬਾਲਾ ਤੱਕ ਜਾਣ ਵਾਲੀ ਸੜਕ ਵਿਚਕਾਰ ਡਿਵਾਈਡਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, ਨਹੀਂ ਜੀ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਪੀ.ਡਬਲਿਊ.ਡੀ. ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਸ਼ੰਭੂ ਤੋਂ ਲੈ ਕੇ ਖਰੜ ਤੱਕ ਹੈ, ਐਨ.ਐਚ.-1 ਤੋਂ ਸਾਰਾ ਟ੍ਰੈਫਿਕ ਇੱਥੇ ਡਾਈਵਰਟ ਹੁੰਦਾ ਹੈ। ਤਿੰਨ ਸਟੇਟਾਂ ਨੂੰ ਇਹ ਰਾਹ ਜਾਂਦਾ ਹੈ, ਅੱਗੇ ਜਾ ਕੇ ਇਹ ਐਨ.ਐਚ.-64 ਨਾਲ ਮਿਲ ਜਾਂਦਾ ਹੈ, ਇਹ ਐਨ.ਐਚ.-205 ਹੈ। ਤਿੰਨ ਸਟੇਟਾਂ ਦਾ ਟ੍ਰੈਫਿਕ ਉਥੋਂ ਲੰਘਣ ਕਾਰਨ ਇਥੇ ਕਾਫੀ ਜ਼ਿਆਦਾ ਐਕਸੀਡੈਂਟ ਹੁੰਦੇ ਹਨ। ਪਿਛਲੇ ਤਿੰਨ ਦਿਨਾਂ ਵਿੱਚ ਛੇ ਐਕਸੀਡੈਂਟਾਂ ਵਿੱਚ ਦੋ ਮੌਤਾਂ ਹੋ ਗਈਆਂ ਹਨ। ਮੈਂ ਮਾਨਯੋਗ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤਾਂ ਇਨ੍ਹਾਂ ਨੇ ਨਾਂਹ ਵਿੱਚ ਜਵਾਬ ਦਿੱਤਾ ਹੈ, ਭਵਿੱਖ ਵਿੱਚ ਕੋਈ ਅਜਿਹੀ ਯੋਜਨਾ ਹੈ ਤਾਂ ਕਿ ਉਸ ਜਗ੍ਹਾ

[ ਸਰਦਾਰ ਹਰਦਿਆਲ ਸਿੰਘ ਕੰਬੋਜ ]

ਤੇ ਜਿਹੜੀਆਂ ਐਕਸੀਡੈਂਟਾਂ ਵਿੱਚ ਵੱਡਮੁੱਲੀਆਂ ਜਾਨਾਂ ਜਾਂਦੀਆਂ ਹਨ, ਉਨ੍ਹਾਂ ਨੂੰ ਅਸੀਂ ਬਚਾਅ ਸਕੀਏ। ਕੋਈ ਐਸੀ ਯੋਜਨਾ ਮਹਿਕਮੇ ਦੇ ਧਿਆਨ ਵਿੱਚ ਹੈ ਤਾਂ ਕਿ ਭਵਿੱਖ ਵਿੱਚ ਉਥੇ ਡਿਵਾਈਡਰ ਬਣਾ ਕੇ ਟ੍ਰੈਫਿਕ ਦੀ ਆਵਾਜਾਈ ਦਾ ਸਹੀ ਤਰੀਕੇ ਨਾਲ ਇੰਤਜ਼ਾਮ ਹੋ ਸਕੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ ਬਨੂੜ ਤੋਂ ਅੰਬਾਲਾ ਤੱਕ ਮੌਜੂਦਾ ਸੜਕ ਦੀ ਚੌੜਾਈ 12 ਮੀਟਰ ਹੈ, ਅਜਿਹੀ ਚੌੜਾਈ ਵਾਲੀ ਸੜਕ ਦੇ ਵਿਚਕਾਰ ਡਿਵਾਈਡਰ ਨਹੀਂ ਲਗਾਇਆ ਜਾਂਦਾ ਪਰ ਇਸ ਸੜਕ ਨੂੰ 4-6 ਮਾਰਗੀ ਕਰਨ ਲਈ ਸਟੱਡੀ ਕੀਤਾ ਜਾ ਰਿਹਾ ਹੈ। ਸੜਕ ਨੂੰ 4-6 ਮਾਰਗੀ ਕਰਨ ਵੇਲੇ ਸੜਕ ਦੇ ਵਿਚਕਾਰ ਡਿਵਾਈਡਰ ਬਣਾ ਦਿੱਤਾ ਜਾਵੇਗਾ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਨਯੋਗ ਸਪੀਕਰ :** ਮੇਰਾ ਖਿਆਲ ਹੈ ਕਿ ਜਵਾਬ ਆ ਗਿਆ ਹੈ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ :** ਹੁਣ ਧੰਨਵਾਦ ਕਰ ਦਿਓ।

**ਸਰਦਾਰ ਹਰਦਿਆਲ ਸਿੰਘ ਕੰਬੋਜ :** 4-6 ਮਾਰਗੀ ਸੜਕ ਲਈ ਇਨ੍ਹਾਂ ਦਾ ਧੰਨਵਾਦ ਪਰ ਇਹ ਕੰਮ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ?

**ਰਾਜ ਮੰਤਰੀ :** ਹਾਲੇ ਸਮਾਂ ਸੀਮਾ ਨਹੀਂ ਦੇ ਸਕਦੇ ਕਿਉਂਕਿ ਸਟੱਡੀ ਹੋ ਰਹੀ ਹੈ। ਉਸ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਇਹ ਸੜਕ ਕਦੋਂ ਤੱਕ 4-6 ਮਾਰਗੀ ਬਣਾਵਾਂਗੇ।

-----

## ਮੁਕੇਰੀਆਂ ਵਿੱਚ ਕੈਂਸਰ ਮਰੀਜ਼ਾਂ ਦੀ ਗਿਣਤੀ

*283. **ਸ਼੍ਰੀ ਰਜਨੀਸ਼ ਕੁਮਾਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਸਰਕਾਰ ਵੱਲੋਂ ਕੀ ਯੋਗਦਾਨ ਪਾਇਆ ਜਾ ਰਿਹਾ ਹੈ;

(ਅ) ਹਲਕਾ ਮੁਕੇਰੀਆਂ ਵਿੱਚ ਇਸ ਸਮੇਂ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੇ ਇਲਾਜ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

**Shri Brahm Mohindra :** Respected Sir,

State Government has taken up following steps for treatment of cancer:-

Mukh Mantri Punjab Cancer Raahat Kosh: Financial assistance up to Rs. 1.50 Lakhs (One lakh fifty thousand) is being provided for the treatment to each cancer patient under this scheme. All those Cancer patients who are resident of the Punjab State are eligible under this scheme.

**List of Empanelled Hospitals under MMCRKS**

| Nine Government hospitals | Nine private hospitals |
|---|---|
| Govt. Medical College & Hospital Amritsar | CMC, Ludhiana |
| Govt. Medical College & Hospital, Patiala | DMC Ludhiana |
| Govt. Medical College & Hospital, Faridkot | Max Super Specialty &Cardic Hospital, (Mohali), |
| AIIMS New Delhi | Max Bathinda |
| PGI Chandigarh | Indus Super Speciality Hospital, Sahibzada Ajit Singh Nagar (Mohali), |
| G.M.C.H. Sector 32 Chandigarh | Patel Hospital, Jalandhar |
| AcharyaTulsi Regional Cancer Hospital, Bikaner | Sri Guru Ramdass Charitable Hospital, Amritsar |
| Hombi Bhaba RT Facility, Sangrur | Capitol Hospital, Jalandhar |
| Advanced Cancer Diagnostic& Treatment Centre, Bathinda | Mohan Dai Oswal Cancer Hospital |

[ Health and Family Welfare Minister]

National Programme for Prevention and Control of Cancer, Diabetes, Cardiovascular diseases & Stroke (NPCDCS) has been implemented in the state under which facility for early diagnosis and treatment of cancer is available.

State Government has provided 120 Anti-Cancer drugs used in treatment of cancer patients at the rates lower than the market rates, and some of these drugs are available at a cost 80% less than the market rates. In addition to this, the test required for cancer patient, other methods of treatment like Radiotherapy, Surgery etc. are available at a cost lesser than market rates and in some cases lesser than the (CGHS) rates of Govt. of India.

Government of Punjab has established Cancer and Drug De-addiction Treatment Infrastructure fund (CADA) Act 2013 for providing better prevention & treatment facilities to cancer patients.

For the prevention of cervical cancer, HPV Vaccine has been introduced in the state. The Vaccine is given to the 9672 girls of 11-13 years age groups. In the first phase, it was given to 6th class girls of all the government schools of districts Bathinda and Mansa which have highest prevalence of Cervical Cancer in the State. The Vaccine is to be given in the rest of the State in a phased manner.

Homi Bhabha Cancer care Facility in District Hospital Sangrur has been established in collaboration with TMC, Mumbai.

All Medical Colleges in the State have been provided with State of the Art equipment in the Department of Radiotherapy.

A 300 bedded cancer Hospital at Mullanpur:- Bhabha Atomic Research Centre along with Tata Memorial Cancer Research Centre, Mumbai is setting up a 300 bedded Cancer Treatment Centre at Mullanpur (Medicity, New Chandigarh).

A 100 bedded Advanced Cancer Diagnostic Treatment and Research

Centre has been set up at Bathinda by State Government.

State Cancer Institute is being established at Govt. Medical College, Amritsar in collaboration with Government of India.

In Collaboration of Government of India and Government of Punjab (60%+40%) 50 bedded Tertiary Cancer Care Centres (TCCC) are being established in districts of Hoshiarpur and Fazilka.

b) It is not possible to provide exact number of cancer patients in Mukeria block but 282 patients have been treated for cancer under Mukh Mantri Punjab Cancer Raahat Kosh Scheme (MMPCRKS). Above initiatives mentioned in reply 'a' have been taken by the Government for treatment of cancer patients.

**ਮਾਨਯੋਗ ਸਪੀਕਰ:** ਮੰਤਰੀ ਸਾਹਿਬ, ਤੁਹਾਡਾ ਇਹ ਜਵਾਬ ਤਾਂ ਮੈਂਬਰ ਸਾਹਿਬ ਨੂੰ ਲਿਖਤੀ ਤੌਰ ਤੇ ਮਿਲ ਗਿਆ ਹੋਵੇਗਾ। ਰਜਨੀਸ਼ ਜੀ, ਕੀ ਇਹ ਲਿਖਤੀ ਜਵਾਬ ਤੁਹਾਨੂੰ ਮਿਲ ਗਿਆ ਹੈ?

**ਸ਼੍ਰੀ ਰਜਨੀਸ਼ ਕੁਮਾਰ :** ਹਾਂ ਜੀ, ਮਿਲ ਗਿਆ ਹੈ।

**ਮੰਤਰੀ :** ਸਰ, ਮੈਂ ਸਮਝਦਾ ਹਾਂ ਕਿ ਕੈਂਸਰ ਦੀ ਬਿਮਾਰੀ ਦਾ ਬੜਾ ਸੀਰੀਅਸ ਇਸ਼ੂ ਹੈ ਔਰ ਪੰਜਾਬ ਦੇ ਲੋਕਾਂ ਵਿੱਚ ਕੈਂਸਰ ਦੇ ਕੇਸ ਬਹੁਤ ਹੋ ਰਹੇ ਹਨ। ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਹੈ ਕਿ ਸਰਕਾਰ ਵੱਲੋਂ ਕੈਂਸਰ ਮਰੀਜ਼ਾਂ ਦੇ ਇਲਾਜ ਲਈ ਕੀ ਐਫਰਸਟ ਕੀਤੇ ਜਾ ਰਹੇ ਹਨ। ਮੇਰੇ ਕੋਲ ਤਾਂ Lengthy ਜਵਾਬ ਸੀ, ਉਹ ਮੈਂ ਪੜ੍ਹ ਦਿੱਤਾ ਹੈ।

**ਸ਼੍ਰੀ ਰਜਨੀਸ਼ ਕੁਮਾਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਡੇਢ ਲੱਖ ਰੁਪਏ ਦੀ ਰਾਸ਼ੀ ਬਹੁਤ ਥੋੜ੍ਹੀ ਹੈ, ਘੱਟੋ ਘੱਟ ਪੰਜ ਲੱਖ ਰੁਪਿਆ ਮਰੀਜ਼ ਨੂੰ ਮਿਲਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਤੁਸੀਂ ਸੁਜੈਸ਼ਨ ਦਿੱਤੀ ਹੈ, ਕੋਈ ਸਵਾਲ ਨਹੀਂ ਕੀਤਾ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਲਾਹ ਦਿੱਤੀ ਹੈ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ ਜੀ।

**ਸ਼੍ਰੀ ਰਜਨੀਸ਼ ਕੁਮਾਰ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 1.5 ਲੱਖ ਰੁਪਿਆ ਮਿਲਦਾ ਹੈ, ਇਹ ਹਸਪਤਾਲ ਨੂੰ ਦਿੱਤਾ ਜਾਂਦਾ ਹੈ। ਜੇਕਰ ਇਹ ਪੈਸਾ ਮਰੀਜ਼ ਜਾਂ ਉਸਦੇ ਰਿਸ਼ਤੇਦਾਰਾਂ ਨੂੰ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਨਾਲ ਉਨ੍ਹਾਂ ਦਾ

[ ਸ਼੍ਰੀ ਰਜਨੀਸ਼ ਕੁਮਾਰ]

ਕਿਰਾਇਆ ਭਾੜਾ ਵੀ ਨਿਕਲ ਜਾਵੇਗਾ ਤੇ ਉਨ੍ਹਾਂ ਦੇ ਇਲਾਜ ਦਾ ਖਰਚਾ ਵੀ ਹੋ ਜਾਵੇਗਾ।

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ?

**ਮੰਤਰੀ :** ਸਪੀਕਰ ਸਾਹਿਬ, ਵਿਚਾਰ ਤਾਂ ਹਰ ਗੱਲ ਤੇ ਹੋ ਸਕਦਾ ਹੈ ਪਰ ਪਿਛਲੇ ਪੰਜ ਸਾਲਾਂ ਵਿਚ ਇਹ ਸਰਕਾਰ ਦਾ ਖਜ਼ਾਨਾ ਹੀ ਖਾਲੀ ਕਰ ਗਏ ਹਨ। ਹਾਲੇ ਤਾਂ ਇਹ 1.5 ਲੱਖ ਰੁਪਿਆ ਹੈ, ਇਸ ਨੂੰ ਅਸੀਂ 5 ਲੱਖ ਵੀ ਕਰ ਸਕਦੇ ਹਾਂ, 7 ਲੱਖ ਵੀ ਕਰ ਸਕਦੇ ਹਾਂ। ਅਸੀਂ ਇਨ੍ਹਾਂ ਦੀ ਗੱਲ ਤੇ ਜ਼ਰੂਰ ਵਿਚਾਰ ਕਰਾਂਗੇ।

**ਪ੍ਰੋਫੈਸਰ ਬਲਜਿੰਦਰ ਕੌਰ :** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਹੁਣੇ ਮੰਤਰੀ ਜੀ ਨੇ ਬਠਿੰਡਾ ਅਤੇ ਮਾਨਸਾ ਨਾਲ ਸਬੰਧਤ ਵੱਖ ਵੱਖ ਸਕੀਮਾਂ ਅਤੇ ਹਸਪਤਾਲਾਂ ਦੀ ਇਕ ਲਿਸਟ ਪੜ੍ਹੀ ਹੈ। ਮੇਰਾ ਸਵਾਲ ਹੈ ਕਿ ਕੀ ਇਹ ਸਕੀਮਾਂ ਅਤੇ ਹਸਪਤਾਲ ਸੀਰੀਅਸਲੀ ਇਸ ਬਿਮਾਰੀ ਤੇ ਕੰਮ ਕਰ ਰਹੀਆਂ ਹਨ ਕਿਉਂਕਿ ਜੇਕਰ ਵੇਖਿਆ ਜਾਵੇ ਤਾਂ ਤਲਵੰਡੀ ਸਾਬੋ ਦੀ ਬੈਲਟ ਅਜਿਹੀ ਬੈਲਟ ਹੈ ਜਿਥੇ ਸਭ ਤੋਂ ਜ਼ਿਆਦਾ ਕੈਂਸਰ ਦੀ ਬਿਮਾਰੀ ਹੈ। ਇਸ ਦਾ ਕਾਰਨ ਇਹ ਹੈ ਕਿ ਉਥੇ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਪ੍ਰਾਜੈਕਟ ਹੈ, ਜਿਸ ਨਾਲ ਪਾਣੀ ਦਾ ਲੈਵਲ ਦਿਨ-ਬ-ਦਿਨ ਡਾਊਨ ਜਾ ਰਿਹਾ ਹੈ। ਦੂਜਾ ਉਥੇ ਪੋਲਿਊਸ਼ਨ ਬੜੀ ਜ਼ੋਰ ਨਾਲ ਵੱਧ ਰਿਹਾ ਹੈ। ਇਹੀ ਕੈਂਸਰ ਦੀ ਬਿਮਾਰੀ ਦਾ ਸਭ ਤੋਂ ਵੱਡਾ ਕਾਰਨ ਹੈ। ਕੀ ਉਹ ਸਕੀਮਾਂ ਸੀਰੀਅਸਲੀ ਵਰਕ-ਆਊਟ ਕਰ ਰਹੀਆਂ ਹਨ?

**ਮੰਤਰੀ :** ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਨੇ ਬਹੁਤ ਅੱਛਾ ਸਵਾਲ ਕੀਤਾ ਹੈ। ਸਪੀਕਰ ਸਾਹਿਬ, ਅਸੀਂ ਇਸ ਵੇਲੇ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਲਈ ਆਂਸਰੇਬਲ ਹਾਂ। ਸਾਡੀ ਸਰਕਾਰ ਦੇ ਤਾਂ ਅਜੇ ਤਿੰਨ ਮਹੀਨੇ ਹੋਏ ਹਨ, 100 ਦਿਨ ਹਾਲੇ ਪੂਰੇ ਹੋਣੇ ਹਨ। ਮੈਂ ਸਮਝਦਾ ਹਾਂ ਕਿ ਇਸ ਸਮੇਂ ਦੌਰਾਨ ਜਿਹੜੇ ਵੀ ਅਸੀਂ ਸਟੈਂਪ ਚੁੱਕੇ ਹਨ, ਉਹ ਏਨਾ ਰਿਜ਼ਲਟ ਪ੍ਰੋਡਿਊਸ ਕਰਨਗੇ ਕਿ ਤੁਸੀਂ ਮਹਿਸੂਸ ਕਰੋਗੇ। ਮੈਂ ਤੁਹਾਨੂੰ ਆਸ਼ਵਾਸਨ ਦਿੰਦਾ ਹਾਂ ਕਿ ਅਗਲੇ 6 ਮਹੀਨੇ ਬਾਅਦ ਜਦ ਵਿਧਾਨ ਸਭਾ ਬੈਠੇਗੀ ਤਾਂ ਇਹ ਜਿਹੜਾ ਸਵਾਲ ਮਾਨਯੋਗ ਮੈਂਬਰ ਨੇ ਕੀਤਾ ਹੈ ਇਸ ਦਾ ਇਕ ਪਰਫੈਕਟ ਪ੍ਰਫਾਰਮੈਂਸ ਓਰੀਐਂਟਿਡ ਜਵਾਬ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਪ੍ਰੋਫੈਸਰ ਸਾਹਿਬ, ਹੁਣ ਤੁਸੀਂ ਮੰਤਰੀ ਜੀ ਦਾ ਧੰਨਵਾਦ ਕਰੋ ਜੀ।

**ਪ੍ਰੋਫੈਸਰ ਬਲਜਿੰਦਰ ਕੌਰ :** ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਇਹ ਬਹੁਤ ਹੀ ਸੀਰੀਅਸ ਇਸ਼ੂ ਹੈ it is related to Talwandi Sabo Area, the reason being Refinery.

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇਹ ਮੁੱਦਾ ਬਹੁਤ ਅਹਿਮ ਹੈ। ਮੰਤਰੀ ਜੀ ਵੀ ਸਮਝਦੇ ਹਨ ਕਿ ਇਹ ਮੁੱਦਾ ਬਹੁਤ ਅਹਿਮ ਹੈ। ਮੇਰੀ ਬੇਨਤੀ ਹੈ ਕਿ ਇਸ

ਨੂੰ ਅੱਧੇ ਘੰਟੇ ਦੀ ਡਿਸਕਸ਼ਨ ਵਿਚ ਲੈ ਲਿਆ ਜਾਵੇ ਜੀ।

**ਮਾਨਯੋਗ ਸਪੀਕਰ :** ਇਹ ਵੀ ਦੇਖ ਲਵਾਂਗੇ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ,...

**ਮਾਨਯੋਗ ਸਪੀਕਰ:** ਪਲੀਜ਼ ਬੈਠੋ। ਤੁਹਾਡੇ ਲੀਡਰ ਬੋਲ ਲਏ ਹਨ। ਹੁਣ ਤੁਸੀਂ ਬੈਠੋ। ਅਗਲਾ ਸਵਾਲ।

-----

## ਡੇਰਾਬੱਸੀ ਦੇ ਪਿੰਡ ਸਮਗੋਲੀ ਵਿਖੇ ਡੰਪਿੰਗ ਗਰਾਊਂਡ ਬਣਾਉਣਾ

***347. ਸ਼੍ਰੀ ਐਨ.ਕੇ.ਸ਼ਰਮਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਦੇ ਪਿੰਡ ਸਮਗੋਲੀ ਵਿਖੇ ਡੰਪਿੰਗ ਗਰਾਊਂਡ ਬਣਾਈ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਮੰਤਵ ਲਈ ਕਿੰਨੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ਅਤੇ ਜ਼ਮੀਨ ਦੇ ਉਨ੍ਹਾਂ ਮਾਲਕਾਂ ਦੇ ਨਾਂ ਕੀ ਹਨ ਜਿਨ੍ਹਾਂ ਦੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** ਹਾਂ ਜੀ। ਹਲਕਾ ਡੇਰਾਬੱਸੀ ਦੇ ਪਿੰਡ ਸਮਗੋਲੀ ਵਿਖੇ ਗਮਾਡਾ ਕਲੱਸਟਰ ਲਈ ਡੰਪਿੰਗ ਗਰਾਊਂਡ ਬਣਾਉਣ ਲਈ 50 ਏਕੜ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ। ਇਸ ਜ਼ਮੀਨ ਦੀ ਐਕੂਜ਼ੀਸ਼ਨ ਐਸ.ਡੀ.ਐਮ. ਭੌਂ ਪ੍ਰਾਪਤੀ ਕੁਲੈਕਟਰ ਡੇਰਾਬੱਸੀ ਵੱਲੋਂ ਕੀਤੀ ਜਾ ਰਹੀ ਹੈ। ਭੌਂ ਪ੍ਰਾਪਤੀ ਐਕਟ, 2013 ਦੇ ਸੈਕਸ਼ਨ 18 ਅਨੁਸਾਰ ਇਸ ਜ਼ਮੀਨ ਦੇ ਸ਼ੇਅਰ ਹੋਲਡਰ ਦੇ ਨਾਮ ਹੇਠ ਅਨੁਸਾਰ ਹਨ:-

| **ਲੜੀ ਨੰ:** | **ਸ਼ੇਅਰ ਹੋਲਡਰ ਦਾ ਨਾਮ** | **ਸ਼ੇਅਰ ਹੋਲਡਰ ਦਾ ਹਿੱਸਾ (ਏਕੜਾਂ ਵਿੱਚ)** |
|---|---|---|
| 1 | ਸ਼੍ਰੀ ਅਜੈ ਸਿੰਘ ਬੇਦੀ ਪੁੱਤਰ ਸ਼੍ਰੀ ਰਾਮ ਸਿੰਘ | 4.8789 |
| 2 | ਸ਼੍ਰੀ ਬਲਜੀਤ ਸਿੰਘ ਪੁੱਤਰ ਸ਼੍ਰੀ ਕਪੂਰ ਸਿੰਘ | 0.0139 |
| 3 | ਸ਼੍ਰੀਮਤੀ ਬਲਵੀਰ ਕੌਰ ਪਤਨੀ ਲੇਟ ਸ਼੍ਰੀ ਸਰਬਜੀਤ ਸਿੰਘ | 0.0139 |
| 4 | ਸ਼੍ਰੀ ਚਮਨ ਲਾਲ ਪੁੱਤਰ ਸ਼੍ਰੀ ਬਾਰੂ ਸਿੰਘ | 0.0278 |
| 5 | ਸ਼੍ਰੀ ਗੁਰਿੰਦਰਪਾਲ ਸਿੰਘ ਪੁੱਤਰ ਸ਼੍ਰੀ ਰਜਿੰਦਰ ਸਿੰਘ | 6.5051 |
| 6 | ਸ਼੍ਰੀਮਤੀ ਗੁਰਸ਼ਰਨ ਕੌਰ ਪਤਨੀ ਸ਼੍ਰੀ ਦਵਿੰਦਰ ਸਿੰਘ | 8.7188 |
| 7 | ਸ਼੍ਰੀ ਹਰਦੇਵਾਲ ਸਿੰਘ ਪੁੱਤਰ ਸ਼੍ਰੀ ਅਮਰਾਓ ਸਿੰਘ | 3.1042 |

[ ਸਥਾਨਕ ਸਰਕਾਰ ਮੰਤਰੀ ]

| | | |
|---|---|---|
| 8 | ਸ਼੍ਰੀ ਇਕਬਾਲ ਸਿੰਘ ਪੁੱਤਰ ਸ਼੍ਰੀ ਜਗਤਾਰ ਸਿੰਘ | 3.7710 |
| 9 | ਸ਼੍ਰੀ ਜੈ ਸਿੰਘ ਪੁੱਤਰ ਸ਼੍ਰੀ ਛੱਜੂ | 0.1389 |
| 10 | ਸ਼੍ਰੀ ਜਮਾਦਾਰ ਸਿੰਘ ਪੁੱਤਰ ਸ਼੍ਰੀ ਛੱਜੂ | 0.1389 |
| 11 | ਮੈਸਰਜ ਫਰਜ਼ੀਰੀਓ ਕਨਸਰਵਰ ਅਲੇਨਾ ਲਿਮਟਿਡ ਅਲੇਨਾ ਮਕਾਨ ਨੰ: 4 | 1.41670 |
| 12 | ਸ਼੍ਰੀਮਤੀ ਮਿੰਨੀ ਪਤਨੀ ਸ਼੍ਰੀ ਮਹੇਸ਼ ਗੋਇਲ | 0.8131 |
| 13 | ਮਿਸ ਨੀਨਾਲ ਪੁੱਤਰ ਐਚ ਐਲ ਗੁਪਤਾ | 0.8131 |
| 14 | ਸ਼੍ਰੀ ਪਾਲ ਸਿੰਘ ਪੁੱਤਰ ਸ਼੍ਰੀ ਬਚਨ ਸਿੰਘ | 3.5104 |
| 15 | ਪੰਜਾਬ ਸਰਕਾਰ | 0.0833 |
| 16 | ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਕਪੂਰ ਸਿੰਘ | 0.0139 |
| 17 | ਸ਼੍ਰੀ ਰਾਜ ਕਰਨ ਪੁੱਤਰ ਸ਼੍ਰੀ ਬਾਰੂ ਸਿੰਘ | 0.0278 |
| 18 | ਸ਼੍ਰੀ ਸਤੀਸ਼ ਕੁਮਾਰ ਪੁੱਤਰ ਸ਼੍ਰੀ ਬਾਰੂ ਸਿੰਘ | 0.0278 |
| 19 | ਸ਼ਾਹ ਗੁਰਿੰਦਰ ਸਿੰਘ (ਐਚ.ਯੂ.ਐਫ.) ਪੁੱਤਰ ਸ਼੍ਰੀ ਦਵਿੰਦਰ ਸਿੰਘ | 13.5521 |
| 20 | ਸ਼੍ਰੀ ਸੁਭਾਸ਼ ਸਿੰਘ ਪੁੱਤਰ ਸ਼੍ਰੀ ਬਾਰੂ ਸਿੰਘ | 0.0278 |
| 21 | ਸ਼੍ਰੀਮਤੀ ਸਵਰਨ ਕੌਰ ਪਤਨੀ ਗੁਰਬਖਸ਼ ਸਿੰਘ | 2.000 |
| 22 | ਸ਼੍ਰੀ ਵਿਕਰਮ ਸਿੰਘ ਪੁੱਤਰ ਸ਼੍ਰੀ ਬਾਰੂ ਸਿੰਘ | 0.0278 |

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਰਜਿਸਟਰੇਸ਼ਨ ਨੰਬਰ 1436 ਮਿਤੀ 12.05.1997 ਨੂੰ ਗੋਲਡਨ ਫਾਰੈਸਟ ਦੇ ਨਾਂ ਤੇ ਰਜਿਸਟਰਡ ਹੋਈ ਸੀ। ਇਸ ਦੀ ਕਾਪੀ ਵੀ ਮੇਰੇ ਕੋਲ ਹੈ। ਕਿਸੇ ਲੈਂਡ ਮਾਫੀਆ ਨੇ ਰੈਵੀਨਿਊ ਵਿਭਾਗ ਨਾਲ ਮਿਲ ਕੇ ਸਾਲ 2009 ਵਿਚ ਇਹੀ ਜ਼ਮੀਨ ਸੇਮ ਮਾਲਕਾਂ ਤੋਂ ਦੁਬਾਰਾ ਪਰਚੇਜ਼ ਕਰ ਲਈ ਕਿਉਂਕਿ ਇਸ ਜ਼ਮੀਨ ਦਾ ਇੰਤਕਾਲ ਹਾਲੇ ਚੜ੍ਹਿਆ ਨਹੀਂ ਸੀ। ਮੈਂ ਇਹ ਇਸ਼ੂ ਵਿਭਾਗ ਦੇ ਪ੍ਰਮੁੱਖ ਸਕੱਤਰ ਸਾਹਿਬ, ਡੀ.ਸੀ. ਸਾਹਿਬ, ਐਸ.ਡੀ.ਐਮ. ਸਾਹਿਬ ਕੋਲ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਟੇਕ-ਅੱਪ ਕਰਦਾ ਆ ਰਿਹਾ ਹਾਂ।ਸਾਲ 2012 ਤੋਂ ਪਹਿਲਾਂ ਇਸ ਦੀ ਐਕੁਜੀਸ਼ਨ ਸ਼ੁਰੂ ਹੋਈ ਸੀ ਅਤੇ 6-7 ਸਾਲ ਇਹ ਰੁਕੀ ਰਹੀ ਹੈ। ਇਹ ਬੜਾ ਵੱਡਾ ਘਪਲਾ ਹੈ।

**ਮਾਨਯੋਗ ਸਪੀਕਰ :** ਸ਼ਰਮਾ ਜੀ, ਤੁਸੀਂ ਸਵਾਲ ਪੁੱਛੋ।

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਇਹ ਤਕਰੀਬਨ 35-40 ਕਰੋੜ ਰੁਪਏ ਦੀ ਗੱਲ ਹੈ। ਇਸ ਨਾਲ ਗਲਤ ਬੰਦਿਆਂ ਕੋਲ ਪੈਸੇ ਚਲੇ ਜਾਣੇ ਹਨ। ਇਹ ਬਹੁਤ ਵੱਡਾ ਘਪਲਾ ਹੈ। ਮੇਰੀ ਬੇਨਤੀ ਹੈ ਕਿ ਇਸ ਡੰਪਿੰਗ ਗਰਾਊਂਡ ਦੇ ਬਿਲਕੁਲ ਨਾਲ ਹੀ ਕਈ ਹਜ਼ਾਰ ਸਾਲ ਪੁਰਾਣਾ ਸ਼੍ਰੀ ਕ੍ਰਿਸ਼ਨ ਜੀ ਦਾ ਤੀਰਥ ਅਸਥਾਨ ਬਣਿਆ ਹੋਇਆ ਹੈ। ਇਸ ਲਈ ਇਸ ਡੰਪਿੰਗ ਗਰਾਊਂਡ ਦਾ ਇਲਾਕੇ ਵਿਚ ਬਹੁਤ ਜ਼ਿਆਦਾ ਵਿਰੋਧ ਵੀ ਹੋਇਆ ਸੀ। ਸੋ, ਇਸ ਕਰਕੇ ਇਕ ਤਾਂ ਇਸ ਦੀ ਪਰਾਪਰ ਇਨਕੁਆਇਰੀ ਕਰਕੇ ਕਾਰਵਾਈ ਕੀਤੀ ਜਾਵੇ ਅਤੇ ਦੂਸਰਾ ਇਹ ਡੰਪਿੰਗ ਗਰਾਉਂਡ ਬੰਦ ਕੀਤਾ ਜਾਵੇ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਾਰਵਾਈ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਸ ਦੀ ਜਦੋਂ Preliminary notice giving ਹੋਈ ਸੀ ਤਾਂ ਉਦੋਂ ਇਨ੍ਹਾਂ ਦੀ ਸਰਕਾਰ ਸੀ, ਉਦੋਂ ਮਿਤੀ 13.5.2016 ਸੀ। ਮੈਂ ਇਹ ਸਾਰਾ ਕੁਝ ਐਸ.ਡੀ.ਐਮ. ਦੇ ਰੈਵੇਨਿਊ ਰਿਕਾਰਡ ਦੇ ਵਿਚੋਂ ਲਿਆ ਹੈ। ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦੀ ਇੱਕ ਇਨਵਾਇਰਨਮੈਂਟ ਕਲੀਅਰੈਂਸ ਲਈ ਜਾਂਦੀ ਹੈ। ਮੈਨੂੰ ਪਤਾ ਸੀ ਕਿ ਇਨ੍ਹਾਂ ਨੇ ਕੀ ਪੁੱਛਣਾ ਹੈ? ਇਨਵਾਇਰਨਮੈਂਟ ਕਲੀਅਰੈਂਸ ਜਦੋਂ ਲਈ ਜਾਂਦੀ ਹੈ, ਉਦੋਂ ਹੀ ਆਬਜੈਕਸ਼ਨ ਰੇਜ਼ ਹੁੰਦੇ ਹਨ। ਉਦੋਂ ਮੈਂਬਰ ਸਾਹਿਬ ਨੇ ਆਬਜੈਕਸ਼ਨ ਕਿਉਂ ਨਹੀਂ ਰੇਜ਼ ਕੀਤੇ? ਕੀ ਗੱਲ ਸੀ? ਅਸੀਂ ਤਾਂ ਸਿਰਫ 10 ਮਈ ਨੂੰ ਅਵਾਰਡ ਅਨਾਊਂਸ ਕੀਤਾ। ਸਰਕਾਰ ਇਨ੍ਹਾਂ ਦੀ ਸੀ, ਪਾਵਰ ਇਨ੍ਹਾਂ ਦੀ ਸੀ, ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਸੁਖਬੀਰ ਜੀ ਦੇ ਲਾਡਲੇ ਦੁਲਾਰੇ ਸਨ। ਫਿਰ ਕਿਉਂ ਨਹੀਂ ਕੀਤਾ?

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਲਾਡਲੇ ਦੁਲਾਰੇ ਤਾਂ ਸਿੱਧੂ ਸਾਹਿਬ ਵੀ ਸੀ। ਮੇਰੇ ਤੇ ਪਰਚਾ ਦਰਜ ਕਰਵਾ ਕੇ ਆਪ ਨਿਕਲ ਗਏ ਅਤੇ ਮੈਂ ਅੱਜ ਤੱਕ ਤਰੀਕਾਂ ਭੁਗਤ ਰਿਹਾ ਹਾਂ।(ਵਿਘਨ)(ਸ਼ੋਰ) ਅਸੀਂ ਕਾਂਗਰਸ ਦੇ ਖਿਲਾਫ ਇੱਕਠਾ ਧਰਨਾ ਲਾਇਆ, ਪਰਚਾ ਮੇਰੇ ਤੇ ਦਰਜ ਕਰਵਾ ਦਿੱਤਾ। ਮੈਂ ਅੱਜ ਤੱਕ ਤਰੀਕਾਂ ਭੁਗਤ ਰਿਹਾ ਹਾਂ। ਫਿਰ ਵੀ ਇਹ ਲਾਡਲੇ ਮੈਨੂੰ ਦੱਸ ਰਹੇ ਹਨ।

**ਮਾਨਯੋਗ ਸਪੀਕਰ :** ਸ਼ਰਮਾ ਜੀ, ਤੁਸੀਂ ਸਵਾਲ ਪੁੱਛੋ ਜੀ। ਸ਼ਰਮਾ ਜੀ, ਸਵਾਲ ਪੁੱਛੋ ਜੀ।(ਵਿਘਨ)(ਸ਼ੋਰ)

**ਸ਼੍ਰੀ ਐਨ.ਕੇ.ਸ਼ਰਮਾ :** ਮੰਤਰੀ ਜੀ, ਤੁਸੀਂ ਸਾਰਿਆਂ ਦੇ ਮੰਤਰੀ ਹੋ, ਮੈਂ ਰਿਕੁਐਸਟ ਕਰ ਰਿਹਾ ਹਾਂ..(ਵਿਘਨ)(ਸ਼ੋਰ)

**ਮੰਤਰੀ:** ਮਿੱਤਰ ਪਿਆਰੇ, ਮੈਂ ਤੇਰੇ ਤੇ ਕੀ ਪਰਚਾ ਦਰਜ ਕਰਵਾਉਣਾ ਸੀ, ਤੁਸੀਂ ਤਾਂ ਸਾਰੇ

[ ਸਥਾਨਕ ਸਰਕਾਰ ਮੰਤਰੀ ]

ਜ਼ੀਰਕਪੁਰ ਤੇ ਪਰਚੇ ਦਰਜ ਕਰਵਾਏ ਹੋਏ ਹਨ।(ਵਿਘਨ)(ਸ਼ੋਰ)

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਮੇਰੇ ਸਮੇਂ ਵਿੱਚ ਜ਼ੀਰਕਪੁਰ ਵਿੱਚ ਕਿਸੇ ਇੱਕ ਵੀ ਲੀਡਰ ਤੇ ਪਰਚਾ ਦਰਜ ਹੋਇਆ ਹੋਵੇ ਤਾਂ ਮੈਂ ਰਿਜ਼ਾਇਨ ਕਰ ਦੇਵਾਂਗਾ। (ਵਿਘਨ)(ਸ਼ੋਰ)

**ਮੰਤਰੀ:** ਮੈਂ ਹੋਰ ਵੀ ਗੱਲਾਂ ਕਰਾਂਗਾ, ਮੇਰੇ ਕੋਲ ਹੋਰ ਵੀ ਪਰਚੇ ਹਨ, ਪੰਜ-ਛੇ ਮਹੀਨੇ ਬਾਅਦ ਦੇਖਣਾ ਕਿ ਕੀ ਹੁੰਦਾ ਹੈ... (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਸ਼ਰਮਾ ਜੀ, ਇਧਰ ਦੇਖੋ, ਕੀ ਹਾਲੇ ਵੀ ਸਵਾਲ ਰਹਿ ਗਿਆ ਹੈ ਜਾਂ ਨਹੀਂ?

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਚੈੱਕ ਕਰਵਾ ਲੈਣ, ਕਿਉਂ ਗਲਤ ਹੱਥਾਂ ਵਿੱਚ ਪੈਸੇ ਜਾਂਦੇ ਹਨ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

----

**ਕੰਢੀ ਖੇਤਰ ਵਿਚ ਲੱਕੜ ਮਾਫੀਆ ਵੱਲੋਂ ਅਣਅਧਿਕਾਰਤ ਕਬਜ਼ਾ**

***415. ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੰਢੀ ਖੇਤਰ ਵਿੱਚ ਲੱਕੜ ਮਾਫੀਆ ਨੇ ਅਣਅਧਿਕਾਰਤ ਤੌਰ ਤੇ ਲੱਕੜ ਮਾਰਕੀਟ ਦੇ ਵਪਾਰ ਤੇ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕਾਬੂ ਪਾਉਣ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਤਜਵੀਜ਼ਤ ਕਦਮ ਕੀ ਹਨ ਅਤੇ ਇਨ੍ਹਾਂ ਦੇ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਸਾਧੂ ਸਿੰਘ ਧਰਮਸੋਤ :** ਸ਼੍ਰੀਮਾਨ ਜੀ, ਨਹੀਂ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਾਫੀ ਲੰਮੇ ਸਮੇਂ ਤੋਂ ਇਹ ਲੱਕੜ ਮਾਫੀਆ ਸਾਡੇ ਕੰਢੀ ਏਰੀਏ ਵਿੱਚ ਬੈਠਾ ਹੈ। ਜਿਣਸਾਂ ਦੇ ਭਾਅ ਦਿਨੋ-ਦਿਨ ਵੱਧ ਰਹੇ ਹਨ ਲੇਕਿਨ ਲੱਕੜ ਦਾ ਭਾਅ ਦਿਨੋ-ਦਿਨ ਘੱਟ ਰਿਹਾ ਹੈ। ਪਰ ਉਥੇ ਲੱਕੜ ਮਾਫੀਏ ਨੇ ਕਬਜ਼ਾ ਕੀਤਾ ਹੋਇਆ ਹੈ। ਜਿਹੜੀ ਲੱਕੜ ਅੱਜ ਤੋਂ 10-12 ਸਾਲ ਪਹਿਲਾਂ 1000-1100 ਕੁਇੰਟਲ ਨੂੰ ਵਿਕਦੀ ਸੀ, ਉਸ ਦਾ ਭਾਅ 300-350 ਰਹਿ ਗਿਆ ਹੈ। ਇਹ ਬਾਲਣ ਤੋਂ ਵੀ ਘੱਟ ਗਿਆ ਹੈ। ਕੀ ਕਿਰਪਾ ਕਰਕੇ ਮੰਤਰੀ ਜੀ ਦੱਸਣਗੇ ਕਿ ਜਿਹੜਾ ਪਿਛਲੀ ਸਰਕਾਰ ਦੇ ਸਮੇਂ ਦਾ ਲੱਕੜ ਮਾਫੀਆ ਉਥੇ ਬੈਠਾ ਹੈ, ਮੈਂ ਨਾਂ ਨਹੀਂ ਲੈਣਾ ਚਾਹੁੰਦਾ ਹਾਂ, ਕੀ ਇਹ ਉਸ ਨੂੰ ਹਟਾਉਣਗੇ ? ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਛੋਟੇ ਕਿਸਾਨ ਹਨ, ਜਿਨ੍ਹਾਂ ਨੇ ਛੋਟੀ ਛੋਟੀ ਲੱਕੜ ਬੀਜੀ ਹੋਈ ਹੈ, ਉਨ੍ਹਾਂ ਨੂੰ

ਕਟਾਈ ਸਮੇਂ ਉਸ ਨੂੰ ਵੇਚਣ ਲੱਗਿਆਂ ਬਹੁਤ ਵੱਡੀ ਮੁਸ਼ਕਲ ਆ ਰਹੀ ਹੈ, ਉਨ੍ਹਾਂ ਕਿਸਾਨਾਂ ਨੂੰ ਲੱਕੜ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਕਿਰਪਾ ਕਰਕੇ ਮੰਤਰੀ ਜੀ ਦੱਸਣਗੇ ਕਿ ਜਿਹੜਾ ਲੱਕੜ ਮਾਫੀਏ ਨੇ ਕਬਜ਼ਾ ਕੀਤਾ ਹੋਇਆ ਹੈ, ਉਸ ਨੂੰ ਕਿਸ ਤਰ੍ਹਾਂ ਹਟਾਉਣਗੇ?

**ਮੰਤਰੀ:** ਸਪੀਕਰ ਸਾਹਿਬ, ਕੰਢੀ ਖੇਤਰ ਅਧੀਨ ਆਉਂਦੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਵਾਣਿਤ ਫੈਲਿੰਗ ਪਾਲਿਸੀ ਮੁਤਾਬਿਕ (ਅਨੁਲਗ-I) ਅਤੇ ਪ੍ਰਧਾਨ, ਮੁੱਖ ਵਣ ਪਾਲ, ਪੰਜਾਬ ਵੱਲੋਂ ਪ੍ਰਵਾਣਿਤ ਪੰਜ ਸਾਲਾਂ ਫੈਲਿੰਗ ਪ੍ਰੋਗਰਾਮ ਮੁਤਾਬਿਕ ਜ਼ਮੀਨ ਦੇ ਮਾਲਕਾਂ ਨੂੰ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਕਟਾਈ ਲਈ ਵਣ ਵਿਭਾਗ ਵੱਲੋਂ ਪਰਮਿਟ ਜਾਰੀ ਕੀਤੇ ਜਾਂਦੇ ਹਨ। ਮਾਲਕਾਂ ਵੱਲੋਂ ਲੱਕੜ ਨੂੰ ਕਟਵਾ ਕੇ ਆਪਣੀ ਪੱਧਰ ਤੇ ਵੀ ਵੇਚਿਆ ਜਾਂਦਾ ਹੈ। ਜਿਸ ਤੇ ਵਣ ਵਿਭਾਗ ਦੀ ਕੋਈ ਦਖਲਅੰਦਾਜ਼ੀ ਨਹੀਂ ਹੈ। ਇਸ ਲਈ ਵਣ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਜੋ ਕੰਢੀ ਦੇ ਰਕਬੇ ਸ਼ਾਮਲ ਹਨ, ਉਨ੍ਹਾਂ ਵਿੱਚ ਲੱਕੜ ਦੇ ਮਾਫੀਆ ਵੱਲੋਂ ਅਣਅਧਿਕਾਰਤ ਤੌਰ ਤੇ ਲੱਕੜ ਵਪਾਰ ਤੇ ਕਬਜ਼ਾ ਕਰਨਾ ਤੱਥਾਂ ਤੇ ਆਧਾਰਿਤ ਨਹੀਂ ਹੈ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਸਪੀਕਰ ਸਾਹਿਬ, ਮੈਂ ਤਾਂ ਮੰਤਰੀ ਜੀ ਤੋਂ ਪੁੱਛ ਰਿਹਾ ਸੀ ਕਿ ਲੱਕੜ ਦਾ ਨਿਰਧਾਰਿਤ ਮੁੱਲ ਨਹੀਂ ਮਿਲ ਰਿਹਾ ਹੈ। ਇਹ ਹੋਰ ਪਾਸੇ ਲੈ ਗਏ ਹਨ। ਮੇਰਾ ਸਵਾਲ ਤਾਂ ਹੋਰ ਸੀ। ਉਥੇ ਜਿਹੜਾ ਲੱਕੜ ਦਾ ਮਾਫੀਆ ਬੈਠਾ ਹੈ, ਜਿਸ ਕਰਕੇ ਕਿਸਾਨਾਂ ਨੂੰ ਸਹੀ ਮੁੱਲ ਨਹੀਂ ਮਿਲ ਰਿਹਾ, ਉਸ ਦਾ ਇਹ ਕੀ ਕਰ ਰਹੇ ਹਨ?

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਨਾ ਤਾਂ ਕਿਸੇ ਮਾਫੀਏ ਦਾ ਨਾਂ ਲਿਆ ਅਗਰ ਇਨ੍ਹਾਂ ਦੇ ਕੋਈ ਧਿਆਨ ਵਿਚ ਹੈ ਉਹ ਦੱਸਣ, ਉਸ ਨੂੰ ਅੱਜ ਹੀ ਫੜ੍ਹ ਲਵਾਂਗੇ ਅਤੇ ਜੇਲ੍ਹ ਵਿੱਚ ਵੀ ਭੇਜਾਂਗੇ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਸਪੀਕਰ ਸਾਹਿਬ, ਮੈਂ ਹਾਊਸ ਵਿੱਚ ਉਸ ਦਾ ਨਾਂ ਨਹੀਂ ਲੈਣਾ ਚਾਹੁੰਦਾ, ਕਿਉਂਕਿ ਕਈਆਂ ਨੂੰ ਗੁੱਸਾ ਲੱਗਦਾ ਹੈ। ਇਸ ਕਰਕੇ ਮੈਂ ਇਨ੍ਹਾਂ ਨੂੰ ਮਿਲ ਕੇ ਨਾਂ ਦੱਸ ਦਿਆਂਗਾ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਠੀਕ ਹੈ ਜੀ।

**ਮੰਤਰੀ :** ਜੇਕਰ ਇਨ੍ਹਾਂ ਨੂੰ ਕੋਈ ਦਬਾਅ ਹੈ, ਲੇਕਿਨ ਮੈਨੂੰ ਤਾਂ ਕੋਈ ਡਰ ਨਹੀਂ। ਭਾਵੇਂ ਇਹ ਮਿਲ ਕੇ ਦੱਸ ਦੇਣ, ਮੈਂ ਕਾਰਵਾਈ ਜ਼ਰੂਰ ਕਰਾਂਗਾ।

-----

## ਮਨਰੇਗਾ ਵਰਕਰਜ਼ ਦੇ ਬਿੱਲਾਂ ਦਾ ਭੁਗਤਾਨ

***442. ਸ਼੍ਰੀ ਪਵਨ ਕੁਮਾਰ ਟੀਨੂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਗਨਰੇਗਾ ਵਰਕਰਜ਼ ਦੇ ਬਿੱਲਾਂ ਦਾ ਭੁਗਤਾਨ ਜ਼ਿਲ੍ਹਾਵਾਰ ਕਿੰਨਾ-ਕਿੰਨਾ

[ ਸ਼੍ਰੀ ਪਵਨ ਕੁਮਾਰ ਟੀਨੂ ]

ਅਤੇ ਕਦੋਂ ਤੋਂ ਪੈਂਡਿੰਗ ਹੈ ਅਤੇ ਇਨ੍ਹਾਂ ਬਿੱਲਾਂ ਦੀ ਬਕਾਇਆ ਰਕਮ ਦਾ ਭੁਗਤਾਨ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਮਗਨਰੇਗਾ ਅਧੀਨ ਵਰਕਰਜ਼ ਦੀ ਪੈਂਡਿੰਗ ਪੇਮੈਂਟ ਦਾ ਜ਼ਿਲ੍ਹੇਵਾਰ ਵੇਰਵਾ ਅਨੁਲਗ 'ੳ' ਤੇ ਰੱਖਿਆ ਗਿਆ ਹੈ। ਮਿਤੀ 18 ਮਈ, 2017 ਤੋਂ 19 ਜੂਨ, 2017 ਤੱਕ ਲੇਬਰ ਦੀ 30.19 ਕਰੋੜ ਰੁਪਏ ਦੀ ਅਦਾਇਗੀ ਬਕਾਇਆ ਹੈ।

ਵਰਕਰਜ਼ ਦੀ ਪੈਂਡਿੰਗ ਅਦਾਇਗੀ ਭਾਰਤ ਸਰਕਾਰ ਵੱਲੋਂ ਨੈਸ਼ਨਲ ਇਲੈਕਟ੍ਰਾਨਿਕ ਫੰਡ ਮੈਨੇਜਮੈਂਟ ਸਿਸਟਮ ਉੱਤੇ ਫੰਡ ਪ੍ਰਾਪਤ ਹੋਣ ਉਪਰੰਤ ਤੁਰੰਤ ਕਰ ਦਿੱਤੀ ਜਾਵੇਗੀ।

**ਅਨੁਲੱਗ 'ੳ'**

ਮਗਨਰੇਗਾ ਸਕੀਮ ਅਧੀਨ ਮਿਤੀ 19 ਜੂਨ, 2017 ਤੱਕ ਲੇਬਰ ਦੀ ਪੈਂਡਿੰਗ ਅਦਾਇਗੀ ਦਾ ਵੇਰਵਾ :-

| **ਲੜੀ ਨੰ.** | **ਜ਼ਿਲ੍ਹਾ** | **ਰਾਸ਼ੀ (ਲੱਖਾਂ ਵਿੱਚ)** |
|---|---|---|
| 1 | ਹੁਸ਼ਿਆਰਪੁਰ | 23.85 |
| 2 | ਅੰਮ੍ਰਿਤਸਰ | 75.55 |
| 3 | ਜਲੰਧਰ | 20.41 |
| 4 | ਨਵਾਂ ਸ਼ਹਿਰ | 8.33 |
| 5 | ਬਰਨਾਲਾ | 360.31 |
| 6 | ਬਠਿੰਡਾ | 113.25 |
| 7 | ਫਰੀਦਕੋਟ | 92.12 |
| 8 | ਫਤਿਹਗੜ੍ਹ ਸਾਹਿਬ | 144.77 |
| 9 | ਫਾਜ਼ਿਲਕਾ | 202.39 |
| 10 | ਫਿਰੋਜ਼ਪੁਰ | 27.73 |
| 11 | ਗੁਰਦਾਸਪੁਰ | 192.63 |
| 12 | ਕਪੂਰਥਲਾ | 6.64 |
| 13 | ਲੁਧਿਆਣਾ | 436.63 |
| 14 | ਮਾਨਸਾ | 11.46 |

| | | |
|---|---|---|
| 15 | ਮੋਗਾ | 341.72 |
| 16 | ਮੁਕਤਸਰ | 356.76 |
| 17 | ਪਠਾਨਕੋਟ | 23.63 |
| 18 | ਪਟਿਆਲਾ | 369.28 |
| 19 | ਰੋਪੜ | 3.15 |
| 20 | ਸੰਗਰੂਰ | 111.96 |
| 21 | ਮੋਹਾਲੀ | 11.06 |
| 22 | ਤਰਨ ਤਾਰਨ | 85.92 |
| | **ਕੁੱਲ** | **3019.55** |

**ਸ਼੍ਰੀ ਪਵਨ ਕੁਮਾਰ ਟੀਨੂ :** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਮੈਂ ਸਵਾਲ ਕੀਤਾ ਹੈ, ਇਹ ਪੰਜਾਬ ਦੇ ਲੱਖਾਂ ਮਜਦੂਰਾਂ ਦਾ ਹੈ ਜਿਨ੍ਹਾਂ ਕੋਲ ਨਾ ਕੋਈ ਫੈਕਟਰੀ ਹੈ, ਨਾ ਦੁਕਾਨ ਹੈ, ਨਾ ਕਾਰਖਾਨਾ ਹੈ ਅਤੇ ਨਾ ਜ਼ਮੀਨ ਹੈ। ਉਹ ਸਿਰਫ ਆਪਣੀ ਮਿਹਨਤ ਵੇਚਦੇ ਹਨ। ਉਨ੍ਹਾਂ ਦਾ ਮਿਹਨਤ ਦਾ ਮੁਆਵਜ਼ਾ, ਉਨ੍ਹਾਂ ਦੀ ਮਿਹਨਤ ਦੀ ਕਮਾਈ ਵੀ ਟਾਈਮ ਸਿਰ ਨਹੀਂ ਦਿੱਤੀ ਜਾਂਦੀ। ਮੈਂ ਮਾਨਯੋਗ ਮੰਤਰੀ ਜੀ, ਤੁਹਾਡੇ ਕੋਲੋਂ ਸਵਾਲ ਪੁੱਛਣਾ ਹੈ ਕਿ ਤੁਸੀਂ ਕਦੋਂ ਤੱਕ ਇਹ ਪੇਮੈਂਟ ਜਾਰੀ ਕਰਵਾ ਦਿਉਗੇ? ਮੇਰੀ ਬੇਨਤੀ ਹੈ ਕਿ ਅਫ਼ਸਰਾਂ ਦੀ, ਸਰਕਾਰ ਦੀ ਬਹਾਨੇਬਾਜ਼ੀ ਹੈ ਕਿ ਸੈਂਟਰ ਤੋਂ ਪੇਮੈਂਟ ਨਹੀਂ ਆਈ। ਸੈਂਟਰ ਕਹਿੰਦਾ ਹੈ ਕਿ ਤੁਹਾਡੀਆਂ ਲਿਸਟਾਂ ਨਹੀਂ ਆਈਆਂ, ਤੁਹਾਡਾ ਨੋ ਡਿਊ ਸਰਟੀਫਿਕੇਟ ਨਹੀਂ ਆਇਆ, ਇਹ ਬਹਾਨੇਬਾਜ਼ੀ ਹੈ। ਇਹ ਮਜ਼ਦੂਰਾਂ ਨਾਲ ਮਜ਼ਾਕ ਹੈ।

**ਮਾਨਯੋਗ ਸਪੀਕਰ :** ਤੁਸੀਂ ਪਲੀਜ਼ ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਟਾਈਮ ਦੱਸਣ ਕਿ ਕਦੋਂ ਤੱਕ ਪੇਮੈਂਟ ਜਾਰੀ ਕਰ ਦੇਣਗੇ? ਕੀ ਅੱਗੇ ਤੋਂ ਇਨਸ਼ਿਓਰ ਕਰਵਾਉਣਗੇ ਕਿ ਮਜ਼ਦੂਰ ਨੂੰ ਉਸ ਦੀ ਮਿਹਨਤ ਦਾ ਮੁਆਵਜ਼ਾ ਟਾਈਮ ਸਿਰ ਮਿਲੇ? ਮੈਂ ਤਾਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਅਤੇ ਮੈਂ ਆਫਰ ਵੀ ਕਰਦਾ ਹਾਂ ਕਿ ਅਫ਼ਸਰਾਂ ਦੀਆਂ, ਐਮ.ਐਲ.ਏਜ਼., ਮੰਤਰੀਆਂ ਦੀਆਂ ਤਨਖਾਹਾਂ ਉਨੀ ਦੇਰ ਬੰਦ ਕਰੋ ਅਤੇ ਸਭ ਤੋਂ ਪਹਿਲਾਂ ਮਜ਼ਦੂਰ ਦੀ, ਮਨਰੇਗਾ ਤਹਿਤ ਮਜ਼ਦੂਰਾਂ ਦੀਆਂ ਤਨਖਾਹਾਂ ਦਿਉ ਤੇ ਟਾਈਮ ਸਿਰ ਦਿਉ।

**ਮਾਨਯੋਗ ਸਪੀਕਰ :** ਮੰਤਰੀ ਜੀ, ਕੋਈ ਸਮਾਂ ਸੀਮਾ ਦੱਸ ਸਕਦੇ ਹੋ? (ਵਿਘਨ) (ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਜੇ ਇਹ ਸਵਾਲ ਇਨ੍ਹਾਂ ਦੇ ਕਿਸੇ ਐਮ.ਪੀ. ਨੇ ਪਾਰਲੀਮੈਂਟ ਵਿੱਚ ਵੀ ਕੀਤਾ ਹੁੰਦਾ ਤਾਂ ਚੰਗੀ ਗੱਲ ਸੀ। ਪੇਮੈਂਟ ਸੈਂਟਰ ਸਰਕਾਰ ਵੱਲੋਂ ਆਉਣੀ ਹੈ, ਜਿਸ ਦਿਨ ਆ ਗਈ, ਉਸੇ ਦਿਨ ਪੇਮੈਂਟ ਖਾਤਿਆਂ ਵਿੱਚ ਚਲੀ ਜਾਣੀ ਹੈ। ਇਹ ਪੇਮੈਂਟ ਸਿੱਧੀ ਲਾਭਪਾਤਰੀਆਂ ਦੇ ਖਾਤੇ ਵਿੱਚ ਜਾਂਦੀ ਹੈ। ਇਸ ਵਿੱਚ ਪੰਜਾਬ ਸਰਕਾਰ ਦਾ ਕੋਈ ਰੋਲ ਨਹੀਂ ਹੈ। (ਵਿਘਨ) (ਸ਼ੋਰ)

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ :** ਸਵਾਲ ਟੀਨੂ ਜੀ ਦਾ ਹੈ। (ਵਿਘਨ) (ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਇਹ ਤਾਂ ਪੱਲਾ ਝਾੜਨ ਵਾਲੀ ਗੱਲ ਹੈ। ਇਹ ਮਹਿਕਮਾ ਤੁਹਾਡੇ ਕੋਲ ਹੈ। ਤੁਸੀਂ ਜਵਾਬ ਕਿਉਂ ਬਣਾਇਆ? ਤੁਸੀਂ ਪਹਿਲਾਂ ਹੀ ਜਵਾਬ ਲਿਖ ਕੇ ਭੇਜ ਦਿੰਦੇ ਕਿ ਇਹ ਸੈਂਟਰ ਦਾ ਮਸਲਾ ਹੈ। ਛੱਡ ਦਿਉ ਮਹਿਕਮਾ। ਫਿਰ ਸਟੇਟ ਮਨਰੇਗਾ ਦਾ ਕੰਮ ਨਾ ਕਰੇ। ਤੁਸੀਂ ਜ਼ਿੰਮੇਵਾਰੀ ਲਉ ਅਤੇ ਆਪਾਂ ਮਜ਼ਦੂਰ ਅਤੇ ਗਰੀਬ ਪ੍ਰਤੀ.....

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਮੰਤਰੀ ਜੀ ਦੱਸਣ ਕਿ ਕਿੰਨੀ ਦੇਰ ਵਿੱਚ ਉਨ੍ਹਾਂ ਗਰੀਬਾਂ ਦੀ ਮਿਹਨਤ ਦਾ ਪੈਸਾ ਦੇ ਦਿੱਤਾ ਜਾਵੇਗਾ? ਕਿਰਪਾ ਕਰਕੇ ਕੋਈ ਮਹੀਨਾ, ਕੋਈ ਦਿਨ ਦੇ ਦੇਣ।

**ਮੰਤਰੀ :** ਟੀਨੂ ਜੀ, ਮਹਿਕਮਾ ਤਾਂ ਮੈਨੂੰ ਲੋਕਾਂ ਨੇ ਦਿੱਤਾ, ਕੈਪਟਨ ਅਮਰਿੰਦਰ ਸਿੰਘ ਜੀ ਨੇ ਦਿੱਤਾ, ਤੁਹਾਡੇ ਕਹਿਣ ਤੇ ਚੱਲਣਾ ਨਹੀਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਸੀਂ ਪੇਮੈਂਟ ਲਈ ਟਰਾਈ ਕਰ ਰਹੇ ਹਾਂ। ਚਿੱਠੀਆਂ ਵੀ ਲਿਖੀਆਂ ਹਨ। ਅਸੀਂ ਵੀ ਉਨੇ ਹੀ ਮਜ਼ਦੂਰਾਂ ਦੇ ਹਮਦਰਦ ਹਾਂ ਜਿੰਨੇ ਤੁਸੀਂ ਆਪਣੇ ਆਪ ਨੂੰ ਕਹਿੰਦੇ ਹੋ। ਪੇਮੈਂਟ ਬਹੁਤ ਛੇਤੀ ਆ ਜਾਵੇਗੀ। ਛੇਤੀ ਹੀ ਉਨ੍ਹਾਂ ਦੇ ਖਾਤੇ ਵਿੱਚ ਆ ਜਾਵੇਗੀ।

**ਮਾਨਯੋਗ ਸਪੀਕਰ :** ਸ਼੍ਰੀ ਭਾਰਤ ਭੂਸ਼ਣ ਆਸ਼ੂ ਜੀ, ਤੁਸੀਂ ਆਪਣਾ ਸਵਾਲ ਪੁੱਟ ਕਰੋ। (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਬਲਬੀਰ ਸਿੰਘ ਸਿੱਧੂ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੀ ਅਮਨ ਅਰੋੜਾ, ਮੈਂਬਰ, ਆਮ ਆਦਮੀ ਪਾਰਟੀ ਅਤੇ ਸ਼੍ਰੀ ਪਵਨ ਕੁਮਾਰ ਟੀਨੂ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਤੁਸੀਂ ਸਾਰੇ ਬੈਠ ਜਾਉ। ਸ਼੍ਰੀ ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ। (ਵਿਘਨ) (ਸ਼ੋਰ) ਹੈਲਥ ਮਨਿਸਟਰ ਸਾਹਿਬ ਖੜ੍ਹੇ ਹਨ, ਪਲੀਜ਼ ਸੁਣੋ। (ਵਿਘਨ) (ਸ਼ੋਰ)

-----

## ਲੁਧਿਆਣਾ ਵੈਸਟ ਵਿਧਾਨ ਸਭਾ ਹਲਕੇ ਵਿੱਚ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਖਾਲੀ ਪਈਆਂ ਅਸਾਮੀਆਂ

***294. ਸ੍ਰੀ ਭਾਰਤ ਭੂਸ਼ਣ ਆਸ਼ੂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਵੈਸਟ, ਵਿਧਾਨ ਸਭਾ ਹਲਕੇ ਵਿੱਚ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਸ਼੍ਰੇਣੀ-ਵਾਰ ਖਾਲੀ ਪਈਆਂ ਅਸਾਮੀਆਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਉਪਰਾਲੇ ਕੀਤੇ ਜਾ ਰਹੇ ਹਨ?

**Shri Brahm Mohindra:** Respected Sir,The following posts are lying vacant presently under the Health institutions of the Ludhiana West Assembly Constituency:-

7 posts of Medical Officers are sanctioned, out of which 3 post are filled and 4 posts are lying vacant, 2 posts of Pharmacists are sanctioned out of which 1 post is filled and 1 post is vacant and 22 posts of Multipurpose Health Worker (female) are sanctioned out of which 21 posts are filled and only 1 is vacant.

The efforts are also being made to fill up the vacant posts of Doctors, Pharmacists and Multipurpose Health Worker (female) by the Department.

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਪੀਕਰ ਸਾਹਿਬ, ਹਰ ਦੂਸਰਾ-ਤੀਸਰਾ ਸਵਾਲ ਇਹੋ ਆ ਰਿਹਾ ਹੈ ਤੇ ਇਸ ਵਾਸਤੇ ਜਵਾਬ ਵੀ ਆਲਮੋਸਟ ਮਿਲ ਹੀ ਚੁੱਕਾ ਹੈ। ਇਸ ਕਰਕੇ ਰਿਕੁਐਸਟ ਇੰਨੀ ਕੁ ਹੀ ਹੈ ਕਿ ਕੀ ਇਹੋ ਜਿਹਾ ਅਰੇਂਜਮੈਂਟ ਹੋ ਸਕਦਾ ਹੈ ਕਿ ਜਿੱਥੇ ਡਾਕਟਰ ਨਹੀਂ ਹਨ ਉਥੇ ਆਲਟਰਨੇਟ ਦਿਨਾਂ ਲਈ ਡਾਕਟਰ ਰੋਟੇਟ ਕਰਕੇ ਲਗਾਏ ਜਾਣ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੀ ਸਰਵਿਸ ਮਿਲ ਸਕੇ...

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-----

## WRITTEN ANSWERS TO STARRED QUETIONS LAID ON THE TABLE OF THE HOUSE UNDER RULE 38

### ਜਗਰਾਉਂ ਸ਼ਹਿਰ ਵਿੱਚ ਸੀਵਰੇਜ ਸਿਸਟਮ ਨਾ ਹੋਣਾ

*383. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਜਗਰਾਉਂ ਸ਼ਹਿਰ ਵਿੱਚ ਸੀਵਰੇਜ ਬਲਾਕੇਜ ਦੀ ਵੱਡੀ ਸਮੱਸਿਆ ਹੈ ਤੇ ਸ਼ਹਿਰ ਦੇ ਕੁਝ ਖੇਤਰ ਬਿਨਾ ਸੀਵਰੇਜ ਸਿਸਟਮ ਤੋਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਸ ਲਈ ਕੀ ਉਪਰਾਲੇ ਕਰ ਰਹੀ ਹੈ;

(ਅ) ਸਾਲ 2015-16 ਦੇ ਦੌਰਾਨ ਜਗਰਾਉਂ ਸ਼ਹਿਰ ਵਿੱਚ ਪੁਰਾਣੇ ਸੀਵਰੇਜ ਦੀ ਮੁਰੰਮਤ ਕਰਨ ਤੇ ਨਵਾਂ ਸੀਵਰੇਜ ਪਾਉਣ ਲਈ ਰਾਖਵੇਂ ਰੱਖੇ ਗਏ ਫੰਡਾਂ ਦੀ ਕੁੱਲ ਰਕਮ ਕਿੰਨੀ ਸੀ ਅਤੇ ਕੀ ਇਨ੍ਹਾਂ ਫੰਡਾਂ ਦੀ ਵਰਤੋਂ ਕਰ ਲਈ ਗਈ ਹੈ; ਜੇਕਰ ਨਹੀਂ ਤਾਂ ਖਰਚ ਨਾ ਹੋਏ ਫੰਡਾਂ ਦੇ ਵੇਰਵੇ ਅਤੇ ਕਾਰਨ ਕੀ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਇਹ ਠੀਕ ਹੈ। ਇਹ ਸੀਵਰ ਸਿਲਟ-ਅਪ ਦੀ ਸਮੱਸਿਆ ਸਿਰਫ ਜਗਰਾਉਂ ਦੀ ਹੀ ਨਹੀਂ, ਸਾਰੇ ਪੰਜਾਬ ਦੇ ਸ਼ਹਿਰਾਂ ਦੀ ਹੈ। ਪਿਛਲੇ ਸਾਲਾਂ ਵਿੱਚ ਇਸ ਮੁੱਦੇ ਨੂੰ ਅਣਗੌਲਿਆ ਗਿਆ ਹੈ। ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ ਵੀ ਇਹੋ ਸਮੱਸਿਆ ਹੈ। ਸਰਕਾਰ ਪੱਧਰ ਤੇ ਇਸ ਸਮੱਸਿਆ ਦਾ ਪੱਕਾ ਹੱਲ ਕਰਨ ਲਈ ਸੁਪਰ ਸੱਕਰ ਮਸ਼ੀਨਾਂ ਨਾਲ ਸੀਵਰ ਡੀ-ਸਿਲਟਿੰਗ ਕਰਵਾਉਣ ਦਾ ਉਪਰਾਲਾ ਆਰੰਭਿਆ ਗਿਆ ਹੈ। ਨਵੀਆਂ ਮਸ਼ੀਨਾਂ ਖਰੀਦ ਕੀਤੇ ਜਾਣ ਦਾ ਸਰਕਾਰ ਪੱਧਰ ਤੇ ਵਿਚਾਰ ਕੀਤਾ ਜਾ ਰਿਹਾ ਹੈ।

ਸ਼ਹਿਰ ਦੇ ਕੁਝ ਖੇਤਰ ਬਿਨਾ ਸੀਵਰ ਲਾਈਨਾਂ ਤੋਂ ਹਨ। ਸ਼ਹਿਰ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਦੀਆਂ ਸਹੂਲਤਾਂ ਦੇਣ ਲਈ 57.48 ਕਰੋੜ ਰੁਪਏ ਦੀ ਡੀ.ਪੀ.ਆਰ. ਅਕਤੂਬਰ, 2011 ਵਿੱਚ ਗਲਾਡਾ ਅਧੀਨ ਪ੍ਰਵਾਨ ਕੀਤੀ ਗਈ ਸੀ। ਇਸ ਡੀ.ਪੀ.ਆਰ. ਵਿੱਚ 49.68 ਕਰੋੜ ਰੁਪਏ ਸੀਵਰ ਅਤੇ 7.80 ਕਰੋੜ ਰੁਪਏ ਵਾਟਰ ਸਪਲਾਈ ਲਈ ਪ੍ਰਵਾਨ ਕੀਤੇ ਗਏ ਹਨ। ਪ੍ਰੰਤੂ ਗਲਾਡਾ ਵੱਲੋਂ 8.91 ਕਰੋੜ ਰੁਪਏ, ਪੀ.ਐਮ.ਆਈ.ਡੀ.ਐਫ.-ਹੁਡਕੋ ਵੱਲੋਂ 10 ਕਰੋੜ ਰੁਪਏ ਅਤੇ ਅਰਬਨ ਮਿਸ਼ਨ ਤਹਿਤ 17.58 ਕਰੋੜ ਰੁਪਏ ਦੇ ਫੰਡਜ਼ ਪ੍ਰਾਪਤ ਹੋਏ ਹਨ। ਇਸ ਸਕੀਮ ਅਧੀਨ ਕੁੱਲ 36.49 ਕਰੋੜ ਰੁਪਏ ਪ੍ਰਾਪਤ ਹੋਏ। ਇਨ੍ਹਾਂ ਪ੍ਰਾਪਤ ਹੋਏ ਫੰਡਾਂ ਨਾਲ 4 ਏਕੜ ਭੌਂ ਪ੍ਰਾਪਤੀ, 5 ਟਿਊਬਵੈੱਲ, 41.52 ਕਿਲੋਮੀਟਰ ਸੀਵਰ ਲਾਈਨਾਂ, ਇੱਕ ਮੇਨ ਪੰਪਿੰਗ ਸਟੇਸ਼ਨ, 2 ਨੰਬਰ ਸੀਵੇਜ ਟਰੀਟਮੈਂਟ ਪਲਾਂਟ ਅਤੇ ਇੱਕ ਨੰਬਰ ਮੇਨ ਪੰਪਿੰਗ ਸਟੇਸ਼ਨ ਨੂੰ ਮੁੜ ਸੁਰਜੀਤ ਕਰਨ ਦਾ ਕੰਮ ਅਤੇ ਇੱਕ ਨਵਾਂ

ਮੇਨ ਪੰਪਿੰਗ ਸਟੇਸ਼ਨ ਬਣਾਉਣ ਦਾ ਕੰਮ ਹੋ ਚੁੱਕਾ ਹੈ। ਬਾਕੀ ਰਹਿੰਦੇ ਕੰਮ ਫੰਡ ਪ੍ਰਾਪਤ ਹੋਣ ਤੇ ਮੁਕੰਮਲ ਕੀਤੇ ਜਾਣੇ ਹਨ।

(ਅ) ਸਾਲ 2015-16 ਦੇ ਦੌਰਾਨ ਜਗਰਾਉਂ ਸ਼ਹਿਰ ਵਿੱਚ ਪੁਰਾਣੇ ਸੀਵਰੇਜ ਦੀ ਮੁਰੰਮਤ ਲਈ ਕੋਈ ਫੰਡ ਰਾਖਵੇਂ ਨਹੀਂ ਰੱਖੇ ਗਏ ਸਨ ਅਤੇ ਪ੍ਰੰਤੂ ਨਵਾਂ ਸੀਵਰ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਅਰਬਨ ਮਿਸ਼ਨ ਤਹਿਤ 42.32 ਕਰੋੜ ਰੁਪਏ ਦੀ ਵਿਵਸਥਾ ਪ੍ਰਾਵਨ ਕੀਤੀ ਗਈ ਸੀ। ਜਿਸ ਤਹਿਤ ਪਿਛਲੀ ਸਰਕਾਰ ਵੱਲੋਂ 17.58 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ। ਜੋ ਨੁਕਤਾ (ੳ) ਅਧੀਨ ਦਰਸਾਏ ਕੰਮਾਂ ਤੇ ਖਰਚ ਕੀਤੇ ਜਾ ਚੁੱਕੇ ਹਨ।

-----

## ਅਪਰ ਬਾਰੀ ਦੋਆਬ ਨਹਿਰ ਦੀ ਲਾਈਨਿੰਗ ਕਰਨਾ

***358. ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੱਪਰ ਬਾਰੀ ਦੋਆਬ ਨਹਿਰ ਦੀ ਲਾਈਨਿੰਗ ਕਰਨ ਅਤੇ ਇਸ ਦੇ ਕਿਨਾਰਿਆਂ ਤੇ ਪੱਟੜੀ ਨੂੰ ਪੱਕੀ ਕਰਨ/ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਰਾਣਾ ਗੁਰਜੀਤ ਸਿੰਘ :** ਜੀ ਹਾਂ, ਅਪਰ ਬਾਰੀ ਦੁਆਬ ਨਹਿਰ ਸਿਸਟਮ ਦੀ ਲਾਈਨਿੰਗ/ਰਿਪੇਅਰ ਕਰਨ ਵਾਸਤੇ ਇੱਕ ਪ੍ਰੋਜੈਕਟ ਅਨੁਮਾਨ ਜਿਸ ਦੀ ਲਾਗਤ 1112.34 ਕਰੋੜ ਰੁਪਏ ਬਣਦੀ ਹੈ, ਸੈਂਟਰਲ ਵਾਟਰ ਕਮਿਸ਼ਨ, ਨਵੀਂ ਦਿੱਲੀ ਵਲੋਂ ਤਕਨੀਕੀ ਤੌਰ ਤੇ ਮਨਜੂਰ ਕੀਤਾ ਗਿਆ ਹੈ। ਫੰਡਜ਼ ਪ੍ਰਾਪਤ ਹੋਣ ਤੇ ਕੰਮ ਕਰਵਾ ਦਿੱਤਾ ਜਾਵੇਗਾ।

-----

## UNSTARRED QUESTIONS AND ANSWERS

## ਪੈਨਸ੍ਹਨ ਲੈਣ ਵਾਲੇ ਲਾਭ-ਪਾਤਰੀਆਂ ਦੀ ਗਿਣਤੀ

**26. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਮਿਤੀ 31-03-2017 ਤੱਕ ਬੁਢਾਪਾ, ਵਿਧਵਾ, ਅੰਗਹੀਣ, ਆਸ਼੍ਰਿਤ ਬੱਚਿਆ ਦੀ ਕੈਟਾਗਿਰੀ ਵਿੱਚ ਪੈਨਸ਼ਨ ਲੈਣ ਵਾਲੇ ਲਾਭ-ਪਾਤਰੀਆਂ ਦੀ ਜਿਲ੍ਹਾ ਵਾਈਜ਼ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਲਾਭ-ਪਾਤਰੀਆਂ ਨੂੰ ਮਿਤੀ 31-03-2017 ਤੱਕ ਕਿੰਨੀ ਰਾਸ਼ੀ ਜਾਰੀ ਕੀਤੀ ਅਤੇ ਬਕਾਇਆ ਰਾਸ਼ੀ ਕਦੋ ਤੱਕ ਜਾਰੀ ਕਰਨ ਦੀ ਸੰਭਾਵਨਾ ਹੈ।

(ਅ) ਕੀ ਪੈਨਸ਼ਨ ਦੀ ਰਾਸ਼ੀ 2500/- ਰੁਪਏ ਜਾਂ ਇਸ ਤੋਂ ਵੱਧ ਕਰਨ ਬਾਰੇ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਵਾਧਾ ਕਦੋਂ ਲਾਗੂ ਕੀਤਾ ਜਾਵੇਗਾ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ,

(ੳ) ਮਿਤੀ 31.03.2017 ਤੱਕ ਪੰਜਾਬ ਰਾਜ ਵਿੱਚ ਬੁਢਾਪਾ, ਵਿਧਵਾ, ਅੰਗਹੀਣ, ਆਸ਼੍ਰਿਤ ਬੱਚਿਆਂ ਦੇ ਕੁੱਲ 19,08,074 ਲਾਭਪਾਤਰੀ ਹਨ। ਮਿਤੀ 31.03.2017 ਤੱਕ 746.56 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਜ਼ਿਲ੍ਹਾਵਾਰ ਵੇਰਵਾ ਅਨੁਲੱਗ-ੳ ਅਨੁਸਾਰ ਹੈ। ਚਾਲੂ ਵਿੱਤੀ ਸਾਲ ਦੌਰਾਨ 256.74 ਕਰੋੜ ਰੁਪਏ ਦਾ ਬਜਟ ਉਪਬੰਧ ਹੈ ਜਿਸ ਵਿੱਚੋਂ ਮਹੀਨਾ ਨਵੰਬਰ, 2016 ਤੋਂ ਜਨਵਰੀ, 2017 ਲਈ 250.16 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਬਕਾਇਆ ਰਾਸ਼ੀ ਦੇ ਬਿੱਲ ਖਜ਼ਾਨਾ ਦਫਤਰਾਂ ਵਿੱਚ ਕਾਰਵਾਈ ਅਧੀਨ ਹਨ।

(ਅ) ਨਹੀਂ ਜੀ।

**ਜ਼ਿਲ੍ਹਾਵਾਰ ਲਾਭਪਾਤਰੀਆਂ ਦੀ ਗਿਣਤੀ ਅਤੇ ਖਰਚਾ ਰਿਪੋਰਟ 2016-17**

**ਅਨੁਲੱਗ-ੳ**

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਜ਼ਿਲ੍ਹਾਵਾਰ ਲਾਭਪਾਤਰੀਆਂ ਦੀ ਗਿਣਤੀ | | | | ਕੁੱਲ ਜੋੜ | ਜ਼ਿਲ੍ਹਾ ਵਾਰ 31/03/2017 ਤੱਕ ਜਾਰੀ (ਰਾਸ਼ੀ ਲੱਖਾਂ ਵਿੱਚ) |
|---|---|---|---|---|---|---|---|
| | | ਬੁਢਾਪਾ | ਵਿਧਵਾ | ਅੰਗਹੀਣ | ਨਿਆਸ਼੍ਰਿਤ ਬੱਚੇ | | |
| 1 | ਅੰਮ੍ਰਿਤਸਰ | 95854 | 23349 | 8894 | 4641 | 133738 | 5301.49 |
| 2 | ਬਰਨਾਲਾ | 26326 | 6342 | 4348 | 1969 | 38985 | 582.47 |
| 3 | ਬਠਿੰਡਾ | 76637 | 19402 | 9144 | 7378 | 112561 | 3997.97 |
| 4 | ਸ੍ਰੀ ਫਤਿਹਗੜ੍ਹ ਸਾਹਿਬ | 29355 | 8987 | 3545 | 3547 | 45434 | 1645.26 |
| 5 | ਫਰੀਦਕੋਟ | 33697 | 8124 | 4240 | 3217 | 49278 | 1992.92 |
| 6 | ਫਿਰੋਜਪੁਰ | 56235 | 10790 | 5990 | 3627 | 76642 | 3547.79 |
| 7 | ਫਾਜ਼ਿਲਕਾ | 55074 | 13778 | 6986 | 4094 | 79932 | 2814.42 |
| 8 | ਗੁਰਦਾਸਪੁਰ | 101628 | 23736 | 8761 | 9764 | 144889 | 5229.93 |
| 9 | ਪਠਾਨਕੋਟ | 25030 | 7730 | 3298 | 3015 | 39073 | 1552.04 |
| 10 | ਹੁਸ਼ਿਆਰਪੁਰ | 63276 | 25392 | 11575 | 13089 | 113332 | 4024.38 |
| 11 | ਜਲੰਧਰ | 74032 | 29456 | 7792 | 8537 | 119817 | 4280.93 |

| | | | | | | | |
|---|---|---|---|---|---|---|---|
| 12 | ਕਪੂਰਥਲਾ | 30001 | 10066 | 4221 | 4325 | 48613 | 1709.19 |
| 13 | ਲੁਧਿਆਣਾ | 105672 | 36946 | 11872 | 10475 | 165139 | 6200.28 |
| 14 | ਸ਼੍ਰੀ ਮੁਕਤਸਰ ਸਾਹਿਬ | 42922 | 11087 | 4561 | 4205 | 62775 | 2828.32 |
| 15 | ਮੋਗਾ | 53821 | 12488 | 6856 | 4534 | 77699 | 3065.52 |
| 16 | ਮਾਨਸਾ | 63314 | 11000 | 6996 | 4543 | 85853 | 2969.39 |
| 17 | ਐਸ.ਬੀ.ਐਸ. ਨਗਰ | 29579 | 11086 | 4903 | 4734 | 50302 | 2005.78 |
| 18 | ਪਟਿਆਲਾ | 82025 | 22572 | 10516 | 6805 | 121918 | 5127.13 |
| 19 | ਰੂਪਨਗਰ | 29400 | 9598 | 4546 | 4348 | 47892 | 1869.83 |
| 20 | ਐਸ.ਏ.ਐਸ. ਨਗਰ | 24210 | 7825 | 3655 | 3956 | 39646 | 1552.73 |
| 21 | ਸੰਗਰੂਰ | 98559 | 22519 | 14480 | 7928 | 143486 | 6290.14 |
| 22 | ਤਰਨ ਤਾਰਨ | 85906 | 16046 | 7811 | 3481 | 113244 | 6068.42 |
| | ਜੋੜ | 128255 | 34831 | 15499 | 122212 | 190807 | 74656.33 |

----

## ਰਾਮਪੁਰਾ ਫੂਲ ਵਿਖੇ ਨਵੇਂ ਟਿਊਬਵੈੱਲ ਲਗਾਉਣਾ

**82. ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਦੇ ਪਿੰਡ ਰਾਈਆਂ ਵਿਖੇ ਲਗਾਏ ਗਏ ਟਿਊਬਵੈੱਲ ਦੇ ਬੋਰ ਫੇਲ੍ਹ ਹੋਣ ਤੇ ਨਵੇਂ ਟਿਊਬਵੈੱਲ ਲਗਵਾਉਣ ਦੀ ਸਰਕਾਰ ਦੀ ਕੋਈ ਨਵੀਂ ਤਜਵੀਜ਼ ਹੈ;

(ਅ) ਕੀ ਗਰਾਮ ਪੰਚਾਇਤ ਕੋਠੇ ਪਿੱਪਲੀ ਅਤੇ ਕੋਠੇ ਸੁਖਾਨੰਦ (ਰਾਮਪੁਰਾ ਫੂਲ ਵਿਧਾਨ ਸਭਾ ਹਲਕਾ) ਵਿਖੇ 100 ਪ੍ਰਤੀਸ਼ਤ ਘਰਾਂ ਨੂੰ ਸ਼ੁੱਧ ਪਾਣੀ ਦੀ ਸਪਲਾਈ ਲਈ ਨਵੇਂ ਵਾਟਰ ਵਰਕਸ ਦੀ ਉਸਾਰੀ ਦੀ ਵੀ ਕੋਈ ਤਜਵੀਜ਼ ਹੈ;

(ੲ) ਪਿੰਡ ਸੰਲਬਹਾਰ, ਰਾਈਆਂ, ਢਿਪਾਲੀ, ਬੁਰਜ ਗਿੱਲ ਅਤੇ ਦੁੱਲੇ ਵਾਲਾ ਵਿਖੇ ਜਲ

[ ਸਰਦਾਰ ਗੁਰਪ੍ਰੀਤ ਸਿੰਘ ਕਾਂਗੜ ]

ਸਪਲਾਈ ਦੇ ਸੁਧਾਰ ਲਈ ਹਰ ਘਰ ਦਾ ਪਾਣੀ ਕੁਨੈਕਸ਼ਨ ਨਵੇਂ ਸਿਰੇ ਤੋਂ ਸਮੇਤ ਫਰੂਲ, ਟੂੱਟੀ ਨਾਲ ਕਰਵਾਉਣ ਸਬੰਧੀ ਅਤੇ ਰਹਿੰਦੀਆਂ ਢਾਹਣੀਆਂ ਨੂੰ ਨਵੀਂ ਪਾਈਪ ਲਾਈਨ ਪਾਉਣ ਅਤੇ ਵਾਟਰ ਵਰਕਸ ਦੀ ਰਿਪੇਅਰ ਕਰਨ ਅਤੇ ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਵਾਟਰ ਵਰਕਸ ਦੀ ਪੰਪਿੰਗ ਮਸ਼ੀਨਰੀ ਨਵੀਂ ਲਾਉਣ ਦੀ ਵੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਪਿੰਡ ਰਾਈਆਂ ਦੀ ਵਾਟਰ ਸਪਲਾਈ ਸਕੀਮ ਤੇ ਲੱਗਿਆ ਟਿਊਬਵੈੱਲ ਫੇਲ੍ਹ ਹੋਣ ਕਾਰਨ ਇਸ ਸਕੀਮ ਤੇ ਨਵਾਂ ਟਿਊਬਵੈੱਲ ਲਗਾਉਣ ਦਾ ਤਖਮੀਨਾ ਵਰਲਡ ਬੈਂਕ ਪ੍ਰਾਜੈਕਟ ਤਹਿਤ 25.31 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਵਿਰੁੱਧ ਲਾਭਪਾਤਰੀ ਹਿੱਸਾ 0.77 ਲੱਖ ਰੁਪਏ ਪਿੰਡ ਵਾਸੀਆਂ ਵੱਲੋਂ ਜਮ੍ਹਾਂ ਕਰਵਾਉਣਾ ਬਣਦਾ ਹੈ। ਕੰਮ ਕਰਵਾਉਣ ਤੋਂ ਪਹਿਲਾਂ ਲਾਭਪਾਤਰੀ ਹਿੱਸਾ ਅਤੇ ਗ੍ਰਾਮ ਪੰਚਾਇਤ ਤੋਂ ਵਾਟਰ ਸਪਲਾਈ ਸਕੀਮ ਦੀ ਦੇਖਭਾਲ ਦਾ ਕੰਮ ਸੰਭਾਲਣ ਸਬੰਧੀ ਲੋੜੀਂਦਾ ਮਤਾ ਲੈਣਾ ਜ਼ਰੂਰੀ ਹੈ, ਜਿਸ ਲਈ ਉਪਰਾਲੇ ਕੀਤੇ ਜਾ ਰਹੇ ਹਨ। ਲਾਭਪਾਤਰੀ ਹਿੱਸਾ ਅਤੇ ਗ੍ਰਾਮ ਪੰਚਾਇਤ ਤੋਂ ਮਤਾ ਪ੍ਰਾਪਤ ਹੋਣ ਤੇ ਨਵਾਂ ਟਿਊਬਵੈੱਲ ਲਗਾਉਣ ਦਾ ਤਖਮੀਨਾ ਸਮਰੱਥ ਅਥਾਰਟੀ ਤੋਂ ਪ੍ਰਵਾਨ ਕਰਵਾ ਕੇ ਮੌਕੇ ਤੇ ਕੰਮ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾ ਦਿੱਤਾ ਜਾਵੇਗਾ।

(ਅ) ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਵਿੱਚ ਪੈਂਦੇ ਪਿੰਡ ਕੋਠੇ ਪਿੱਪਲੀ ਅਤੇ ਕੋਠੇ ਸੁਖਾਨੰਦ ਦੇ 100 ਪ੍ਰਤੀਸ਼ਤ ਘਰਾਂ ਨੂੰ ਸ਼ੁੱਧ ਪਾਣੀ ਦੀ ਸਪਲਾਈ ਦੇਣ ਲਈ ਨਵੇਂ ਵਾਟਰ ਵਰਕਸਾਂ ਦੀ ਉਸਾਰੀ ਸਬੰਧੀ ਤਖਮੀਨੇ ਵਰਲਡ ਬੈਂਕ ਪ੍ਰਾਜੈਕਟ ਫੇਜ਼ 2 ਦੇ ਕੰਪੋਨੈਂਟ 1ਏ ਤਹਿਤ ਕ੍ਰਮਵਾਰ 78.15 ਲੱਖ ਰੁਪਏ ਅਤੇ 49.08 ਲੱਖ ਰੁਪਏ ਦੇ ਤਿਆਰ ਕੀਤੇ ਗਏ ਹਨ। ਇਨ੍ਹਾਂ ਕੰਮਾਂ ਵਿਰੁੱਧ ਕ੍ਰਮਵਾਰ 0.84 ਲੱਖ ਰੁਪਏ ਅਤੇ 1.18 ਲੱਖ ਰੁਪਏ ਲਾਭਪਾਤਰੀ ਹਿੱਸਾ ਪਿੰਡ ਵਾਸੀਆਂ ਵੱਲੋਂ ਜਮ੍ਹਾਂ ਕਰਵਾਉਣਾ ਬਣਦਾ ਹੈ ਅਤੇ ਨਾਲ ਹੀ ਪਿੰਡ ਵਾਸੀਆਂ ਵੱਲੋਂ ਉਕਤ ਸਕੀਮਾਂ ਨੂੰ ਟੇਕ-ਓਵਰ ਕਰਨ ਸਬੰਧੀ ਲੋੜੀਂਦੇ ਮਤੇ ਪ੍ਰਾਪਤ ਕਰਨ ਹਿੱਤ ਵੀ ਉਪਰਾਲੇ ਕੀਤੇ ਜਾ ਰਹੇ ਹਨ। ਨਵੇਂ ਵਾਟਰ ਵਰਕਸਾਂ ਦੀ ਉਸਾਰੀ ਦੇ ਤਖਮੀਨੇ ਵਰਲਡ ਬੈਂਕ ਪਾਸੋਂ ਬਣਦਾ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਲਾਭਪਾਤਰੀ ਹਿੱਸਾ ਜੀ.ਪੀ.ਡਬਲਯੂ. ਐਸ.ਸੀ. ਦੇ ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ। ਉਸ ਉਪਰੰਤ ਤਖਮੀਨੇ ਸਮਰੱਥ ਅਥਾਰਟੀ ਤੋਂ ਪ੍ਰਵਾਨ ਕਰਵਾ ਕੇ ਮੌਕੇ ਤੇ ਕੰਮ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

(ੲ) ਪਿੰਡ ਸੰਲਬਹਾਰ, ਰਾਈਆਂ, ਢਿਪਾਲੀ, ਬੁਰਜ ਗਿੱਲ, ਅਤੇ ਦੁੱਲੇਵਾਲਾ ਵਿਖੇ ਜਲ ਸਪਲਾਈ ਸਕੀਮਾਂ ਦੇ ਸੁਧਾਰ ਲਈ ਹਰ ਘਰ ਦਾ ਪਾਣੀ ਕੁਨੈਕਸ਼ਨ ਨਵੇਂ ਸਿਰੇ ਤੋਂ ਸਮੇਤ

ਫ਼ਰੂਲ ਦੇ ਦੇਣ ਦੀ ਤਜਵੀਜ਼ ਬਣਾਈ ਗਈ ਹੈ। ਇਸ ਲਈ ਵਰਲਡ ਬੈਂਕ ਪ੍ਰਾਜੈਕਟ ਦੇ ਕੰਪੋਨੈਂਟ 2ਏ ਤਹਿਤ ਕ੍ਰਮਵਾਰ 26.64 ਲੱਖ ਰੁਪਏ, 25.31 ਲੱਖ ਰੁਪਏ, 19.99 ਲੱਖ ਰੁਪਏ, 13.93 ਲੱਖ ਰੁਪਏ ਅਤੇ 13.05 ਲੱਖ ਰੁਪਏ ਦੇ ਤਖਮੀਨੇ ਤਿਆਰ ਕੀਤੇ ਗਏ ਹਨ, ਜਿਸ ਵਿਰੁੱਧ ਕ੍ਰਮਵਾਰ ਲਾਭਪਾਤਰੀ ਹਿੱਸਾ 0.49 ਲੱਖ ਰੁਪਏ, 0.77 ਲੱਖ ਰੁਪਏ, 1.15 ਲੱਖ ਰੁਪਏ, 0.25 ਲੱਖ ਰੁਪਏ ਅਤੇ 0.19 ਲੱਖ ਰੁਪਏ ਪਿੰਡ ਵਾਸੀਆਂ ਵੱਲੋਂ ਜਮ੍ਹਾਂ ਕਰਵਾਉਣਾ ਬਣਦਾ ਹੈ। ਕੰਮ ਕਰਵਾਉਣ ਤੋਂ ਪਹਿਲਾਂ ਲਾਭਪਾਤਰੀ ਹਿੱਸਾ ਅਤੇ ਗ੍ਰਾਮ ਪੰਚਾਇਤ ਤੋਂ ਵਾਟਰ ਸਪਲਾਈ ਸਕੀਮ ਦੀ ਦੇਖਭਾਲ ਦਾ ਕੰਮ ਸੰਭਾਲਣ ਸਬੰਧੀ ਮਤਾ ਲੈਣਾ ਜ਼ਰੂਰੀ ਹੈ, ਜਿਸ ਲਈ ਉਪਰਾਲੇ ਕੀਤੇ ਜਾ ਰਹੇ ਹਨ। ਲਾਭਪਾਤਰੀ ਹਿੱਸਾ ਅਤੇ ਗ੍ਰਾਮ ਪੰਚਾਇਤ ਤੋਂ ਮਤਾ ਪ੍ਰਾਪਤ ਹੋਣ ਤੇ ਵਾਟਰ ਵਰਕਸਾਂ ਦੇ ਸੁਧਾਰ ਅਤੇ ਹੋਰ ਕੰਮ ਕਰਵਾਉਣ ਦੇ ਤਖਮੀਨੇ ਸਮਰੱਥ ਅਥਾਰਟੀ ਤੋਂ ਪ੍ਰਵਾਨ ਕਰਵਾ ਕੇ ਮੌਕੇ ਤੇ ਕੰਮ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਵਾਟਰ ਵਰਕਸ ਦੀ ਨਵੀਂ ਪੰਪਿੰਗ ਮਸ਼ੀਨ ਲਗਾਉਣ ਦਾ ਤਖਮੀਨਾ ਬਾਬਤ ਲਾਗਤ 1.02 ਲੱਖ ਰੁਪਏ ਡਿਪਾਜ਼ਿਟ ਵਰਕ ਹੈੱਡ ਤਹਿਤ ਤਿਆਰ ਕਰਕੇ ਸਿਹਤ ਵਿਭਾਗ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਲਈ ਭੇਜਿਆ ਹੋਇਆ ਹੈ। ਲੋੜੀਂਦੀ ਪ੍ਰਵਾਨਗੀ ਅਤੇ ਫੰਡਜ਼ ਉਪਲਬਧ ਹੋਣ ਉਪਰੰਤ ਬਣਦਾ ਕੰਮ ਇੱਕ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾ ਦਿੱਤਾ ਜਾਵੇਗਾ।

----

### ਹਲਕਾ ਮੁਕੇਰੀਆਂ ਦੇ ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾਉਣਾ

**68. ਸ਼੍ਰੀ ਰਜਨੀਸ਼ ਕੁਮਾਰ :** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਹਲਕੇ ਦੇ ਪਿੰਡਾਂ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ. ਸਿਸਟਮ ਲਗਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੋਵੇ ਤਾਂ ਇਹ ਆਰ.ਓ. ਸਿਸਟਮ ਕਦੋਂ ਤੱਕ ਕਿੱਥੇ-ਕਿੱਥੇ ਲਗਾਏ ਜਾਣਗੇ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਵਿਧਾਨ ਸਭਾ ਹਲਕਾ ਮੁਕੇਰੀਆਂ ਦੇ ਵਿੱਚ ਪੈਂਦੇ ਕੁੱਲ 26 ਪਿੰਡਾਂ ਨੂੰ ਮਹਿਕਮੇ ਦੀਆਂ 93 ਸਕੀਮਾਂ ਰਾਹੀਂ ਜਲ ਸਪਲਾਈ ਮੁਹੱਈਆ ਕੀਤੀ ਜਾ ਰਹੀ ਹੈ। ਇਨ੍ਹਾਂ ਪਿੰਡਾਂ ਵਿੱਚੋਂ 26 ਪਿੰਡ ਜਿਨ੍ਹਾਂ ਨੂੰ 13 ਜਲ ਸਪਲਾਈ ਸਕੀਮਾਂ ਤੋਂ ਪਾਣੀ ਸਪਲਾਈ ਕੀਤਾ ਜਾਂਦਾ ਹੈ, ਦੇ ਪਾਣੀ ਵਿੱਚ ਰਸਾਇਣਿਕ ਤੱਤ ਜਿਵੇਂ ਕਿ ਨਿਕਲ, ਐਲੂਮੀਨੀਅਮ, ਲੈੱਡ, ਆਇਰਨ ਅਤੇ ਕ੍ਰੋਮੀਅਮ ਦੀ ਮਾਤਰਾ ਭਾਰਤੀ ਮਾਣਕ ਬਿਊਰੋ (ਬੀ.ਆਈ.ਐਸ.) ਵੱਲੋਂ ਨਿਰਧਾਰਿਤ ਸੀਮਾ ਤੋਂ ਜ਼ਿਆਦਾ ਪਾਈ ਗਈ ਹੈ। ਉਪਰੋਕਤ 26 ਪਿੰਡਾਂ ਵਿੱਚੋਂ ਦੋ ਪਿੰਡਾਂ ਜਾਹਿਦਪੁਰ ਅਵਾਣਾ ਅਤੇ ਮਾਨਾ ਭੱਟੀਆਂ ਵਿੱਚ ਆਰ.ਓ. ਪਲਾਂਟ ਲਗਾਏ ਜਾ ਚੁੱਕੇ ਹਨ। ਬਾਕੀ 24 ਪਿੰਡਾਂ ਵਿੱਚ ਭਵਿੱਖ ਵਿੱਚ ਆਰ.ਓ./ਆਇਰਨ

[ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ]
ਰਿਮੂਵਲ ਪਲਾਂਟ ਲਗਾਉਣੇ ਵਿਚਾਰ ਅਧੀਨ ਹਨ।

-----

**ਪੈਨਸ਼ਨ ਲਗਾਉਣ ਲਈ ਸਰਵੇ**

**27. ਸਰਦਾਰ ਜਗਦੇਵ ਸਿੰਘ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਬਠਿੰਡਾ ਵਿੱਚ ਬਹੁਤ ਸਾਰੇ ਲੋੜਵੰਦਾਂ ਨੂੰ ਬੁਢਾਪਾ/ਵਿਧਵਾ/ਅੰਗਹੀਣ ਪੈਨਸ਼ਨ ਨਹੀਂ ਦਿੱਤੀ ਜਾ ਰਹੀ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਅਜਿਹੇ ਵਿਅਕਤੀਆਂ ਦਾ ਪਤਾ ਲਗਾਉਣ ਲਈ ਕੋਈ ਸਰਵੇ ਕਰਵਾਇਆ ਜਾ ਰਿਹਾ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, (ੳ) ਨਹੀਂ ਜੀ।

(ਅ) ਨਹੀਂ ਜੀ।

----

**ਮੁਕੇਰੀਆਂ ਵਿਖੇ ਡਾਕਟਰ ਬੀ.ਆਰ. ਅੰਬੇਦਕਰ ਪਾਰਕ ਦੀ ਉਸਾਰੀ**

**55. ਸ੍ਰੀ ਰਜਨੀਸ਼ ਕੁਮਾਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੁਕੇਰੀਆਂ ਸ਼ਹਿਰ ਵਿਖੇ ਨੀਂਹ ਪੱਥਰ ਰੱਖੇ ਗਏ ਡਾਕਟਰ ਬੀ.ਆਰ. ਅੰਬੇਦਕਰ ਪਾਰਕ ਦੀ ਉਸਾਰੀ ਦਾ ਕੰਮ ਕਿਉਂ ਸ਼ੁਰੂ ਨਹੀਂ ਕੀਤਾ ਗਿਆ ਅਤੇ ਇਸ ਪਾਰਕ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ?

**ਸਰਦਾਰ ਨਵਜੋਤ ਸਿੰਘ ਸਿੱਧੂ :** ਸ਼੍ਰੀਮਾਨ ਜੀ, ਇਸ ਕੰਮ ਲਈ ਟੈਂਡਰ ਮਿਤੀ 16.07.2013 ਰਾਹੀਂ ਲਗਵਾਇਆ ਗਿਆ ਸੀ ਪਰ ਪ੍ਰਸ਼ਾਸਕੀ ਕਾਰਨਾਂ ਕਰਕੇ ਇਹ ਟੈਂਡਰ ਕੈਂਸਲ ਕਰ ਦਿੱਤਾ ਗਿਆ ਸੀ । ਇਸ ਕੰਮ ਲਈ ਦੁਬਾਰਾ ਨਗਰ ਕੌਂਸਲ, ਮੁਕੇਰੀਆਂ ਵੱਲੋਂ ਮਤਾ ਨੰ: 15 (45) ਮਿਤੀ 27.04.2017 ਰਾਹੀਂ ਡਾ: ਬੀ.ਆਰ.ਅੰਬੇਦਕਰ ਜੀ ਦੇ ਬੁੱਤ ਲਗਵਾਉਣ ਅਤੇ ਪਾਰਕ ਬਣਾਉਣ ਲਈ 14.00 ਲੱਖ ਰੁਪਿਆ ਪ੍ਰਵਾਨ ਕੀਤਾ ਹੈ । ਇਸ ਕੰਮ ਦਾ ਟੈਂਡਰ ਕਾਲ ਕਰਕੇ ਇਹ ਕੰਮ ਕਰਵਾ ਦਿੱਤਾ ਜਾਵੇਗਾ ।

----

**ਪੀ.ਸੀ.ਐਸ. ਅਧਿਕਾਰੀਆਂ ਦੀ ਨਾਮੀਨੇਸ਼ਨ ਸਬੰਧੀ**

**85. ਸਰਦਾਰ ਬਲਵਿੰਦਰ ਸਿੰਘ ਬੈਂਸ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਸਰਕਾਰ ਵੱਲੋਂ ਸਾਲ 2008, 2012 ਅਤੇ 2013 ਦੇ ਦੌਰਾਨ

ਪੀ.ਸੀ.ਐਸ.ਅਧਿਕਾਰੀਆਂ ਦੀ ਨੋਮੀਨੇਸ਼ਨ ਰਾਹੀਂ ਰਜਿਸਟਰ ਏ-II ਅਤੇ ਰਜਿਸਟਰ-ਸੀ ਵਿਚ ਨਿਯੁਕਤ ਕੀਤੇ ਗਏ ਅਧਿਕਾਰੀਆਂ ਦੀ ਵਿਦਿਅਕ ਯੋਗਤਾ ਕੀ ਕੀ ਹੈ ਅਤੇ ਕੀ ਇਨ੍ਹਾਂ ਵਿਚੋਂ ਕਿਸੇ ਦੇ ਵਿਰੁੱਧ ਕਦੇ ਕੋਈ ਵਿਭਾਗੀ ਕਾਰਵਾਈ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਨਤੀਜੇ ਨਿਕਲੇ ਹਨ ਅਤੇ ਇਨ੍ਹਾਂ ਅਧਿਕਾਰੀਆਂ ਦੀ ਆਰੰਭ ਤੋਂ ਲੈ ਕੇ ਹੁਣ ਤੱਕ ਦੀ ਏ.ਸੀ.ਆਰਜ਼ ਦੇ ਸਾਲਵਾਰ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪੀ.ਸੀ.ਐਸ. ਅਧਿਕਾਰੀ ਨਿਯੁਕਤ ਕੀਤੇ ਗਏ ਸ਼੍ਰੀ ਰਮਨ ਕੁਮਾਰ ਕੋਛੜ ਦੀ ਗ੍ਰੈਜੂਏਸ਼ਨ ਦੀ ਡਿਗਰੀ ਦੀ ਇੱਕ ਕਾਪੀ ਮੁਹੱਈਆ ਕਰਵਾਈ ਜਾਵੇ ਅਤੇ ਇਸ ਨਿਯੁਕਤੀ ਸਬੰਧੀ ਵਿਭਾਗੀ ਮਨਜ਼ੂਰੀ ਦੀ ਇੱਕ ਕਾਪੀ ਵੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਕੈਪਟਨ ਅਮਰਿੰਦਰ ਸਿੰਘ:** (ੳ) ਸ਼੍ਰੀਮਾਨ ਜੀ, ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਸਾਲ 2008, 2012 ਅਤੇ 2013 ਦੀਆਂ ਰਜਿਸਟਰ ਏ-II ਅਤੇ ਰਜਿਸਟਰ-ਸੀ ਵਿੱਚ ਸਿਲੈਕਟ ਕੀਤੇ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਅਤੇ ਵਿਭਾਗੀ ਕਾਰਵਾਈ ਸਬੰਧੀ ਸੂਚਨਾ (ਉਨ੍ਹਾਂ ਦੀਆਂ ਸਰਵਿਸ ਬੁੱਕਾਂ ਅਨੁਸਾਰ) ਕ੍ਰਮਵਾਰ ਅਨੁਲੱਗ ੳ ** ਤੇ ** ਅ ਤੇ ਉਪਲਬਧ ਹੈ। ਇਨ੍ਹਾਂ ਅਧਿਕਾਰੀਆਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਸਬੰਧੀ ਸਾਲਵਾਰ ਵੇਰਵਾ ਕ੍ਰਮਵਾਰ ਅਨੁਲੱਗ ੲ** ਅਤੇ ਸ** ਤੇ ਉਪਲਬਧ ਹੈ।

(ਅ) ਦਫਤਰੀ ਰਿਕਾਰਡ ਵਿੱਚ ਸ਼੍ਰੀ ਰਮਨ ਕੁਮਾਰ ਕੋਛੜ ਦੀ ਗ੍ਰੈਜੂਏਸ਼ਨ ਦੀ ਡਿਗਰੀ ਉਪਲਬਧ ਨਹੀਂ ਹੈ ਜਦ ਕਿ ਇਸ ਅਧਿਕਾਰੀ ਦੀ ਅਨਾਮਲਾਈ ਯੂਨੀਵਰਸਿਟੀ ਤੋਂ ਹਾਸਲ ਕੀਤੀ ਐਮ.ਏ. (ਹਿਸਟਰੀ), ਪੰਜਾਬ ਯੂਨੀਵਰਸਿਟੀ ਤੋਂ ਹਾਸਲ ਕੀਤੀ ਐਮ.ਏ. (ਆਰਟਸ) ਅਤੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਹਾਸਲ ਕੀਤੀ ਐਮ.ਬੀ.ਏ.ਦੀ ਡਿਗਰੀ ਉਪਲਬਧ ਹੈ ਅਤੇ ਇਸ ਅਧਿਕਾਰੀ ਦੀ ਨਿਯੁਕਤੀ ਸਬੰਧੀ ਸਰਕਾਰ ਵੱਲੋਂ ਦਿੱਤੀ ਮਨਜ਼ੂਰੀ ਦੀ ਕਾਪੀ ਅਨੁਲੱਗ ** ਕ ਤੇ ਉਪਲਬਧ ਹੈ।

----

## ਹਲਕਾ ਮੁਕੇਰੀਆਂ ਵਿੱਚ ਫੋਕਲ ਪੁਆਇੰਟ ਸਥਾਪਤ ਕਰਨ ਸਬੰਧੀ

**67. ਸ਼੍ਰੀ ਰਜ਼ਨੀਸ਼ ਕੁਮਾਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਹਲਕਾ ਮੁਕੇਰੀਆਂ ਵਿੱਚ ਕੁੱਲ ਕਿੰਨੇ ਫੋਕਲ ਪੁਆਇੰਟ ਸਥਾਪਿਤ ਕੀਤੇ ਗਏ ਹਨ ਅਤੇ ਕੀ ਸਰਕਾਰ ਵਲੋਂ ਇਸ ਹਲਕੇ ਵਿੱਚ ਹੋਰ ਫੋਕਲ ਪੁਆਇੰਟ ਸਥਾਪਿਤ ਕਰਨ ਦਾ ਕੋਈ ਵਿਚਾਰ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ੍ਰੀਮਾਨ ਜੀ, ਹਲਕਾ ਮੁਕੇਰੀਆਂ ਵਿੱਚ ਕੁੱਲ 8 ਫੋਕਲ ਪੁਆਇੰਟ ਹਨ। ਨਵੇਂ ਫੋਕਲ ਪੁਆਇੰਟ ਲਈ ਕੋਈ ਤਜ਼ਵੀਜ਼ ਨਹੀਂ ਹੈ।

-----

** Placed in the Revisor Branch.

## ਪਿੰਡ ਬੀੜ ਪੁਆਦ, ਤਹਿਸੀਲ ਫਗਵਾੜਾ ਵਿਖੇ ਟੈਸਟ ਡਰਾਈਵਿੰਗ ਟੈਸਟ ਸੈਂਟਰ ਚਾਲੂ ਕਰਨਾ

**57. ਸ੍ਰੀ ਸੋਮ ਪ੍ਰਕਾਸ਼ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਬੀੜ ਪੁਆਦ ਤਹਿਸੀਲ ਫਗਵਾੜਾ ਵਿਖੇ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਡਰਾਈਵਿੰਗ ਟੈਸਟ ਸੈਂਟਰ ਬਣ ਕੇ ਤਿਆਰ ਹੋ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ। ਇਹ ਮਿਤੀ 8.12.2016 ਤੋਂ ਚਾਲੂ ਹੋ ਗਿਆ ਹੈ।

-----

## ਮੁਕੇਰੀਆਂ ਦੇ ਵਾਰਡਾਂ ਦੀਆਂ ਸੜਕਾਂ ਦੀ ਮੁਰਮੰਤ ਅਤੇ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਕਰਨਾ

**54. ਸ੍ਰੀ ਰਜਨੀਸ਼ ਕੁਮਾਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਮਿਊਂਸਿਪਲ ਕਮੇਟੀ ਮੁਕੇਰੀਆਂ ਦੇ ਵਾਰਡ ਨੰ: 1 ਦੀਆਂ ਟੁੱਟੀਆਂ ਹੋਈਆਂ ਸੜਕਾਂ ਦੀ ਮੁਰਮੰਤ ਕਦੋਂ ਤੱਕ ਕਰ ਦਿੱਤੀ ਜਾਵੇਗੀ ;

(ਅ) ਉਪਰੋਕਤ ਕਮੇਟੀ ਦੇ ਵਾਰਡਾਂ ਵਿਚ ਪੀਣ ਵਾਲੇ ਸਾਫ ਪਾਣੀ ਦੇ ਕੀ ਪ੍ਰਬੰਧ ਕੀਤੇ ਗਏ ਹਨ ਅਤੇ ਕਿਹੜੇ ਕਿਹੜੇ ਵਾਰਡਾਂ ਵਿੱਚ ਪਾਣੀ ਦੀ ਸਮੱਸਿਆ ਆ ਰਹੀ ਹੈ ਅਤੇ ਇਸ ਨੂੰ ਦੂਰ ਕਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ ?

**ਸਰਦਾਰ ਨਵਜੋਤ ਸਿੰਘ ਸਿੱਧੂ :** ਸ਼੍ਰੀਮਾਨ ਜੀ, (ੳ) ਵਾਰਡ ਨੰ: 1 ਦੀਆਂ ਟੁੱਟੀਆਂ ਸੜਕਾਂ/ਗਲੀਆਂ ਦੀ ਮੁਰਮੰਤ ਲਈ ਨਗਰ ਕੌਂਸਲ ਵੱਲੋਂ ਮਤਾ ਨੰ: 25 (15, 17, 44 ਅਤੇ 83) ਮਿਤੀ 17-03-2016 ਰਾਹੀਂ 18.95 ਲੱਖ ਰੁਪਏ, ਮਤਾ ਨੰ: 113(2 ਅਤੇ 14) ਮਿਤੀ 02-08-2016 ਰਾਹੀਂ 2.40 ਲੱਖ ਰੁਪਏ ਅਤੇ ਮਤਾ ਨੰ: 15 (35, 36, 38 ਅਤੇ 44) ਮਿਤੀ 27.04.2017 ਰਾਹੀਂ 18.63 ਲੱਖ ਰੁਪਏ ਇਸ ਤਰ੍ਹਾਂ ਕੁੱਲ 39.98 ਲੱਖ ਰੁਪਏ ਦੇ ਤਖਮੀਨੇ ਪ੍ਰਵਾਨ ਕੀਤੇ ਗਏ ਹਨ । ਟੈਂਡਰ ਬੁਲਾ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।

ਅ) ਵਾਰਡ ਨੰ: 1 ਵਿੱਚ ਪੀਣ ਵਾਲੇ ਸਾਫ ਪਾਣੀ ਲਈ ਨਗਰ ਕੌਂਸਲ ਵੱਲੋਂ ਟਿਊਬਵੈੱਲ ਦਾ ਡੀਪ ਬੋਰ ਕਰਵਾ ਦਿੱਤਾ ਗਿਆ ਹੈ । ਇਸ ਨੂੰ ਚਾਲੂ ਕਰਨ ਲਈ ਨਗਰ ਕੌਂਸਲ ਵੱਲੋਂ ਪੰਜਾਬ ਰਾਜ ਪਾਵਰ ਕਾਰਪੋਰੇਸਨ ਲਿਮਟਿਡ, ਮੁਕੇਰੀਆਂ ਨੂੰ ਬਿਜਲੀ ਦਾ ਕੁਨੈਕਸ਼ਨ ਲੈਣ

ਲਈ ਪੱਤਰ ਨੰ: 947 ਮਿਤੀ 15-06-2017 ਰਾਹੀਂ ਲਿਖਿਆ ਹੋਇਆ ਹੈ । ਇਸ ਵਾਰਡ ਵਿੱਚ ਮਤਾ ਨੰ: 15(31) ਮਿਤੀ 27-04-2017 ਰਾਹੀਂ 1.50 ਲੱਖ ਰੁਪਏ ਪਾਣੀ ਦੀ ਪਾਈਪ ਲਾਈਨ ਵਿਛਾਉਣ ਲਈ ਪ੍ਰਵਾਨ ਕੀਤਾ ਹੈ । ਟੈਂਡਰ ਕਾਲ ਕਰਕੇ ਇਹ ਪਾਈਪ ਲਾਈਨ ਵਿਛਾ ਦਿੱਤੀ ਜਾਵੇਗੀ । ਹੋਰ ਕਿਸੇ ਵੀ ਵਾਰਡ ਵਿੱਚ ਪੀਣ ਵਾਲੇ ਪਾਣੀ ਦੀ ਕੋਈ ਸਮੱਸਿਆ ਨਹੀਂ ਹੈ ।

-------

## ਤਹਿਸੀਲਾਂ ਵਿੱਚ ਜ਼ਮੀਨ ਦੇ ਮੁਸ਼ਤਰਕਾ ਖਾਤੇ ਦੀ ਵੰਡ

**46. ਸਰਦਾਰ ਬਲਦੇਵ ਸਿੰਘ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਅਪਰੈਲ, 2017 ਤੱਕ ਵੱਖ ਵੱਖ ਤਹਿਸੀਲਾਂ ਵਿੱਚ ਜ਼ਮੀਨ ਦੇ ਮੁਸ਼ਤਰਕਾ ਖਾਤੇ ਦੀ ਵੰਡ ਦੇ ਕਿੰਨੇ ਕੇਸ (ਤਹਿਸੀਲ ਵਾਰ) ਪੈਂਡਿੰਗ ਪਏ ਹਨ ਅਤੇ ਹਰੇਕ ਕੇਸ ਦੀ ਤਾਜ਼ਾ ਸਥਿਤੀ ਕੀ ਹੈ?

**ਕੈਪਟਨ ਅਮਰਿੰਦਰ ਸਿੰਘ :** ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਵਿੱਚ ਦਿੱਤੀ ਗਈ ਹੈ। ਭਾਵੇਂ ਜੋ ਇਨ੍ਹਾਂ ਕੇਸਾਂ ਵਿੱਚ ਹਰ ਇੱਕ ਕੇਸ ਦੀ ਤਾਜ਼ਾ ਸਥਿਤੀ ਨੂੰ ਵੱਖਰੇ ਤੌਰ ਤੇ ਪਤਾ ਕਰਨ ਦੀ ਲੋੜ ਹੈ, ਫਿਰ ਵੀ ਸਾਰੇ ਮਾਲ ਅਫਸਰਾਂ ਨੂੰ ਇਨ੍ਹਾਂ ਕੇਸਾਂ ਦਾ ਜਲਦੀ ਨਿਪਟਾਰਾ ਕਰਨ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

### ਸਟੇਟਮੈਂਟ

| ਜ਼ਿਲਾ | ਲੜੀ ਨੰ: | ਮਾਲ ਅਧਿਕਾਰੀ ਦਾ ਅਹੁਦਾ | ਪੈਂਡਿੰਗ ਕੇਸਾਂ ਦੀ ਗਿਣਤੀ |
|---|---|---|---|
| 1. ਮੋਗਾ | 1. | ਤਹਿਸੀਲਦਾਰ, ਮੋਗਾ | 109 |
| | 2. | ਨਾਇਬ ਤਹਿਸੀਲਦਾਰ, ਮੋਗਾ | 104 |
| | 3. | ਨਾਇਬ ਤਹਿਸੀਲਦਾਰ, ਅਜੀਤਵਾਲ | 137 |
| | 4. | ਤਹਿਸੀਲਦਾਰ, ਬਾਘਾ ਪੁਰਾਣਾ | 053 |
| | 5. | ਨਾਇਬ ਤਹਿਸੀਲਦਾਰ, ਬਾਘਾ ਪੁਰਾਣਾ | 030 |
| | 6. | ਨਾਇਬ ਤਹਿਸੀਲਦਾਰ, ਸਮਾਲਸਰ | 042 |
| | 7. | ਤਹਿਸੀਲਦਾਰ, ਧਰਮਕੋਟ | 137 |
| | 8. | ਨਾਇਬ ਤਹਿਸੀਲਦਾਰ, ਧਰਮਕੋਟ | 064 |
| | 9. | ਨਾਇਬ ਤਹਿਸੀਲਦਾਰ, ਕੋਟ ਈਸੇ ਖਾਂ | 016 |

| | | | |
|---|---|---|---|
| | 10. | ਤਹਿਸੀਲਦਾਰ, ਨਿਹਾਲ ਸਿੰਘ ਵਾਲਾ | 063 |
| | 11. | ਨਾਇਬ ਤਹਿਸੀਲਦਾਰ, ਨਿਹਾਲ ਸਿੰਘ ਵਾਲਾ | 038 |
| | 12. | ਨਾਇਬ ਤਹਿਸੀਲਦਾਰ, ਬੱਧਨੀ ਕਲਾਂ | 047 |
| | | ਕੁੱਲ: | 840 |
| 2. ਸ਼੍ਰੀ ਮੁਕਤਸਰ ਸਾਹਿਬ | 1. | ਤਹਿਸੀਲਦਾਰ, ਸ਼੍ਰੀ ਮੁਕਤਸਰ ਸਾਹਿਬ | 123 |
| | 2. | ਤਹਿਸੀਲਦਾਰ ਮਲੋਟ | 159 |
| | 3. | ਤਹਿਸੀਲਦਾਰ, ਗਿਦੜਬਾਹਾ | 307 |
| | | ਕੁੱਲ : | 589 |
| 3. ਸ਼੍ਰੀ ਫਤਿਹਗੜ ਸਾਹਿਬ | 1. | ਤਹਿਸੀਲਦਾਰ, ਸ਼੍ਰੀ ਫਤਿਹਗੜ੍ਹ ਸਾਹਿਬ | 036 |
| | 2. | ਨਾਇਬ ਤਹਿਸੀਲਦਾਰ, ਫ:ਗ:ਸਾਹਿਬ | 043 |
| | 3. | ਤਹਿਸੀਲਦਾਰ, ਬਸੀ ਪਠਾਣਾ | 015 |
| | 4. | ਨਾਇਬ ਤਹਿਸੀਲਦਾਰ, ਬਸੀ ਪਠਾਣਾ | 018 |
| | 5. | ਤਹਿਸੀਲਦਾਰ, ਅਮਲੋਹ | 003 |
| | 6. | ਨਾਇਬ ਤਹਿਸੀਲਦਾਰ, ਅਮਲੋਹ | 039 |
| | 7. | ਨਾਇਬ ਤਹਿਸੀਲਦਾਰ, ਮੰਡੀ ਗਬਿੰਦਗੜ੍ਹ | 007 |
| | 8. | ਤਹਿਸੀਲਦਾਰ, ਖਮਾਣੋਂ | 104 |
| | 9. | ਨਾਇਬ ਤਹਿਸੀਲਦਾਰ, ਖਮਾਣੋਂ | 048 |
| | | ਕੁੱਲ: | 313 |
| 4.ਫਿਰੋਜਪੁਰ | 1. | ਤਹਿਸੀਲਦਾਰ, ਫਿਰੋਜ਼ਪੁਰ | 031 |
| | 2. | ਤਹਿਸੀਲਦਾਰ, ਜ਼ੀਰਾ | 127 |
| | 3. | ਤਹਿਸੀਲਦਾਰ, ਗੁਰੂ ਹਰਸਹਾਇ | 042 |
| | 4. | ਨਾਇਬ ਤਹਿਸੀਲਦਾਰ,ਫਿਰੋਜ਼ਪੁਰ | 026 |
| | 5. | ਨਾਇਬ ਤਹਿਸੀਲਦਾਰ ਜ਼ੀਰਾ | 185 |

| | | | |
|---|---|---|---|
| | 6. | ਨਾਇਬ ਤਹਿਸੀਲਦਾਰ, ਗੁਰੂ ਹਰ ਸਹਾਇ | 023 |
| | 7. | ਨਾਇਬ ਤਹਿਸੀਲਦਾਰ, ਤਲਵੰਡੀ ਭਾਈ | 040 |
| | 8. | ਨਾਇਬ ਤਹਿਸੀਲਦਾਰ, ਮੱਖੂ | 078 |
| | 9. | ਨਾਇਬ ਤਹਿਸੀਲਦਾਰ, ਮਮਦੋਟ | 009 |
| | | ਕੁੱਲ: | 561 |
| 5.ਮਾਨਸਾ | 1. | ਤਹਿਸੀਲਦਾਰ, ਮਾਨਸਾ | 203 |
| | 2. | ਤਹਿਸੀਲਦਾਰ, ਬੁਢਲਾਡਾ | 187 |
| | 3. | ਤਹਿਸੀਲਦਾਰ, ਸਰਦੂਲਗੜ੍ਹ | 089 |
| | | ਕੁੱਲ: | 479 |
| 6.ਕਪੂਰਥਲਾ | 1. | ਤਹਿਸੀਲਦਾਰ, ਕਪੂਰਥਲਾ | 074 |
| | 2. | ਤਹਿਸੀਲਦਾਰ, ਫਗਵਾੜਾ | 039 |
| | 3. | ਤਹਿਸੀਲਦਾਰ, ਸੁਲਤਾਨਪੁਰ ਲੋਧੀ | 047 |
| | 4. | ਤਹਿਸੀਲਦਾਰ, ਭੁਲੱਥ | 032 |
| | 5. | ਨਾਇਬ ਤਹਿਸੀਲਦਾਰ, ਕਪੂਰਥਲਾ | 065 |
| | 6. | ਨਾਇਬ ਤਹਿਸੀਲਦਾਰ, ਫਗਵਾੜਾ | 062 |
| | 7. | ਨਾਇਬ ਤਹਿਸੀਲਦਾਰ, ਸੁਲਤਾਨਪੁਰ ਲੋਧੀ। | 009 |
| | 8. | ਨਾਇਬ ਤਹਿਸੀਲਦਾਰ, ਭੁਲੱਥ | 015 |
| | 9. | ਨਾਇਬ ਤਹਿਸੀਲਦਾਰ, ਢਿਲਵਾਂ | 031 |
| | | ਕੁੱਲ: | 374 |
| 7.ਸੰਗਰੂਰ | 1. | ਤਹਿਸੀਲਦਾਰ, ਮਲੇਰਕੋਟਲਾ | 061 |
| | 2. | ਨਾਇਬ ਤਹਿਸੀਲਦਾਰ, ਅਮਰਗੜ੍ਹ | 021 |
| | 3. | ਨਾਇਬ ਤਹਿਸੀਲਦਾਰ, ਦਿੜ੍ਹਬਾ | 084 |
| | 4. | ਤਹਿਸੀਲਦਾਰ, ਧੂਰੀ | 194 |
| | 5. | ਨਾਇਬ ਤਹਿਸੀਲਦਾਰ, ਸ਼ੇਰਪੁਰ | 057 |
| | 6. | ਤਹਿਸੀਲਦਾਰ, ਲਹਿਰਾ | 118 |

[ ਮੁੱਖ ਮੰਤਰੀ ]

| | | | |
|---|---|---|---|
| | 7. | ਤਹਿਸੀਲਦਾਰ, ਭਵਾਨੀਗੜ੍ਹ | 154 |
| | 8. | ਤਹਿਸੀਲਦਾਰ, ਮੂਨਕ | 050 |
| | 9. | ਨਾਇਬ ਤਹਿਸੀਲਦਾਰ ਖਨੌਰੀ | 010 |
| | 10. | ਤਹਿਸੀਲਦਾਰ, ਅਹਿਮਦਗੜ੍ਹ | 032 |
| | 11. | ਤਹਿਸੀਲਦਾਰ, ਸੁਨਾਮ | 220 |
| | 12. | ਨਾਇਬ ਤਹਿਸੀਲਦਾਰ, ਚੀਮਾ | 042 |
| | 13. | ਤਹਿਸੀਲਦਾਰ, ਸੰਗਰੂਰ | 122 |
| | 14. | ਨਾਇਬ ਤਹਿਸੀਲਦਾਰ, ਲੌਂਗੋਵਾਲ | 057 |
| | | ਕੁੱਲ: | 1242 |
| 8.ਪਟਿਆਲਾ | 1. | ਤਹਿਸੀਲਦਾਰ, ਪਟਿਆਲਾ | 060 |
| | 2. | ਨਾਇਬ ਤਹਿਸੀਲਦਾਰ, ਪਟਿਆਲਾ | 034 |
| | 3. | ਤਹਿਸੀਲਦਾਰ, ਰਾਜਪੁਰਾ | 036 |
| | 4. | ਨਾਇਬ ਤਹਿਸੀਲਦਾਰ,ਰਾਜਪੁਰਾ | 061 |
| | 5. | ਨਾਇਬ ਤਹਿਸੀਲਦਾਰ, ਘਨੌਰ | 016 |
| | 6. | ਤਹਿਸੀਲਦਾਰ, ਨਾਭਾ | 022 |
| | 7. | ਨਾਇਬ ਤਹਿਸੀਲਦਾਰ, ਨਾਭਾ | 022 |
| | 8. | ਨਾਇਬ ਤਹਿਸੀਲਦਾਰ, ਭਾਦਸੋਂ | 027 |
| | 9. | ਤਹਿਸੀਲਦਾਰ, ਸਮਾਣਾ | 036 |
| | 10. | ਨਾਇਬ ਤਹਿਸੀਲਦਾਰ, ਸਮਾਣਾ | 026 |
| | 11. | ਤਹਿਸੀਲਦਾਰ, ਪਾਤੜਾਂ | 029 |
| | 12. | ਨਾਇਬ ਤਹਿਸੀਲਦਾਰ, ਪਾਤੜਾਂ | 032 |
| | | ਕੁੱਲ: | 424 |
| 9. ਤਰਨਤਾਰਨ | 1. | ਤਰਨਤਾਰਨ | 35 |
| | 2. | ਖਡੂਰ ਸਾਹਿਬ | 71 |
| | 3. | ਪੱਟੀ | 10 |
| | | ਕੁੱਲ: | 116 |

| | | | |
|---|---|---|---|
| 10. ਸ਼ਹੀਦ ਭਗਤ ਸਿੰਘ ਨਗਰ | 1. | ਨਵਾਂ ਸ਼ਹਿਰ | 89 |
| | 2. | ਬਲਾਚੌਰ | 58 |
| | 3. | ਬੰਗਾ | 21 |
| | | ਕੁੱਲ: | 168 |
| 11.ਰੂਪਨਗਰ | 1. | ਸਬ ਤਹਿਸੀਲ, ਮੋਰਿੰਡਾ | 26 |
| | 2. | ਚਮਕੌਰ ਸਾਹਿਬ | 64 |
| | 3. | ਰੂਪਨਗਰ | 38 |
| | 4. | ਨੰਗਲ | 11 |
| | 5 | ਅਨੰਦਪੁਰ ਸਾਹਿਬ | 44 |
| | | ਕੁੱਲ: | 183 |
| 12.ਐਸ.ਏ.ਐਸ ਨਗਰ | 1. | ਮੋਹਾਲੀ | 007 |
| | 2. | ਖਰੜ | 047 |
| | 3. | ਡੇਰਾਬਸੀ | 007 |
| | | ਕੁੱਲ: | 061 |
| 13.ਪਠਾਨਕੋਟ | 1. | ਪਠਾਨਕੋਟ | 160 |
| | 2. | ਧਾਰਕਲਾਂ | 023 |
| | | ਕੁੱਲ: | 183 |
| 14.ਲੁਧਿਆਣਾ | 1. | ਰਾਏਕੋਟ | 036 |
| | 2. | ਲੁਧਿਆਣਾ ਵੈਸਟ | 008 |
| | 3. | ਲੁਧਿਆਣਾ (ਈਸਟ) | 015 |
| | 4. | ਸਮਰਾਲਾ | 163 |
| | 5. | ਖੰਨਾ | 038 |
| | 6. | ਪਾਇਲ | 037 |

[ ਮੁੱਖ ਮੰਤਰੀ ]

| | | | |
|---|---|---|---|
| | 7. | ਜਗਰਾਉਂ | 027 |
| | | ਕੁੱਲ: | 324 |
| 15.ਜਲੰਧਰ | 1. | ਸ਼ਾਹਕੋਟ | 095 |
| | 2. | ਜਲੰਧਰ - 1 | 007 |
| | 3. | ਜਲੰਧਰ - 2 | 014 |
| | 4. | ਨਕੋਦਰ | 033 |
| | 5. | ਫਿਲੌਰ | 011 |
| | | ਕੁੱਲ: | 160 |
| 16. ਹੁਸ਼ਿਆਰਪੁਰ | 1. | ਮੁਕੇਰੀਆਂ | 093 |
| | 2. | ਦਸੂਹਾ | 083 |
| | 3. | ਹੁਸ਼ਿਆਰਪੁਰ | 043 |
| | 4. | ਗੜ੍ਹਸ਼ੰਕਰ | 091 |
| | | ਕੁੱਲ: | 310 |
| 17. ਗੁਰਦਾਸਪੁਰ | 1. | ਗੁਰਦਾਸਪੁਰ | 080 |
| | 2. | ਬਟਾਲਾ | 049 |
| | 3. | ਡੇਰਾ ਬਾਬਾ ਨਾਨਕ | 019 |
| | | ਕੁੱਲ: | 148 |
| 18.ਫਾਜ਼ਿਲਕਾ | 1. | ਫਾਜ਼ਿਲਕਾ | 071 |
| | 2. | ਅਬੋਹਰ | 091 |
| | 3. | ਜਲਾਲਾਬਾਦ | 072 |
| | | ਕੁੱਲ: | 234 |
| 19. ਫਰੀਦਕੋਟ | 1. | ਫਰੀਦਕੋਟ | 076 |
| | 2. | ਜੈਤੋ | 086 |
| | 3. | ਕੋਟਕਪੂਰਾ | 075 |
| | | ਕੁੱਲ: | 237 |

| | | | |
|---|---|---|---|
| 20. ਬਠਿੰਡਾ | 1. | ਬਠਿੰਡਾ | 071 |
| | 2. | ਮੌੜ | 077 |
| | 3. | ਤਲਵੰਡੀ ਸਾਬੋ | 286 |
| | | ਕੁੱਲ: | 434 |
| 21.ਬਰਨਾਲਾ | 1. | ਤਪਾ | 114 |
| | 2. | ਬਰਨਾਲਾ | 038 |
| | | ਕੁੱਲ: | 152 |
| 22.ਅੰਮ੍ਰਿਤਸਰ | 1. | ਅੰਮ੍ਰਿਤਸਰ-1 | 010 |
| | 2. | ਅੰਮ੍ਰਿਤਸਰ-2 | 025 |
| | 3. | ਅਜਨਾਲਾ | 069 |
| | 4. | ਮਜੀਠਾ | 044 |
| | 5. | ਬਾਬਾ ਬਕਾਲਾ | 034 |
| | | ਕੁੱਲ: | 182 |

-----

## ਮਨਰੇਗਾ ਸਕੀਮ ਅਧੀਨ ਪਿੰਡਾਂ ਦੇ ਛੱਪੜਾਂ ਨੂੰ ਡੂੰਘਾ ਕਰਨਾ

**86. ਮਾਸਟਰ ਬਲਦੇਵ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਨਰੇਗਾ ਸਕੀਮ ਅਧੀਨ ਪਿੰਡਾਂ ਦੇ ਛੱਪੜਾਂ ਨੂੰ ਡੂੰਘਾ ਕਰਨ ਜਾਂ ਪਿੰਡਾਂ ਦਾ ਗੰਦਾ ਪਾਣੀ ਛੱਪੜ ਵਿੱਚੋਂ ਕੱਢ ਕੇ ਡਰੇਨ ਕੀਤਾ ਜਾ ਸਕਦਾ ਹੈ ਅਤੇ ਪਿੰਡ ਢਿੱਲਵਾਂ ਅਤੇ ਪਿੰਡ ਵਾੜਾ ਭਾਈਕਾ, ਜ਼ਿਲ੍ਹਾ ਫਰੀਦਕੋਟ ਵਿਚਲੇ ਛੱਪੜਾਂ ਦੀ ਸਫਾਈ ਅਤੇ ਡੂੰਘਾ ਕਰਨ ਲਈ 1.4.2007 ਤੋਂ 31.3. 2017 ਤੱਕ ਸਾਲ ਵਾਰ ਕਿੰਨੀ ਕਿੰਨੀ ਰਕਮ ਕਿਹੜੀ ਕਿਹੜੀ ਸਕੀਮ ਅਧੀਨ ਖਰਚ ਕੀਤੀ ਗਈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਹਾਂ ਜੀ, ਮਨਰੇਗਾ ਸਕੀਮ ਅਧੀਨ ਪਿੰਡਾਂ ਦੇ ਛੱਪੜਾਂ ਨੂੰ ਡੂੰਘਾ ਕਰਨ ਜਾਂ ਪਿੰਡਾਂ ਦਾ ਗੰਦਾ ਪਾਣੀ ਛੱਪੜ ਵਿੱਚੋਂ ਕੱਢ ਕੇ ਡਰੇਨ ਕੀਤਾ ਜਾ ਸਕਦਾ ਹੈ।

ਮਨਰੇਗਾ ਅਧੀਨ ਪਿੰਡ ਢਿੱਲਵਾਂ, ਜ਼ਿਲ੍ਹਾ ਫਰੀਦਕੋਟ ਵਿਚਲੇ ਛੱਪੜਾਂ ਦੀ ਸਫਾਈ ਅਤੇ ਡੂੰਘਾ ਕਰਨ ਲਈ 1.4.2007 ਤੋਂ 31.3.2017 ਤੱਕ ਸਾਲ ਵਾਰ ਖਰਚ ਕੀਤੀ ਗਈ ਰਕਮ ਦੇ ਵੇਰਵੇ ਅਨੁਲੱਗ "ੳ" ਉਤੇ ਰੱਖੇ ਗਏ ਹਨ ਅਤੇ ਇਸ ਸਮੇਂ ਦੌਰਾਨ ਪਿੰਡ ਵਾੜਾ

[ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ]
ਭਾਈਕਾ ਵਿਖੇ ਛੱਪੜਾਂ ਦੀ ਸਫਾਈ ਅਤੇ ਡੂੰਘਾ ਕਰਨ ਲਈ ਕੋਈ ਵੀ ਖਰਚ ਨਹੀਂ ਕੀਤਾ ਗਿਆ।

**ਅਨੁਲੱਗ "ੳ"**

**ਮਨਰੇਗਾ ਅਧੀਨ ਪਿੰਡ ਢਿੱਲਵਾਂ, ਜ਼ਿਲ੍ਹਾ ਫਰੀਦਕੋਟ ਵਿਚਲੇ ਛੱਪੜਾਂ ਦੀ ਸਫਾਈ ਅਤੇ ਡੂੰਘਾ ਕਰਨ ਲਈ 1.4.2007 ਤੋਂ 31.3.2017 ਤੱਕ ਸਾਲ ਵਾਰ ਖਰਚ ਕੀਤੀ ਗਈ ਰਕਮ ਦਾ ਵੇਰਵਾ:-**

| ਲੜੀ ਨੰਬਰ | ਪਿੰਡ ਦਾ ਨਾਂ | ਸਾਲ | ਖਰਚ ਰਾਸ਼ੀ (ਲੱਖਾਂ ਵਿੱਚ) |
|---|---|---|---|
| 1 | | 2007-08 | 0 |
| 2 | | 2008-09 | 0 |
| 3 | | 2009-10 | 11.24 |
| 4 | | 2010-11 | 9.47 |
| 5 | ਢਿੱਲਵਾਂ | 2011-12 | 0 |
| 6 | | 2012-13 | 15.24 |
| 7 | | 2013-14 | 0 |
| 8 | | 2014-15 | 6.72 |
| 9 | | 2015-16 | 0 |
| 10 | | 2016-17 | 5.13 |
| | **ਕੁੱਲ** | | **47.80** |

----

**ਰਾਮਪੁਰਾ ਫੂਲ ਵਿਖੇ ਵੈਟਰਨਰੀ ਹਸਪਤਾਲ ਬਣਾਉਣਾ**

**81. ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਮਪੁਰਾ ਫੂਲ ਵਿਖੇ ਬਣ ਰਿਹਾ ਵੈਟਰਨਰੀ ਹਸਪਤਾਲ ਅਤੇ ਹੋਸਟਲ ਕਿਸ ਸਕੀਮ ਅਧੀਨ ਬਣਾਇਆ ਜਾ ਰਿਹਾ ਹੈ; ਇਨ੍ਹਾਂ ਦੇ ਫੰਡਾਂ ਦਾ ਵਸੀਲਾ ਅਤੇ ਇਹ ਕੰਮ ਕਿਸ ਏਜੰਸੀ ਦੁਆਰਾ ਕਰਵਾਇਆ ਜਾ ਰਿਹਾ ਹੈ ਅਤੇ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ;

(ਅ) ਕੀ ਮੌਜੂਦਾ ਸਮੇਂ ਵੈਟਰਨਰੀ ਹਸਪਤਾਲ ਅਤੇ ਹੋਸਟਲ ਦਾ ਕੰਮ ਤਕਰੀਬਨ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ?

**ਕੈਪਟਨ ਅਮਰਿੰਦਰ ਸਿੰਘ :** ਸ਼੍ਰੀਮਾਨ ਜੀ, (ੳ) ਰਾਮਪੁਰਾ ਫੂਲ ਵਿਖੇ ਵੈਟਰਨਰੀ ਹਸਪਤਾਲ ਅਤੇ ਹੋਸਟਲ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ.) ਸਕੀਮ ਅਧੀਨ ਪ੍ਰਾਪਤ ਹੋਏ ਫੰਡਾਂ ਨਾਲ ਬਣਾਇਆ ਜਾ ਰਿਹਾ ਹੈ। ਇਹ ਕੰਮ ਲੋਕ ਨਿਰਮਾਣ ਵਿਭਾਗ (ਭਵਨ ਅਤੇ ਮਾਰਗ) ਪ੍ਰੋਵਿਨਸੀਅਲ ਡਵੀਜ਼ਨ, ਬਠਿੰਡਾ ਦੁਆਰਾ ਕਰਵਾਇਆ ਜਾ ਰਿਹਾ ਹੈ। ਬਾਕੀ ਰਹਿੰਦੇ ਫੰਡ ਪ੍ਰਾਪਤ ਹੋਣ ਤੇ ਰਹਿੰਦਾ ਕੰਮ ਜਲਦ ਮੁਕੰਮਲ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

(ਅ) ਹਾਂ ਜੀ। ਫੰਡਾਂ ਦੀ ਘਾਟ ਹੋਣ ਕਰਕੇ ਕੰਮ ਰੋਕ ਦਿੱਤਾ ਗਿਆ ਹੈ।

-------

## ਰਾਜ ਦੇ ਸਕੂਲਾਂ ਵਿੱਚ ਮਨਜੂਰਸ਼ੁਦਾ ਆਸਾਮੀਆਂ

**24. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ -

(ੳ) ਰਾਜ ਵਿਚ ਕੈਟਾਗਰੀਵਾਈਜ਼ ਅਤੇ ਜ਼ਿਲ੍ਹਾਵਾਈਜ਼ ਸਕੂਲਾਂ ਦੀ ਗਿਣਤੀ ਕਿੰਨੀ ਹੈ ਵੱਖ ਵੱਖ ਸਕੂਲਾਂ ਵਿਚ ਅਧਿਆਪਕਾਂ ਦੀਆਂ ਮਨਜੂਰਸ਼ੁਦਾ ਅਸਾਮੀਆਂ ਕਿਹੜੀਆਂ ਅਤੇ ਕਿੰਨੀਆਂ ਹਨ?

(ਅ) ਕੀ ਇਹ ਠੀਕ ਹੈ ਕਿ ਮਿਤੀ 31-03-2017 ਤੱਕ ਸਕੂਲਾਂ ਦੇ ਮੁਲਾਜ਼ਮਾਂ ਅਤੇ ਅਧਿਆਪਕਾਂ ਦੀ ਤਨਖਾਹ ਦੇਣੀ ਬਕਾਇਆ ਹੈ; ਜੇਕਰ ਉੱਤਰ ਹਾਂ ਵਿਚ ਹੋਵੇ ਤਾਂ ਬਕਾਇਆ ਤਨਖਾਹ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ;

(ੲ) ਕੀ ਇਹ ਠੀਕ ਹੈ ਕਿ ਰਾਜ ਸਰਕਾਰ 20 ਵਿਦਿਆਰਥੀਆਂ ਤੋਂ ਘੱਟ ਗਿਣਤੀ ਵਾਲੇ ਸਕੂਲਾਂ ਨੂੰ ਬੰਦ ਕਰਨ ਦਾ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਸਰਕਾਰ ਵੱਲੋਂ ਪਿਛਲੇ ਸਾਲਾਂ ਵਿਚ ਕੀ ਕੀ ਉਪਰਾਲੇ ਕੀਤੇ ਗਏ ਹਨ?

(ਸ) ਕੀ ਇਹ ਸਹੀ ਹੈ ਕਿ ਚਾਲੂ ਸੈਸ਼ਨ ਦੌਰਾਨ ਐਸ.ਸੀ. ਵਿਦਿਆਰਥੀਆਂ ਨੂੰ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਨਹੀਂ ਦਿੱਤੀਆਂ ਗਈਆਂ; ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਬੱਚਿਆਂ ਦੀ ਪੜ੍ਹਾਈ ਦੇ ਹੋਏ ਨੁਕਸਾਨ ਦੀ ਪੂਰਤੀ ਕਿਸ ਤਰ੍ਹਾਂ ਕੀਤੀ ਜਾਵੇਗੀ?

**ਸ਼੍ਰੀਮਤੀ ਅਰੁਨਾ ਚੌਧਰੀ :** ਸ਼੍ਰੀਮਾਨ ਜੀ, (ੳ) ਰਾਜ ਵਿਚ ਕੁੱਲ 19342 ਸਕੂਲ ਹਨ, ਕੈਟਾਗਰੀਵਾਈਜ ਪ੍ਰਾਇਮਰੀ-13000, ਮਿਡਲ ਸਕੂਲ-2680, ਹਾਈ ਸਕੂਲ-1690, ਸੀਨੀਅਰ ਸੈਕੰਡਰੀ ਸਕੂਲ-1972 ਹਨ। ਜ਼ਿਲ੍ਹੇਵਾਈਜ਼ ਅਤੇ ਕੈਟਾਗਰੀਵਾਈਜ਼ ਸਕੂਲਾਂ ਦੀ ਗਿਣਤੀ ਅਨੁਲੱਗ 'ੳ' ਤੇ ਦਰਜ ਹੈ।

ਅਧਿਆਪਕਾਂ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਪ੍ਰਿੰਸੀਪਲ, ਹੈੱਡਮਾਸਟਰ, ਲੈਕਚਰਾਰ, ਮਾਸਟਰ, ਸੀ.ਐਂਡ.ਵੀ.ਹਨ। ਜਿਨ੍ਹਾਂ ਦੀ ਕੁੱਲ ਗਿਣਤੀ 128111 ਹੈ। ਜ਼ਿਲ੍ਹਾਵਾਰ ਅਸਾਮੀਆਂ ਦੀ ਗਿਣਤੀ ਅਨੁਲੱਗ 'ਅ' ਤੇ ਦਰਜ ਹੈ।

(ਅ) ਹਾਂ ਜੀ, ਸਿੱਖਿਆ ਵਿਭਾਗ ਦੀਆਂ ਵੱਖ ਵੱਖ ਅਸਾਮੀਆਂ ਤੇ ਕੰਮ ਕਰਦੇ ਅਧਿਆਪਕਾਂ ਦੀ ਤਨਖਾਹ ਬਕਾਇਆ ਹੈ ਜੋ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ।

(ੲ) ਨਹੀਂ ਜੀ। ਸਰਕਾਰ ਦਾ 20 ਤੋਂ ਘੱਟ ਵਿਦਿਆਰਥੀਆਂ ਦੀ ਗਿਣਤੀ ਵਾਲੇ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਬੰਦ ਕਰਨ ਦਾ ਕੋਈ ਵਿਚਾਰ ਨਹੀਂ ਹੈ।

(ਸ) ਨਹੀਂ ਜੀ, ਚਾਲੂ ਸੈਸ਼ਨ ਦੌਰਾਨ ਐਸ.ਸੀ. ਵਿਦਿਆਰਥੀਆਂ ਨੂੰ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ।

**ਅਨੁਲੱਗ 'ੳ'**

**Category Wise No of Schools including - Dept Of School Education, Local Body, Social Welfere, PEDB,PSEB,RMSA Model, Meritorious**

| District | Primary | Middle | High | Senior Secondary | Grand Total |
|---|---|---|---|---|---|
| AMRITSAR | 847 | 193 | 111 | 117 | 1268 |
| BARNALA | 185 | 25 | 43 | 47 | 300 |
| BATHINDA | 398 | 74 | 72 | 132 | 676 |
| FARIDKOT | 248 | 71 | 43 | 42 | 404 |
| FATEHGARH SAHIB | 447 | 137 | 37 | 45 | 666 |
| FAZILKA | 468 | 86 | 64 | 80 | 698 |
| FEROZEPUR | 615 | 101 | 64 | 66 | 846 |
| GURDASPUR | 1111 | 228 | 91 | 117 | 1547 |

| | | | | | |
|---|---|---|---|---|---|
| HOSHIARPUR | 1255 | 223 | 137 | 133 | 1748 |
| JALANDHAR | 959 | 163 | 112 | 164 | 1398 |
| KAPURTHALA | 536 | 125 | 71 | 61 | 793 |
| LUDHIANA | 1002 | 191 | 155 | 190 | 1538 |
| MANSA | 297 | 62 | 60 | 73 | 492 |
| MOGA | 362 | 73 | 78 | 90 | 603 |
| MUKTSAR | 329 | 69 | 66 | 91 | 555 |
| PATHANKOT | 382 | 74 | 33 | 50 | 539 |
| PATIALA | 949 | 175 | 90 | 113 | 1327 |
| ROOPNAGAR | 559 | 163 | 58 | 55 | 835 |
| S.B.S. NAGAR | 424 | 107 | 48 | 57 | 636 |
| SANGRUR | 668 | 139 | 100 | 125 | 1032 |
| SAS NAGAR | 444 | 102 | 63 | 47 | 656 |
| TARN TARAN | 515 | 99 | 94 | 77 | 785 |
| **Grand Total** | **13000** | **2680** | **1690** | **1972** | **19342** |

## ਅਨੁਲੱਗ – 'ਅ'

| ਲੜੀ ਨੰ: | ਜ਼ਿਲ੍ਹਾ | ਪ੍ਰਾਇਮਰੀ | | |
|---|---|---|---|---|
| | | ਈ.ਟੀ.ਟੀ./ ਜੇ.ਬੀ.ਟੀ. | ਹੈੱਡ ਟੀਚਰ | ਸੈਂਟਰ ਹੈੱਡ ਟੀਚਰ |
| 1 | ਅੰਮ੍ਰਿਤਸਰ | 3106 | 578 | 99 |
| 2 | ਬਰਨਾਲਾ | 824 | 125 | 21 |
| 3 | ਬਠਿੰਡਾ | 1548 | 261 | 41 |
| 4 | ਫਰੀਦਕੋਟ | 931 | 143 | 27 |
| 5 | ਸ੍ਰੀ ਫਤਿਹਗੜ੍ਹ ਸਾਹਿਬ | 1002 | 248 | 47 |

| | | | | |
|---|---|---|---|---|
| 6 | ਫਾਜ਼ਿਲਕਾ | 1181 | 235 | 51 |
| 7 | ਫਿਰੋਜ਼ਪੁਰ | 1364 | 314 | 64 |
| 8 | ਗੁਰਦਾਸਪੁਰ | 2815 | 653 | 136 |
| 9 | ਹੁਸ਼ਿਆਰਪੁਰ | 3173 | 829 | 148 |
| 10 | ਜਲੰਧਰ | 3023 | 685 | 113 |
| 11 | ਕਪੂਰਥਲਾ | 1412 | 315 | 63 |
| 12 | ਲੁਧਿਆਣਾ | 3792 | 676 | 112 |
| 13 | ਮਾਨਸਾ | 968 | 183 | 34 |
| 14 | ਮੋਗਾ | 1705 | 237 | 40 |
| 15 | ਪਠਾਨਕੋਟ | 1023 | 209 | 45 |
| 16 | ਪਟਿਆਲਾ | 2419 | 547 | 110 |
| 17 | ਰੂਪਨਗਰ | 1085 | 330 | 60 |
| 18 | ਸੰਗਰੂਰ | 1870 | 425 | 77 |
| 19 | ਐੱਸ.ਏ.ਐੱਸ.ਨਗਰ | 1206 | 259 | 63 |
| 20 | ਸ.ਭ.ਸ.ਨਗਰ | 1073 | 288 | 51 |
| 21 | ਸ਼੍ਰੀ ਮੁਕਤਸਰ ਸਾਹਿਬ | 1217 | 218 | 38 |
| 22 | ਤਰਨਤਾਰਨ | 1935 | 376 | 60 |
| | **ਕੁੱਲ** | **38672** | **8134** | **1500** |

| ਲੜੀ ਨੰ: | ਜ਼ਿਲਾ | ਸੀ.ਐਂਡ.ਵੀ. ਮਾਸਟਰ ਕਾਡਰ | | | | |
|---|---|---|---|---|---|---|
| | | ਅਧਿਆਪਕ | ਵੋਕੇਸ਼ਨਲ | ਵਿਭਾਗੀ ਟੀਚਰ | ਵੋਕੇਸ਼ਨਲ | ਰ.ਮ.ਸ.ਅ (ਰਮਸਾ) |
| 1 | ਅੰਮ੍ਰਿਤਸਰ | 662 | 26 | 3370 | 326 | 97 |
| 2 | ਬਰਨਾਲਾ | 204 | 3 | 1264 | 67 | 50 |
| 3 | ਬਠਿੰਡਾ | 462 | 20 | 2493 | 162 | 110 |
| 4 | ਫਰੀਦਕੋਟ | 264 | 20 | 1406 | 76 | 50 |
| 5 | ਸ਼੍ਰੀ ਫਤਿਹਗੜ੍ਹ ਸਾਹਿਬ | 258 | 13 | 1153 | 60 | 40 |
| 6 | ਫਾਲਿਜ਼ਕਾ | 287 | 9 | 1754 | 126 | 218 |
| 7 | ਫਿਰੋਜ਼ਪੁਰ | 230 | 21 | 1300 | 101 | 191 |
| 8 | ਗੁਰਦਾਸਪੁਰ | 605 | 17 | 2982 | 210 | 87 |
| 9 | ਹੁਸ਼ਿਆਰਪੁਰ | 755 | 34 | 3324 | 245 | 133 |
| 10 | ਜਲੰਧਰ | 713 | 20 | 3647 | 262 | 28 |
| 11 | ਕਪੂਰਥਲਾ | 369 | 21 | 1904 | 135 | 89 |
| 12 | ਲੁਧਿਆਣਾ | 869 | 28 | 4683 | 363 | 22 |
| 13 | ਮਾਨਸਾ | 319 | 0 | 1702 | 76 | 137 |
| 14 | ਮੋਗਾ | 391 | 12 | 1952 | 125 | 52 |
| 15 | ਪਠਾਨਕੋਟ | 206 | 12 | 1089 | 62 | 52 |
| 16 | ਪਟਿਆਲਾ | 546 | 12 | 3001 | 202 | 93 |
| 17 | ਰੂਪਨਗਰ | 295 | 24 | 1296 | 128 | 79 |
| 18 | ਸੰਗਰੂਰ | 617 | 27 | 2748 | 186 | 35 |
| 19 | ਐੱਸ.ਏ.ਐੱਸ ਨਗਰ | 285 | 9 | 1423 | 107 | 64 |
| 20 | ਸ.ਭ.ਸ.ਨਗਰ | 241 | 3 | 1434 | 81 | 5 |
| 21 | ਸ਼੍ਰੀ ਮੁਕਤਸਰ ਸਾਹਿਬ | 302 | 0 | 2175 | 99 | 70 |
| 22 | ਤਰਨਤਾਰਨ | 420 | 31 | 2128 | 144 | 186 |
| | **ਕੁੱਲ** | **9300** | **362** | **48228** | **3343** | **1888** |

[ ਰਾਜ ਮੰਤਰੀ, ਸਿੱਖਿਆ ]

| ਲੜੀ ਨੰ: | ਜ਼ਿਲਾ | ਲੈਕਚਰਾਰ | ਹੈੱਡਮਾਸਟਰ | | ਪ੍ਰਿੰਸੀਪਲ |
|---|---|---|---|---|---|
| | | | ਵਿਭਾਗੀ | ਰ.ਮ.ਸ.ਅ. (ਰਮਸਾ) | |
| 1 | ਅੰਮ੍ਰਿਤਸਰ | 916 | 94 | 19 | 114 |
| 2 | ਬਰਨਾਲਾ | 291 | 36 | 8 | 46 |
| 3 | ਬਠਿੰਡਾ | 827 | 68 | 18 | 123 |
| 4 | ਫਰੀਦਕੋਟ | 321 | 33 | 10 | 42 |
| 5 | ਸ਼੍ਰੀ ਫਤਿਹਗੜ੍ਹ ਸਾਹਿਬ | 338 | 32 | 6 | 43 |
| 6 | ਫਾਜ਼ਿਲਕਾ | 504 | 38 | 36 | 68 |
| 7 | ਫਿਰੋਜ਼ਪੁਰ | 402 | 41 | 29 | 56 |
| 8 | ਗੁਰਦਾਸਪੁਰ | 842 | 75 | 17 | 114 |
| 9 | ਹੁਸ਼ਿਆਰਪੁਰ | 893 | 116 | 23 | 131 |
| 10 | ਜਲੰਧਰ | 1025 | 119 | 4 | 151 |
| 11 | ਕਪੂਰਥਲਾ | 392 | 60 | 13 | 61 |
| 12 | ਲੁਧਿਆਣਾ | 1015 | 159 | 4 | 180 |
| 13 | ਮਾਨਸਾ | 431 | 43 | 21 | 66 |
| 14 | ਮੋਗਾ | 626 | 76 | 8 | 83 |
| 15 | ਪਠਾਨਕੋਟ | 370 | 23 | 10 | 47 |
| 16 | ਪਟਿਆਲਾ | 828 | 76 | 17 | 108 |
| 17 | ਰੂਪਨਗਰ | 381 | 48 | 13 | 54 |
| 18 | ਸੰਗਰੂਰ | 805 | 90 | 7 | 118 |
| 19 | ਐੱਸ.ਏ.ਐੱਸ ਨਗਰ | 400 | 62 | 10 | 46 |
| 20 | ਸ.ਭ.ਸ.ਨਗਰ | 380 | 52 | 1 | 51 |

| | | | | | |
|---|---|---|---|---|---|
| 21 | ਸ਼੍ਰੀ ਮੁਕਤਸਰ ਸਾਹਿਬ | 524 | 56 | 12 | 84 |
| 22 | ਤਰਨਤਾਰਨ | 535 | 63 | 32 | 74 |
| | **ਕੁੱਲ** | **13046** | **1460** | **318** | **1860** |

----

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 87****

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

-----

**ਸ਼ਰਾਬ ਪੀ ਕੇ ਗੱਡੀ ਚਲਾਉਣਾ**

**69. ਸਰਦਾਰ ਗੁਰਮੀਤ ਸਿੰਘ ਮੀਤ ਹੇਅਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 30 ਐਮ.ਜੀ. ਪ੍ਰਤੀ 100 ਮਿ.ਲੀ. ਬਲੱਡ ਤੋਂ ਵੱਧ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਦਾ ਚਲਾਨ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਮਾਤਰਾ ਤੋਂ ਵੱਧ ਸ਼ਰਾਬ ਪੀ ਕੇ ਡਰਾਈਵਿੰਗ ਕਰਨ ਵਾਲੇ ਨੂੰ ਨਸ਼ੇ ਵਿੱਚ ਐਕਸੀਡੈਂਟ ਕਰਨ ਦਾ ਦੋਸ਼ੀ ਮੰਨਿਆ ਜਾਂਦਾ ਹੈ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ।

-----

**ਸਿਵਲ ਹਸਪਤਾਲ ਭਗਤਾ ਭਾਈਕਾ ਵਿਖੇ ਡਾਕਟਰਾਂ ਦੀ ਨਿਯੁਕਤੀ**

**83. ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਰਾਮਪੁਰਾ ਫੂਲ ਹਲਕੇ ਵਿੱਚ ਸਥਿਤ ਸਿਵਲ ਹਸਪਤਾਲ ਭਗਤਾ ਭਾਈਕਾ ਵਿਖੇ ਐਸ.ਐਮ.ਓ. ਦੀ ਪੱਕੀ ਅਸਾਮੀ ਕਰਨ, ਮੈਡੀਸਨ ਡਾਕਟਰ, ਇੱਕ ਸਰਜਨ ਹੱਡੀਆਂ ਦੇ ਮਾਹਿਰ ਅਤੇ ਗਾਇਨੀ ਡਾਕਟਰ ਦੀ ਨਿਯੁਕਤੀ ਦੀ ਕੋਈ ਤਜਵੀਜ਼ ਹੈ;

(ਅ) ਕੀ ਸਿਵਲ ਹਸਪਤਾਲ ਭਗਤਾ ਭਾਈਕਾ ਤੋਂ ਡੈਪੂਟੇਸ਼ਨ ਤੇ ਭੇਜੇ ਗਏ ਡਾਕਟਰਾਂ, ਚੀਫ ਫਾਰਮਾਸਿਸਟ ਅਤੇ ਫਾਰਮਾਸਿਸਟਟ ਨੂੰ ਵਾਪਸ ਬੁਲਾਉਣ ਦੀ ਵੀ ਕੋਈ ਤਜਵੀਜ਼ ਹੈ;

(ੲ) ਸਟਾਫ ਨਰਸ ਦੀਆਂ 4 ਅਸਾਮੀਆਂ, 1 ਰੈਗੂਲਰ ਅਸਾਮੀ ਭਰਨ ਦੀ ਕੋਈ ਤਜਵੀਜ਼ ਹੈ;

(ਸ) ਅਲਟਰਾ ਸਾਊਂਡ/ਸਕੈਨ, ਡੈਂਟਲ ਐਕਸ-ਰੇ ਮਸ਼ੀਨਾਂ ਲਾਉਣ ਦੀ ਕੋਈ ਤਜਵੀਜ਼ ਹੈ;

** Reply to this unstarred question No. 87 has not been received till 26.07.2018 i.e. the date on which this Debate was sent to the press for final printing.

[ ਸਰਦਾਰ ਗੁਰਪ੍ਰੀਤ ਸਿੰਘ ਕਾਂਗੜ ]

(ਹ) ਐਸ.ਐਮ.ਓ. ਅਤੇ ਡਾਕਟਰਾਂ, ਦਰਜਾ 3 ਅਤੇ ਦਰਜਾ 4 ਕਰਮਚਾਰੀਆਂ ਲਈ ਰਿਹਾਇਸ਼ੀ ਕੁਆਰਟਰ ਬਣਾਉਣ ਦੀ ਵੀ ਸਰਕਾਰ ਦੀ ਕੋਈ ਤਜਵੀਜ਼ ਹੈ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ,

(ੳ) ਕਮਿਊਨਿਟੀ ਹੈਲਥ ਸੈਂਟਰ (ਹਸਪਤਾਲ) ਭਗਤਾ ਭਾਈਕਾ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਦੀ ਅਸਾਮੀ ਪੱਕੀ ਹੈ ਅਤੇ ਭਰੀ ਹੋਈ ਹੈ। ਕਮਿਊਨਿਟੀ ਹੈਲਥ ਸੈਂਟਰ (ਹਸਪਤਾਲ), ਭਗਤਾ ਭਾਈਕਾ ਵਿਖੇ ਮੈਡੀਸਨ ਡਾਕਟਰ, ਸਰਜਨ ਅਤੇ ਗਾਇਨੀ ਡਾਕਟਰ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਇਸ ਸੰਸਥਾ ਵਿਖੇ ਹੱਡੀਆਂ ਦੇ ਮਾਹਿਰ ਦੀ ਅਸਾਮੀ ਮਨਜ਼ੂਰਸ਼ੁਦਾ ਨਹੀਂ ਹੈ। ਰਾਜ ਵਿੱਚ ਮਾਹਿਰ ਡਾਕਟਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਵਾਕ-ਇੰਨ-ਇੰਟਰਵਿਊ ਰਾਹੀਂ ਭਰਤੀ ਕਰਨ ਲਈ ਉਪਰਾਲੇ ਜਾਰੀ ਹਨ।

(ਅ) ਕਮਿਊਨਿਟੀ ਹੈਲਥ ਸੈਂਟਰ (ਹਸਪਤਾਲ) ਭਗਤਾ ਭਾਈਕਾ ਵਿਖੇ ਤਾਇਨਾਤ ਸੀਨੀਅਰ ਮੈਡੀਕਲ ਅਫ਼ਸਰ ਅਤੇ ਚੀਫ ਫਾਰਮਾਸਿਸਟ ਦੀ ਦੂਜੀਆਂ ਸਿਹਤ ਸੰਸਥਾਵਾਂ ਵਿੱਚ ਲਗਾਈ ਗਈ ਆਰਜ਼ੀ ਡਿਊਟੀ ਰੱਦ ਕੀਤੀ ਜਾ ਚੁੱਕੀ ਹੈ। ਇਸ ਸੰਸਥਾ ਵਿਖੇ ਫਾਰਮਾਸਿਸਟਾਂ ਦੀਆਂ 2 ਮਨਜ਼ੂਰਸ਼ੁਦਾ ਅਸਾਮੀਆਂ ਹਨ ਜੋ ਕਿ ਭਰੀਆਂ ਹੋਈਆਂ ਹਨ।

(ੲ) ਕਮਿਊਨਿਟੀ ਹੈਲਥ ਸੈਂਟਰ (ਹਸਪਤਾਲ) ਭਗਤਾ ਭਾਈਕਾ ਵਿਖੇ ਸਟਾਫ ਨਰਸ ਦੀਆਂ ਕੁੱਲ 7 ਅਸਾਮੀਆਂ ਮਨਜ਼ੂਰਸ਼ੁਦਾ ਹਨ। ਇਨ੍ਹਾਂ ਵਿੱਚੋਂ 5 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 2 ਅਸਾਮੀਆਂ ਖਾਲੀ ਹਨ। ਸਟਾਫ ਨਰਸਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਸਬੰਧੀ ਪ੍ਰਕਿਰਿਆ ਜਾਰੀ ਹੈ।

(ਸ) ਨਾਰਮ ਅਨੁਸਾਰ ਸੀ.ਐਚ.ਸੀ. ਪੱਧਰ ਤੇ ਅਲਟਰਾਸਾਊਂਡ ਮਸ਼ੀਨ ਨੂੰ ਉਪਲਬਧ ਨਹੀਂ ਕਰਵਾਇਆ ਜਾ ਸਕਦਾ ਹੈ। ਇਸ ਸਮੇਂ ਕਮਿਊਨਿਟੀ ਹੈਲਥ ਸੈਂਟਰ (ਹਸਪਤਾਲ) ਭਗਤਾ ਭਾਈਕਾ ਵਿਖੇ ਡੈਂਟਲ ਐਕਸ-ਰੇ ਮਸ਼ੀਨ ਉਪਲਬਧ ਕਰਵਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

(ਹ) ਕਮਿਊਨਿਟੀ ਹੈਲਥ ਸੈਂਟਰ (ਹਸਪਤਾਲ) ਭਗਤਾ ਭਾਈਕਾ ਵਿਖੇ ਮੈਡੀਕਲ ਅਫ਼ਸਰਾਂ ਅਤੇ ਹੋਰ ਸਟਾਫ ਲਈ ਰਿਹਾਇਸ਼ੀ ਮਕਾਨ ਬਣਾਉਣ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

----

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਵਿੰਦਰ ਸਿੰਘ ਫੂਲਕਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਲਈ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬਜਟ ਪੇਸ਼ ਕਰਨ ਵਾਲੇ ਦਿਨ ਜ਼ੀਰੋ ਆਵਰ ਨਹੀਂ ਹੁੰਦਾ । ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਸਾਲ 2017-18 ਲਈ ਬਜਟ ਅਨੁਮਾਨ ਪੇਸ਼ ਕਰਨਗੇ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਮੈਂ ਕਹਿੰਦਾ ਹਾਂ ਕਿ ਅੱਜ ਜ਼ੀਰੋ ਆਵਰ ਨਹੀਂ ਹੁੰਦਾ। ਪਲੀਜ਼ ਬੈਠੋ। ਤੁਸੀਂ ਆਪਣੀ ਗੱਲ ਕੱਲ੍ਹ ਕਰ ਲੈਣਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਚੇਅਰ ਵਿਰੋਧੀ ** ** ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਜੋ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾਂਦਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ** ਨਾਅਰੇ ਵੀ ਰਿਕਾਰਡ ਨਾ ਕੀਤੇ ਜਾਣ। (ਵਿਘਨ) (ਸ਼ੋਰ)

----

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਜ਼ੀਰੋ ਆਵਰ ਲਈ ਸਮਾਂ ਨਾ ਮਿਲਣ ਦੇ ਰੋਸ ਵਜੋਂ ** ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

----

## PRESENTATION OF THE BUDGET ESTIMATES FOR THE YEAR 2017-18

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਜਨਾਬ ਸਪੀਕਰ ਸਾਹਿਬ, ਮੇਰੀ ਖੁਸ਼ ਨਸੀਬੀ ਹੈ ਕਿ ਮੈਂ ਸੂਬਾ ਪੰਜਾਬ ਦੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੀ ਸਰਕਾਰ ਜ਼ੇਰੇ ਕਿਆਦਤ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦਾ ਪਹਿਲਾ ਬਜਟ ਇਸ ਮੁਕੱਦਸ ਹਾਊਸ ਵਿੱਚ ਪੇਸ਼ ਕਰ ਰਿਹਾ ਹਾਂ। ਅੱਜ ਇਸ

---

** Not recorded as ordered by the Chair.

ਮੁਬਾਰਕ ਮੌਕੇ ਤੇ ਰੱਬ ਦੀ ਜ਼ਾਤ ਦਾ, ਜਿਸ ਦੇ ਹੱਥ ਵਿੱਚ ਜ਼ਿੰਦਗੀ, ਮੌਤ, ਇੱਜ਼ਤ, ਜ਼ਿੱਲਤ, ਅਹੁਦੇ ਅਤੇ ਵਡਿਆਈ ਦੇਣਾ ਹੈ, ਮੈਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਹਾਲਾਂ ਕਿ ਇਹ ਪਹਿਲਾ ਬਜਟ ਮੇਰੇ ਲਈ ਇੱਕ ਚੁਣੌਤੀਆਂ ਭਰਿਆ ਹੈ ਲੇਕਿਨ ਅਸੀਂ ਭਾਵੇਂ ਕਿਸੇ ਵੀ ਹਾਲਾਤ ਚ ਘਿਰੇ ਹੋਈਏ, ਸਾਨੂੰ ਪੰਜਾਬ ਦੀ ਤਹਿਜ਼ੀਬ, ਤਮੀਜ਼ ਅਤੇ ਵਿਰਸੇ ਤੇ ਫ਼ਖ਼ਰ ਹੈ ਜਿਸ ਨਾਲ ਅਸੀਂ ਬੁਰੇ ਤੋਂ ਬੁਰੇ ਵਕਤ ਨਾਲ ਲੜਦੇ ਹੋਏ ਖੁਸ਼ਹਾਲੀ ਦੀ ਮੰਜ਼ਿਲ ਵੱਲ ਵਧ ਸਕਦੇ ਹਾਂ। ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਅਤੇ ਹੌਸਲਾ ਅਫਜ਼ਾਈ ਸਦਕਾ ਅਸੀਂ ਆਪਣੇ ਇਰਦ-ਗਿਰਦ ਪੈਦਾ ਹੋਣ ਵਾਲੀ ਹਰ ਮੁਸ਼ਕਲ ਹਾਲਾਤ ਦੀ ਹਿੰਮਤ ਅਤੇ ਜਨੂੰਨ ਨਾਲ ਡਟ ਕੇ ਮੁਕਾਬਲਾ ਕਰਨ ਦੀ ਹੈਸੀਅਤ ਰੱਖਦੇ ਹਾਂ।

2. ਆਲੀ ਜਨਾਬ ਸਪੀਕਰ ਸਾਹਿਬ, ਸਾਡੀ ਸਰਜ਼ਮੀਨ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਨਸਾਨੀ ਰਸੂਖ ਅਤੇ ਪਿਆਰ, ਪੰਜਾਬ ਦੀ ਤਹਿਜ਼ੀਬ ਅਤੇ ਤਮੀਜ਼ ਨੂੰ ਮੁਲਕਾਂ ਦੀਆਂ ਸਰਹੱਦਾਂ ਚ ਬੰਨਿਆ ਨਹੀਂ ਜਾ ਸਕਦਾ। ਸਾਡੇ ਸੂਬੇ ਦੇ ਲੋਕ ਇਨ੍ਹਾਂ ਤਮਾਮ ਸਰਹੱਦਾਂ ਨੂੰ ਤੋੜਦੇ ਹੋਏ ਸਾਡੇ ਮੁਲਕ ਹਿੰਦੁਸਤਾਨ ਹੀ ਨਹੀਂ ਬਲਕਿ ਤਮਾਮ ਮੁਲਕਾਂ ਚ ਕਾਮਯਾਬੀ ਨਾਲ ਆਪਣੀ ਗੁਜ਼ਰ ਬਸਰ ਕਰ ਰਹੇ ਹਨ। ਹਜ਼ਾਰਾਂ ਸਾਲਾਂ ਤੋਂ ਲਾਤਾਦਾਦ ਸ਼ਹਿਰ ਅਤੇ ਮੁਲਕ ਬਣੇ, ਮਿਟੇ ਅਤੇ ਦੁਨੀਆਂ ਦੇ ਇਤਿਹਾਸ ਦੇ ਤਾਰੀਖ ਦੇ ਸਫਿਆਂ ਚ ਗੁੰਮ ਹੋ ਗਏ। ਪਰ ਪੰਜਾਬ-ਪੰਜ ਦਰਿਆਵਾਂ ਦੀ ਧਰਤੀ ਬਾਵਜੂਦ ਇਨਸਾਨੀ ਤਾਰੀਖ ਦੇ ਸਭ ਤੋਂ ਖਤਰਨਾਕ ਮਸਲੇ ਅਤੇ ਮਸਾਇਲ ਦੇ ਦਰਪੇਸ਼ ਦੇ ਬਾਵਜੂਦ ਅੱਜ ਵੀ ਕਾਇਮ ਅਤੇ ਦਾਇਮ ਹੈ। ਜਨਾਬ ਸਪੀਕਰ ਸਾਹਿਬ, ਹਿੰਦੁਸਤਾਨ ਦਾ ਵਕਾਰ, ਇੱਜਤ, ਆਬਰੂ, ਅਜ਼ਾਦੀ ਅਤੇ ਹਿਫਾਜ਼ਤ ਲਈ ਪੰਜਾਬ ਨੇ ਆਪਣੇ ਲੱਖਾਂ ਸੋਹਣੇ ਤੇ ਬਹਾਦਰ ਨੌਜਵਾਨਾਂ ਨੂੰ ਬਹੁਤ ਵੱਡੇ ਖਤਰਿਆਂ ਦੇ ਸਾਹਮਣੇ ਪੇਸ਼ ਕੀਤਾ। ਇਸ ਦੇ ਇਵਜ਼, ਅਸੀਂ ਹਿੰਦੁਸਤਾਨ ਤੋਂ ਕਦੇ ਕੁਝ ਨਹੀਂ ਮੰਗਿਆ, ਸਿਵਾਏ ਦੋ ਗਜ਼ ਜ਼ਮੀਨ ਉਹਨ੍ਹਾਂ ਬੱਚਿਆਂ ਵਾਸਤੇ ਜੋ ਘਰ ਵਾਪਸ ਨਹੀਂ ਆ ਸਕੇ। ਇਹ ਵਜ੍ਹਾ ਹੈ ਕਿ ਪੰਜਾਬ ਸਿਰਫ ਇੱਕ ਬੇਜਾਨ ਜ਼ਮੀਨ ਨਹੀਂ, ਬਲਕਿ ਹਰ ਚੁਣੌਤੀ ਨੂੰ ਮੂੰਹ ਤੋੜ ਜਵਾਬ ਦੇਣ ਵਾਲਾ ਐਸਾ ਸੂਬਾ ਹੈ, ਜਿਸ ਦੀ ਬੁਨਿਆਦ ਸਾਡੇ ਪੁਰਖਾਂ ਨੇ ਜ਼ਮਾਨਾ-ਏ-ਕਦੀਮ ਤੋਂ ਐਸੀ ਰੱਖੀ, ਜਿਸ ਨੂੰ ਕੋਈ ਲੁਟੇਰਾ ਨਾ ਤੋੜ ਸਕਿਆ ਅਤੇ ਨਾ ਨੁਕਸਾਨ ਪਹੁੰਚਾ ਸਕਿਆ।

3. ਆਲੀ ਜਨਾਬ ਸਪੀਕਰ ਸਾਹਿਬ, ਮੇਰੀ ਜ਼ਿੰਦਗੀ ਦੀ ਕੋਈ ਵੱਡੀ ਤਮੰਨਾ ਬਕਾਇਆ ਨਹੀਂ ਰਹੀ, ਕਿ ਮੈਂ ਕਿਸੇ ਖਾਸ ਅਹੁਦੇ ਤੇ ਰਹਾਂ। ਪੰਜਾਬ ਦੀ ਸੇਵਾ ਅਤੇ ਇਸ ਦੇ ਵਕਾਰ ਨੂੰ ਸੰਭਾਲਣਾ ਅਤੇ ਇਸ ਨੂੰ ਅੱਗੇ ਵਧਾਉਣ ਦੀ ਹਤਮੀ ਕੋਸ਼ਿਸ਼ ਦਿਲ ਵਿੱਚ ਹਮੇਸ਼ਾ ਤੋਂ ਰਹੀ ਹੈ। ਸੱਚੀ ਇੱਜ਼ਤ ਨਿਡਰ ਹੁੰਦੀ ਹੈ। ਬਹਾਦਰ ਲੋਕਾਂ ਦੇ ਸਾਹਮਣੇ ਜਦ ਮਨਫ਼ੀ ਹਾਲਾਤ ਆਉਂਦੇ ਨੇ, ਉਹ ਨਾ ਚੀਖਦੇ ਨੇ, ਨਾ ਪੁਕਾਰਦੇ ਨੇ ਅਤੇ ਨਾ ਪਿੱਠ ਦਿਖਾਉਂਦੇ ਨੇ ਬਲਕਿ ਉਹ ਪੂਰੀ ਹਿੰਮਤ ਅਤੇ ਤਾਕਤ ਨਾਲ ਜਵਾਬ ਦਿੰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ

ਕਿ ਅੱਜ ਅਸੀਂ ਉਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਜਦੋਂ ਵੱਡੀਆਂ-ਵੱਡੀਆਂ ਅਤੇ ਖਤਰਨਾਕ ਮੁਸੀਬਤਾਂ ਮੂੰਹ ਖੋਲੇ ਸਾਡੇ ਰਸਤੇ ਚ ਰੁਕਾਵਟਾਂ ਪਾਉਣ ਵਾਸਤੇ ਅਤੇ ਸਾਨੂੰ ਨਿਗਲ ਜਾਣ ਨੂੰ ਤਿਆਰ ਹਨ। ਮੈਂ ਆਪਣੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਇਨ੍ਹਾਂ ਕਹਿਣਾ ਚਾਹਵਾਂਗਾ ਕਿ ਤੁਸੀਂ ਸਰਕਾਰ ਤੇ ਯਕੀਨ ਰੱਖੋ ਅਤੇ ਸਾਡੀ ਸਰਕਾਰ ਇਨ੍ਹਾਂ ਤਮਾਮ ਮੁਸ਼ਕਲਾਤ ਨੂੰ ਤੋੜਦੇ ਹੋਏ ਤਰੱਕੀ ਦੀ ਰਾਹ ਤੇ ਗਾਮਜ਼ਨ ਰਹੇਗੀ ਅਤੇ ਇੱਕ ਵਾਰ ਫਿਰ ਸੁਨਹਿਰੇ ਪੰਜਾਬ ਦਾ ਸੁਨਹਿਰੇ ਹਰਫ਼ਾਂ ਵਿੱਚ ਸੁਨਹਿਰਾ ਇਤਿਹਾਸ ਲਿਖਾਂਗੇ।

4. ਮੈਨੂੰ ਇਹ ਕਹਿਣ ਚ ਕੋਈ ਗੁਰੇਜ਼ ਨਹੀਂ ਅਤੇ ਮੈਨੂੰ ਇਸ ਹਕੀਕਤ ਨੂੰ ਤੁਹਾਡੇ ਸਾਹਮਣੇ ਪੇਸ਼ ਕਰਨ ਵਿੱਚ ਕੋਈ ਖੌਫ਼ ਵੀ ਨਹੀਂ ਹੈ ਕਿ ਪਿਛਲੇ ਕੁਝ ਨਜ਼ਦੀਕੀ ਸਾਲਾਂ ਵਿੱਚ ਸਾਡੇ ਸੂਬੇ ਪੰਜਾਬ ਵਿੱਚ ਬਹੁਤ ਐਸੇ ਵਾਕਿਆਤ ਅਤੇ ਗਲਤੀਆਂ ਹੋਈਆਂ ਹਨ ਜਿਨ੍ਹਾਂ ਨੇ ਸਾਡੇ ਸੂਬੇ ਨੂੰ ਸ਼ਰਮਸ਼ਾਰ ਕੀਤਾ ਹੈ। ਮੈਂ ਮੰਨਦਾ ਹਾਂ ਕਿ ਗੁਨਾਹ ਅਤੇ ਗਲਤੀਆਂ ਹੁੰਦੀਆਂ ਹਨ, ਲੇਕਿਨ ਸਿਰਫ਼ ਬੇਵਕੂਫ ਲੋਕ ਹੀ ਆਪਣੇ ਗੁਨਾਹ ਅਤੇ ਗਲਤੀਆਂ ਤੋਂ ਸਬਕ ਹਾਸਲ ਨਹੀਂ ਕਰਦੇ, ਉਨ੍ਹਾਂ ਗਲਤੀਆਂ ਨੂੰ ਆਪਣੀ ਜ਼ਿੰਦਗੀ ਅਤੇ ਤਰੱਕੀ ਦਾ ਮਕਸਦ ਬਣਾ ਲੈਂਦੇ ਹਨ, ਇਨ੍ਹਾਂ ਲੋਕਾਂ ਬਾਰੇ ਕੀ ਕਹਾਂ ? ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਇਹਨਾਂ ਤਮਾਮ ਗਲਤੀਆਂ ਨੂੰ ਦਰੁਸਤ ਕਰਦੇ ਹੋਏ, ਪੰਜਾਬ ਨੂੰ ਤਰੱਕੀ, ਸਾਫ ਸੁਥਰੇ, ਪਾਕ ਅਤੇ ਪਾਕੀਜ਼ਾ ਮਾਹੌਲ ਦੀਆਂ ਨਵੀਂ ਉਚਾਈਆਂ ਤੇ ਲੈ ਕੇ ਜਾਵੇਗੀ। ਇੱਕ ਵਾਰੀ ਫੇਰ ਸਾਡੇ ਪੰਜਾਬ ਦੇ ਨੌਜਵਾਨਾਂ ਦਾ ਹੁਨਰ ਅਤੇ ਕਾਬਲੀਅਤ, ਜੋ ਕਿਤੇ ਗੁਆਚ ਚੁੱਕਾ ਹੈ, ਉਸ ਨੂੰ ਸਹੀ ਰਸਤੇ ਤੇ ਅਸੀਂ ਮੁਹੱਬਤ ਦੀ ਮਰਹੱਮ ਲਾ ਕੇ ਵਾਪਸ ਲੈ ਕੇ ਆਵਾਂਗੇ। ਇਹ ਸਿਰਫ ਜਿਸਮਾਨੀ ਤਾਕਤਾਂ ਨਾਲ ਹਾਸਲ ਨਹੀਂ ਕੀਤਾ ਜਾ ਸਕਦਾ, ਬਲਕਿ ਇਹ ਖੂਬਸੂਰਤ ਅਤੇ ਆਲਾ ਕਿਰਦਾਰ, ਕਾਨੂੰਨ ਅਤੇ ਕਾਨੂੰਨੀ ਦਾਇਰੇ ਨੂੰ ਮਜ਼ਬੂਤ ਕਰਦੇ ਹੋਏ ਹਾਸਲ ਕੀਤਾ ਜਾ ਸਕਦਾ ਹੈ।

5. ਜਨਾਬ ਸਪੀਕਰ ਸਾਹਿਬ, ਮੈਨੂੰ ਅੱਜ ਯੂਨਾਨ ਦੇ ਇੱਕ ਬਹੁਤ ਹੀ ਪਾਯਾ ਦਾਨਸ਼ਵਰ ਅਤੇ ਫਿਲਾਸਫਰ ਦੀਆਂ ਲਾਈਨਾਂ ਯਾਦ ਆ ਰਹੀਆਂ ਨੇ ਹਨ, "Socrates had to consume hemlock to shake the people of Greece out of their stupor" ਯਾਨੀ ਸੁੱਤੇ ਲੋਕਾਂ ਨੂੰ ਇੱਕ ਵਾਰੀ ਫਿਰ ਖਾਬੋਂ ਖਿਆਲਾਂ ਵਿੱਚੋਂ ਝੰਜੋੜ ਕੇ ਉਠਾਉਣ ਦੀ ਜ਼ਰੂਰਤ ਹੈ। ਜਿਸ ਤਰ੍ਹਾਂ ਯੂਨਾਨ ਵਿੱਚ ਸੁਕਰਾਤ ਨੇ ਕੀਤਾ ਉਸੇ ਤਰ੍ਹਾਂ ਤਕਰੀਬਨ ਇੱਕ ਸਦੀ ਪਹਿਲਾਂ ਸਾਡੀ ਸਰਜ਼ਮੀਨ-ਏ-ਪੰਜਾਬ ਦੇ ਇੱਕ ਨੌਜਵਾਨ, ਜਿਸ ਦਾ ਨਾਮ ਅਸੀ ਬਹੁਤ ਇੱਜ਼ਤ ਅਤੇ ਫ਼ਖਰ ਨਾਲ ਲੈਂਦੇ ਹਾਂ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਜਿੰਨ੍ਹਾਂ ਨੇ ਜ਼ਾਮੇ ਸ਼ਹਾਦਤ ਪੀਤਾ ਤਾਂ ਕਿ ਲੋਕਾਂ ਵਿੱਚ ਕੁਰਬਾਨੀ ਅਤੇ ਅਜ਼ਾਦੀ ਦਾ ਜਜ਼ਬਾ ਜਗਾਇਆ ਜਾ ਸਕੇ। ਜੇ ਮੇਰੇ ਰੱਬ ਨੂੰ ਮਨਜ਼ੂਰ ਹੋਇਆ ਤਾਂ ਜਿਸ ਤਰ੍ਹਾਂ ਸ਼ਹੀਦ-ਏ-ਆਜ਼ਮ

ਸਰਦਾਰ ਭਗਤ ਸਿੰਘ ਨੇ ਕੌਮ ਨੂੰ ਜਗਾਇਆ, ਸਾਨੂੰ ਇਸ ਤੋਂ ਪ੍ਰੇਰਨਾ ਮਿਲਦੀ ਹੈ, ਉਸੇ ਤਰ੍ਹਾਂ ਜਨਾਬ ਮੋਹਤਰਮ ਕੈਪਟਨ ਅਮਰਿੰਦਰ ਸਿੰਘ ਸਾਹਿਬ ਦੀ ਜ਼ੇਰ-ਏ-ਸਾਇਆ ਚੱਲਣ ਵਾਲੀ ਸਰਕਾਰ ਵੀ ਲੋਕਾਂ ਨੂੰ ਹਰ ਬੁਰਾਈ ਦੇ ਖਿਲਾਫ਼ ਲੜ੍ਹਨ ਲਈ ਜੋਸ਼ ਅਤੇ ਉਸ ਬੁਰਾਈ ਨੂੰ ਜੜ੍ਹ ਤੋਂ ਨੇਸਤੇ ਨਬੂਦ ਕਰਨ ਦੀ ਹਿੰਮਤ ਅਤੇ ਤਾਕਤ ਦੇਵੇਗੀ। ਸਾਡੀ ਮੌਜੂਦਾ ਸਰਕਾਰ ਇੱਕ ਐਸੀ ਮਿਸਾਲ ਕਾਇਮ ਕਰੇਗੀ ਜੋ ਸਾਡੇ ਪੰਜਾਬ ਦੇ ਲੋਕਾਂ ਨੂੰ ਤਾਅ ਕਿਆਮਤ ਸ਼ਾਦ, ਬਾਦ, ਅਬਾਦ ਅਤੇ ਜ਼ਿੰਦਾਬਾਦ ਰੱਖੇਗੀ। (ਥੰਪਿੰਗ)

6. ਮੈਨੂੰ ਮਸ਼ਹੂਰ ਸ਼ਾਇਰ ਅਲਾਮਾ ਇਕਬਾਲ ਦੀਆਂ ਕੁਝ ਲਾਈਨਾਂ ਯਾਦ ਆ ਰਹੀਆਂ ਹਨ:-

ਪਿਰੋਨਾ ਏਕ ਹੀ ਤਸਬੀ ਮੇਂ,
ਤਸਬੀ ਮਾਲਾ ਨੂੰ ਕਹਿੰਦੇ ਹਨ ।
ਇਨ ਬਿਖਰੇ ਹੋਏ ਦਾਨੋਂ ਕਾ ਗਰ ਮੁਸ਼ਕਲ ਹੈ ਤੋ ।
ਤੇ ਫਿਰ ਆਪਣੇ ਆਪ ਨੂੰ ਕਹਿੰਦਾ ਹੈ।
ਇਸ ਮੁਸ਼ਕਲ ਕੋ ਆਸਾਨ ਕਰਕੇ ਛੋੜੂੰਗਾ।
ਦਿਖਾ ਦੂੰਗਾ ਜਹਾਂ ਕੋ ਜੋ ਮੇਰੀ ਆਖੋਂ ਨੇ ਦੇਖਾ ਹੈ,
ਤੁਜੇ ਬੀ ਐ ਸੂਰਤੇ ਆਈਨਾ, ਹੈਰਾਨ ਕਰ ਕੇ ਛੋੜੂੰਗਾ। (ਥੰਪਿੰਗ)
ਸਰਕਾਰ ਨੂੰ ਖੁਦ ਨਹੀਂ ਪਤਾ ਕਿ ਸਰਕਾਰ ਕੋਲ ਕਿੰਨੀ ਤਾਕਤ ਹੈ।

7. ਸਦਰ-ਏ-ਮੁਹਤਰਮ, ਸਾਡੇ ਸੂਬੇ ਪੰਜਾਬ ਵਿੱਚ ਖਜ਼ਾਨਾ ਵਜ਼ੀਰ ਦਾ ਕੰਮ ਡੂੰਘਿਆਈ ਨਾਲ ਲਗਾਤਾਰ ਕੰਮ ਕਰਦੇ ਰਹਿਣ ਵਾਲਾ ਹੈ। ਖਾਸ ਤੌਰ ਤੇ ਪੰਜਾਬ ਵਿੱਚ ਖਜ਼ਾਨਾ-ਏ -ਅਕਲ ਰੱਖਣਾ ਵਕਤ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਸਾਡਾ ਪੰਜਾਬੀਆਂ ਦਾ ਜਾਣੇ -ਅਣਜਾਣੇ ਵਿੱਚ ਫਜ਼ੂਲ ਖਰਚੀ ਅਤੇ ਰਵਾਇਤੀ ਦਿਖਾਵੇ ਨਾਲ ਵੀ ਡੂੰਘਾ ਰਿਸ਼ਤਾ ਰਿਹਾ ਹੈ। ਹਾਲਾਤ ਨੂੰ ਸਹੀ ਰਸਤੇ ਤੇ ਲੈ ਕੇ ਆਉਣਾ, ਆਪਣੇ ਖਰਚਿਆਂ ਤੇ ਕਾਬੂ ਪਾ ਲੈਣਾ, ਫਜ਼ੂਲ ਖਰਚਿਆਂ ਨੂੰ ਬੰਦ ਕਰਨਾ ਜੋ ਮਾਲੀ ਹਾਲਾਤ ਨੂੰ ਮੁਤਾਸਿਰ ਕਰਦੇ ਹਨ, ਅੱਜ ਇਹ ਵੀ ਜ਼ਰੂਰੀਆਤੇ ਵਕਤ ਹੈ। ਮੈਂ ਯਕੀਨ ਦੁਆਉਂਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੇ ਜ਼ੇਰ-ਏ-ਸਾਇਆ ਚੱਲਣ ਵਾਲੀ ਸਰਕਾਰ ਪੰਜਾਬ ਦੇ ਮਾਲੀ ਹਾਲਾਤ ਨੂੰ ਚੁਸਤ ਅਤੇ ਦਰੁਸਤ ਕਰੇਗੀ। ਸਾਡੀ ਸਰਕਾਰ ਦਾ ਫਰਜ਼ ਉਸ ਗਾਉਣ ਵਾਲੀ ਚਿੜ੍ਹੀ ਵਰਗਾ ਹੈ ਜੋ ਕੋਇਲੇ ਦੀ ਖਾਨ ਵਿੱਚ ਸਖਤ ਅੰਧੇਰੇ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਰਹਿਨੁਮਾਈ ਕਰਦੀ ਹੈ। ਜੋ ਇਸ ਚਿੜ੍ਹੀ ਦੀ ਰਹਿਨੁਮਾਈ ਨਾਲ ਰੋਸ਼ਨੀ ਅਤੇ ਆਪਣੀ ਮੰਜ਼ਲ ਹਾਸਲ ਕਰਦੇ ਹਨ। ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਜਾਣਦੀ ਅਤੇ ਪਛਾਣਦੀ ਹੈ, ਕਿਸੇ

ਨੂੰ ਕੋਈ ਸ਼ੱਕ-ਸੁਬ੍ਹਾ ਨਹੀਂ ਰੱਖਣਾ ਚਾਹੀਦਾ, ਕਿ ਅਸੀਂ ਆਪਣੇ ਫਰਜ਼, ਲਗਨ ਅਤੇ ਇਮਾਨਦਾਰੀ ਨਾਲ ਨਹੀਂ ਨਿਭਾਵਾਂਗੇ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਤੁਹਾਡੀਆਂ ਦੁਆਵਾਂ ਅਤੇ ਮਦਦ ਦੀ ਤਲਬਗਾਰ ਹੈ।

8. ਸਾਡੀ ਸਰਕਾਰ ਦਾ ਸਭ ਤੋਂ ਪਹਿਲਾ ਫਰਜ਼ ਹੈ ਕਿ ਲੋਕਾਂ ਨੂੰ ਇੱਕ ਪਾਕ, ਸਾਫ਼ ਅਤੇ ਜ਼ਿੰਮੇਵਾਰ ਹਕੂਮਤ ਦੇਈਏ। ਪੰਜਾਬ ਨੂੰ ਨਾ ਕੇਵਲ ਤਰੱਕੀ ਦੀਆਂ ਬੁਲੰਦੀਆਂ ਤੇ ਲੈ ਕੇ ਜਾਣਾ ਬਲਕਿ ਆਪਣੇ ਵਤਨ ਹਿੰਦੁਸਤਾਨ ਦਾ ਸਭ ਤੋਂ ਦੌਲਤਮੰਦ, ਸ਼ੁਕਰਮੰਦ ਅਤੇ ਬਿਹਤਰਹੀਨ ਸੂਬਾ ਬਣਾਉਣਾ ਹੈ। ਆਲੀ ਜਨਾਬ ਸਪੀਕਰ ਸਾਹਿਬ, ਇੰਡੀਅਨ ਨੈਸ਼ਨਲ ਕਾਂਗਰਸ ਇਹ ਗੱਲ ਦੁਹਰਾਉਣਾ ਚਾਹੁੰਦੀ ਹੈ, ਕਿ ਸਰਕਾਰ ਦਾ ਇਹ ਮਜ਼ਬੂਤ ਇਰਾਦਾ ਅਤੇ ਖ਼ੁਆਹਿਸ਼ ਹੈ, ਕਿ ਅਸੀਂ ਸਭ ਮਿਲ ਕੇ ਆਪਣੇ ਸੂਬੇ ਵਿੱਚੋਂ ਗਰੀਬੀ ਨੂੰ ਜੜ੍ਹ ਤੋਂ ਉਖਾੜ ਕੇ ਪਰ੍ਹੇ ਸੁੱਟ ਦੇਵਾਂਗੇ। ਸੂਬੇ ਦੇ ਤਮਾਮ ਲੋਕਾਂ ਨੂੰ ਇੱਕ ਜੈਸਾ ਇਨਸਾਫ ਮਿਲੇ, ਚਾਹੇ ਉਹ ਘੱਟ ਗਿਣਤੀਆਂ, ਗਰੀਬ ਤਬਕਾ ਜਾਂ ਐਸ.ਸੀ., ਬੀ.ਸੀ. ਜਾਂ ਓ.ਬੀ.ਸੀ. ਹੋਣ, ਸਾਡੀ ਸਰਕਾਰ ਕਿਸੇ ਵੀ ਫਿਰਕਾ ਵਾਰਾਨਾ ਖਿਆਲਾਤ ਜਾਂ ਹਾਲਾਤ ਤੋਂ ਲੋਕਾਂ ਨੂੰ ਮਹਿਫੂਜ਼ ਰੱਖੇਗੀ। ਸੂਬੇ ਵਿੱਚ ਅਮਨ ਕਾਨੂੰਨ ਅਤੇ ਸਕੂਨ ਦੀ ਹਾਲਾਤ ਨੂੰ ਮਜ਼ਬੂਤ ਬਣਾਏ ਰੱਖਣ ਲਈ ਵਚਨਬੱਧ ਹੈ।

ਸਾਡੀ ਹਕੂਮਤ ਨੇ ਤਹਿ ਕੀਤਾ ਹੈ ਕਿ ਅਸੀਂ ਆਪਣੇ ਪਹਿਲੇ ਸਾਲ ਵਿੱਚ ਦੋ ਅਹਿਮ ਮਨਸੂਬਿਆਂ ਤੇ ਅਮਲ ਕਰਾਂਗੇ ਅਤੇ ਇਹਨਾਂ ਦੋ ਮਨਸੂਬਿਆਂ ਤੇ ਸਾਡੀ ਨੀਅਤ ਅਤੇ ਨਜ਼ਰ ਰਹੇਗੀ। ਅੱਵਲ ਸੂਬਾ-ਏ-ਪੰਜਾਬ ਨੂੰ ਕਰਜ਼ ਦੇ ਬੋਝ ਤੋਂ ਉਭਾਰਨਾ ਅਤੇ ਆਪਣੇ ਮਾਲੀ ਹਾਲਾਤ ਨੂੰ ਫਿਰ ਤੋਂ ਪੱਟੜੀ ਤੇ ਲੈ ਕੇ ਆਉਣਾ ਤਾਂ ਕਿ ਸੂਬੇ ਦੇ ਤਮਾਮ ਤਰ ਲੋਕਾਂ ਦੀ ਸੇਵਾ ਕਰ ਸਕੀਏ।

9. ਦੂਸਰਾ ਅਹਿਮ ਫੈਸਲਾ ਹੈ ਕਿ ਫਜ਼ੂਲ ਖਰਚਿਆਂ ਤੋਂ ਗੁਰੇਜ਼ ਕਰਦੇ ਹੋਏ ਸੂਬੇ ਦੀ ਹਾਲਤ ਵਿੱਚ ਸੁਧਾਰ ਲਿਆਈਏ ਅਤੇ ਇਨ੍ਹਾਂ ਦੋਨਾਂ ਗੱਲਾਂ ਦੇ ਨਾਲ-ਨਾਲ ਸਾਨੂੰ ਕਾਮਯਾਬੀ ਉਦੋਂ ਹੀ ਮਿਲ ਸਕਦੀ ਹੈ ਜਦੋਂ ਅਸੀਂ ਆਪਣੇ ਵਿੱਤੀ ਜ਼ਰਾਏ (Financial Resources) ਨੂੰ ਵੀ ਮਜ਼ਬੂਤ ਕਰੀਏ। ਨਾਲ-ਨਾਲ ਇਹ ਵੀ ਜ਼ਰੂਰੀ ਹੈ ਕਿ ਸਾਡੇ ਸਕੂਲ, ਤਾਲੀਮੀ ਅਦਾਰੇ ਸਹੀ ਰਾਹ ਅਤੇ ਸਹੀ ਤਰੀਕੇ ਨਾਲ ਚਲਾਏ ਜਾਣ ਅਤੇ ਕੰਮ ਕਰਨ। ਸਾਡੇ ਹਸਪਤਾਲਾਂ ਵਿੱਚ ਅੱਛਾ ਇਲਾਜ ਮਿਲੇ। ਲੋਕਾਂ ਦੇ ਰੋਜ਼ ਮੁਹੱਰਾ ਜ਼ਿੰਦਗੀ ਵਿੱਚ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਅਤੇ ਪਰੇਸ਼ਾਨੀਆਂ ਨੂੰ ਹੱਲ ਕਰਨ ਵਾਲੇ ਮਹਿਕਮਿਆਂ ਵਿੱਚ ਇੱਕ ਬਹੁਤ ਹੀ ਪਾਕ ਸਾਫ਼ ਮਹੌਲ ਮਿਲੇ ਅਤੇ ਆਪਣੀਆਂ ਪਰੇਸ਼ਾਨੀਆਂ ਦਾ ਬਹੁਤ ਹੀ ਮਜ਼ਬੂਤ ਮੁਕੰਮਲ ਹੱਲ ਹੋ ਸਕੇ। ਸਰਕਾਰ ਹਾਊਸ ਦੇ ਕਾਬਲੇ ਕਦਰ ਹਰ ਮੈਂਬਰ ਦੀ ਮਦਦ ਦੀ ਉਮੀਦ ਰੱਖਦੀ ਹੈ। ਸਰਕਾਰ ਸੂਬਾ-ਏ-ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਮੌਜੂਦਾ ਮਾਲੀ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਬਹੁਤ ਹੀ ਸਬਰ ਨਾਲ ਬਰਦਾਸ਼ਤ ਕਰਦੇ ਹੋਏ ਆਪਣਾ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਤੁਆਵਨ ਅਤੇ ਮਦਦ ਦੇਣ। ਇਸ ਨਾਜ਼ੁਕ ਮੌਕੇ ਤੇ ਪੰਜਾਬ ਦੇ ਮਸ਼ਹੂਰ ਸ਼ਾਇਰ ਦਾ ਸ਼ੇਅਰ ਯਾਦ ਆ ਰਿਹਾ ਹੈ ਜੋ ਤੁਹਾਡੀ ਖਿਦਮਤ ਵਿੱਚ ਪੇਸ਼ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ।

ਨਾ ਰਹਾ ਚਾਂਦ ਸਿਤਾਰੋਂ ਕਾ ਮੈਂ ਮੁਹਤਾਜ ਕਭੀ,

I have never been beholder to the stars and plants.

ਅਪਨੀ ਮੇਹਨਤ ਕੇ ਸਦਾ ਮੈਨੇ ਉਜਾਲੇ ਦੇਖੇ,

ਤਜ਼ਕਰਾ ਉਸ ਨੇ ਲਕੀਰੋਂ ਕਾ ਵਹੀਂ ਛੋਡ ਦੀਆ,

ਜਬ ਨਜੂਮੀ ਨੇ ਮੇਰੇ ਹਾਥੋਂ ਕੇ ਛਾਲੇ ਦੇਖੇ। (ਥੰਪਿੰਗ)

ਜਿਨ੍ਹਾਂ ਦੇ ਹੱਥਾਂ ਤੇ ਛਾਲੇ ਹੋਣ, ਸਪੀਕਰ ਸਾਹਿਬ, ਉਨ੍ਹਾਂ ਦੀਆਂ ਹੱਥਾਂ ਦੀਆਂ ਲਕੀਰਾਂ ਦੇਖਣ ਦੀ ਲੋੜ ਨਹੀਂ ।

10. ਮੈਂ ਅੱਜ ਸੂਬੇ ਦੀ ਮਾਲੀ ਹਾਲਤ ਦੇ ਕੁਝ ਮੁੱਦਿਆਂ ਤੇ ਹੀ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਬਜਟ ਦੀ ਤਫ਼ਸੀਲਾਤ, ਫਾਈਨਾਂਸ ਸੈਕਟਰੀ ਵੱਲੋਂ ਮੈਮੋਰੰਡਮ ਵਿੱਚ ਖਸੂਸੀ ਤਵੱਜੋ ਨਾਲ ਪੇਸ਼ ਕੀਤੀ ਗਈ ਹੈ। ਮੇਰੀ ਕੋਸ਼ਿਸ਼ ਹੈ ਕਿ ਤਫ਼ਸੀਲਾਤ ਦੀਆਂ ਪੇਚੀਦਗੀਆਂ ਤੋਂ ਬਗੈਰ, ਮੁਹਤਰਮ ਮੈਂਬਰ ਦੇ ਸਾਹਮਣੇ, ਮਾਲੀ ਹਾਲਾਤ ਦੀ ਸਹੀ ਅਤੇ ਹਕੀਕੀ ਤਸਵੀਰ ਪੇਸ਼ ਕਰ ਸਕਾਂ।

**ਰਾਜ ਆਰਥਿਕਤਾ ਅਤੇ ਵਿੱਤ**

11. ਰਾਜ ਵਿੱਤ ਤੇ ਇਕ ਵਾਈਟ ਪੇਪਰ ਪਹਿਲਾਂ ਹੀ ਇਸ ਅਜ਼ੀਮ ਸਦਨ ਦੇ ਸਨਮੁੱਖ ਪੇਸ਼ ਕੀਤਾ ਜਾ ਚੁੱਕਾ ਹੈ। ਬਿਨਾਂ ਕਿਸੇ ਨਿਰਾਸ਼ਾ ਦੇ ਆਲਮ ਦੇ ਮੇਰਾ ਇਹ ਫਰਜ਼ ਬਣਦਾ ਹੈ ਕਿ ਰਾਜ ਵਿੱਤ ਦੀ ਹਕੀਕਤ ਨੂੰ ਸੂਬੇ ਦੇ ਲੋਕਾਂ ਦੇ ਸਾਹਮਣੇ ਪੇਸ਼ ਕਰਾਂ।

12. ਸਾਡੀ ਸਰਕਾਰ ਨੇ 16 ਮਾਰਚ, 2017 ਨੂੰ ਕਾਰਜਭਾਰ ਸੰਭਾਲਿਆ। ਆਪਣਾ ਕਾਰਜਭਾਰ ਸੰਭਾਲਣ ਦੇ ਪਹਿਲੇ ਹੀ ਹਫਤੇ ਦੌਰਾਨ ਸਰਕਾਰ ਨੇ ਮਹਿਸੂਸ ਕੀਤਾ ਕਿ ਰਾਜ ਵਿੱਤ ਦੀ ਸਥਿਤੀ ਬਹੁਤ ਹੀ ਗੰਭੀਰ ਅਤੇ ਬਦਤਰ ਬਣੀ ਹੋਈ ਹੈ। ਰਾਜ ਦੀ ਵਿੱਤੀ ਸਥਿਤੀ ਦੀ ਗੰਭੀਰਤਾ ਨੂੰ ਇਸ ਤੱਥ ਤੋਂ ਵੇਖਿਆ ਜਾ ਸਕਦਾ ਹੈ ਕਿ ਪਹਿਲੇ ਹਫਤੇ ਹੀ ਆਰ.ਬੀ. ਆਈ. ਨੇ ਰਾਜ ਸਰਕਾਰ ਦੀਆਂ ਅਦਾਇਗੀਆਂ ਕਰਨੀਆਂ ਬੰਦ ਕਰ ਦਿੱਤੀਆਂ ਅਤੇ ਬਦਕਿਸਮਤੀ ਨਾਲ ਵਿੱਤੀ ਸਾਲ 2016-17 ਦੇ ਅਖੀਰਲੇ ਸਮੇਂ ਖਜ਼ਾਨਾ ਬੰਦ ਕਰ ਦਿੱਤਾ ਗਿਆ ਜਦੋਂ ਕਿ ਆਮ ਤੌਰ ਤੇ ਇਹ ਉਹ ਸਮਾਂ ਹੁੰਦਾ ਹੈ ਜਦੋਂ ਵੱਧ ਤੋਂ ਵੱਧ ਫੰਡ ਜਾਰੀ ਕੀਤੇ ਜਾਂਦੇ ਹਨ। ਰਾਜ ਦੇ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਵਾਰ ਵਾਪਰਿਆ ਹੈ ਅਤੇ ਸ਼ਾਇਦ ਅਜਿਹਾ ਪਹਿਲਾ ਵਿਰਲਾ ਮੌਕਾ ਹੈ ਜਦੋਂ ਆਰ.ਬੀ. ਆਈ. ਨੂੰ ਅਜਿਹਾ ਸਖਤ ਕਦਮ ਚੁੱਕਣਾ ਪਿਆ ਹੋਵੇ ਤੇ ਉਸ ਨੇ ਟਰੇਜ਼ਰੀ ਬੰਦ ਕਰ ਦਿੱਤੀ ।

13. ਸਾਲ 2006-07 ਵਿਚ ਰਾਜ ਦੀ ਜੀ ਐਸ ਡੀ ਪੀ 127123 ਕਰੋੜ ਰੁਪਏ ਤੋਂ ਵੱਧ ਕੇ 2016-17 ਵਿਚ 427870 ਕਰੋੜ ਰੁਪਏ ਹੋ ਗਈ ਹੈ। ਪ੍ਰੰਤੂ ਮੈਂ ਇਥੇ ਇਹ ਵੀ ਦੱਸਣਾ ਚਾਹਾਂਗਾ ਕਿ ਇਸ ਵਾਧੇ ਵਿਚ ਸਾਲ 2004-05 ਤੋਂ 2011-12 ਦੇ ਆਧਾਰ ਸਾਲ ਦਾ ਯੋਗਦਾਨ ਵੀ ਸ਼ਾਮਲ ਹੈ। ਮੈਂ ਉਮੀਦ ਕਰਦਾ ਹਾਂ ਕਿ ਰਾਜ ਦੀ ਜੀ.ਐਸ.ਡੀ.ਪੀ. ਸਾਲ 2017-18 ਦੌਰਾਨ 465608 ਕਰੋੜ ਰੁਪਏ ਤੱਕ ਵਿਕਾਸ ਕਰੇਗੀ। ਸਪੀਕਰ ਸਾਹਿਬ, ਅਗੇਤੇ ਅਨੁਮਾਨਾਂ ਮੁਤਾਬਕ, ਸਾਲ 2016-17 ਵਿਚ ਸਥਿਰ ਕੀਮਤਾਂ ਤੇ ਜੀ.ਐਸ.ਡੀ.ਪੀ. 5.93% ਦੀ ਦਰ ਨਾਲ ਵਿਕਾਸ ਕਰਨ ਦੀ ਸੰਭਾਵਨਾ ਹੈ ਜੋ ਕਿ ਕੌਮੀ ਵਾਧੇ ਨਾਲੋਂ ਘੱਟ ਹੈ। ਮੇਰੇ ਲਈ ਇਹ ਚਿੰਤਾ ਦਾ ਵਿਸ਼ਾ ਹੈ । ਭਾਵੇਂ ਰਾਜ ਦੀ ਪ੍ਰਤੀ ਵਿਅਕਤੀ ਆਮਦਨ ਸਾਲ 2016-17 ਵਿਚ ਵੱਧ ਕੇ, 128821 ਕਰੋੜ ਰੁਪਏ ਹੋ ਗਈ ਹੈ ਪ੍ਰੰਤੂ ਇਸ ਦੇ ਬਾਵਜੂਦ ਵੀ ਰਾਜ 2006-07 ਵਿਚ ਪ੍ਰਾਪਤ ਕੀਤੀ 15.70% ਦੀ ਪ੍ਰਤੀ ਵਿਅਕਤੀ ਆਮਦਨ ਦੀ ਵਿਕਾਸ ਦਰ ਨੂੰ ਬਰਕਰਾਰ ਨਹੀਂ ਰੱਖ ਸਕਿਆ। ਪੰਜਾਬ ਨੇ ਪ੍ਰਤੀ ਵਿਅਕਤੀ ਆਮਦਨ ਦੇ ਸਿਲਸਿਲੇ ਵਿਚ ਲੰਮਾ ਸਮਾਂ ਨਿਰੰਤਰ ਰੂਪ ਵਿਚ ਦੇਸ਼ ਦੀ ਅਗਵਾਈ ਕੀਤੀ ਹੈ ਪ੍ਰੰਤੂ ਰਾਜ ਇਸ ਦੌੜ ਵਿਚ ਹੁਣ ਦੂਸਰੇ ਸੂਬਿਆਂ ਨਾਲੋਂ ਪਛੜ ਗਿਆ ਹੈ। ਇਸ ਸਬੰਧ ਵਿਚ ਕੀਤੀਆਂ ਗਈਆਂ ਤੁਲਨਾਵਾਂ ਵਧੇਰੇ ਉਤਸ਼ਾਹਜਨਕ ਨਹੀਂ ਹਨ।

ਸਪੀਕਰ ਸਾਹਿਬ, 1947 ਤੋਂ ਲੈ ਕੇ 1997 ਤੱਕ ਜਾਂ ਇਸ ਤੋਂ ਵੀ ਜ਼ਿਆਦਾ ਫੀ ਕੈਪਿਟਾ ਇਨਕਮ ਵਿੱਚ ਹਿੰਦੁਸਤਾਨ ਦਾ ਸ਼ਹਿਰ-ਏ-ਫਰਿਸ਼ਤਾ ਸਾਡਾ ਪੰਜਾਬ ਸੂਬਾ ਹੈ। ਇਹ ਹਿੰਦੁਸਤਾਨ ਦੇ ਮੱਥੇ ਦਾ ਚੰਨ ਹੁੰਦਾ ਸੀ ਪਰ ਅੱਜ ਪੰਜਾਬ ਦੀ ਪੁਜ਼ੀਸ਼ਨ ਹੈ, ਸਪੀਕਰ ਸਾਹਿਬ, ਤੁਸੀਂ ਸ਼ਾਇਦ ਯਕੀਨ ਨਾ ਮੰਨੋ, ਹਿਮਾਚਲ ਪ੍ਰਦੇਸ਼, ਉਤਰਾਖੰਡ, ਹਰਿਆਣਾ, ਜਿੰਨੇ ਵੀ ਹੋਰ ਸੂਬੇ ਨਜ਼ਦੀਕ ਹਨ, ਉਹ ਸਾਡੇ ਤੋਂ ਅੱਗੇ ਨਿਕਲ ਗਏ ਹਨ।

**ਵਿੱਤੀ ਮਜ਼ਬੂਤੀ**

14. ਸਾਰੇ ਰਾਜਾਂ ਲਈ ਵਿੱਤੀ ਮਜ਼ਬੂਤੀ 14ਵੇਂ ਵਿੱਤ ਕਮਿਸ਼ਨ ਦੀਆਂ ਮੁੱਖ ਸਿਫਾਰਸ਼ਾਂ ਵਿਚੋਂ ਇਕ ਸੀ। ਰਾਜ ਵਲੋਂ ਇਸ ਦੇ ਵਿੱਤੀ ਘਾਟੇ ਨੂੰ ਜੀ.ਐਸ.ਪੀ.ਡੀ. 3% ਦੇ ਅਨੁਪਾਤ ਵਿਚ ਰੱਖਿਆ ਜਾਣਾ ਜ਼ਰੂਰੀ ਸੀ ਪ੍ਰੰਤੂ ਬਦਕਿਸਮਤੀ ਨਾਲ ਅਜਿਹਾ ਨਹੀਂ ਹੋ ਸਕਿਆ ਅਤੇ ਜੀ.ਐਸ.ਡੀ.ਪੀ. ਦੇ 3% ਦਾ ਟੀਚਾ ਪ੍ਰਾਪਤ ਕਰਨ ਦੀ ਬਜਾਇ ਸਾਲ 2016-17 ਵਿਚ ਵਿੱਤੀ ਘਾਟਾ ਵੱਧ ਕੇ 13.89% ਤੇ ਆ ਗਿਆ। ਅਜਿਹੇ ਹਾਲਾਤ ਵਿਚ ਮੈਂ ਚਾਲੂ ਵਿੱਤੀ ਸਾਲ 2017-18 ਦੇ ਦੌਰਾਨ 4.96% ਦੇ ਵਿੱਤੀ ਘਾਟੇ ਦੇ ਟੀਚੇ ਦੀ ਤਵੱਜੋ ਕਰ ਸਕਦਾ ਹਾਂ। ਮੈਂ ਵਿੱਤੀ ਘਾਟੇ ਨਾਲ ਸਬੰਧਿਤ ਐਫ.ਆਰ.ਬੀ.ਐਮ. ਐੱਕਟ-2003 ਦੇ ਉਪਬੰਧਾਂ ਤੋਂ ਜਾਣੂ ਹਾਂ ਪ੍ਰੰਤੂ ਐਕਟ ਦੀ ਧਾਰਾ 6(2) ਦੇ ਮੁਤਾਬਕ ਰਾਜ ਵਲੋਂ ਇਸ ਦਿੱਤੇ ਟੀਚੇ ਤੋਂ ਖੁੰਝ ਜਾਣ ਦੀ ਸੰਭਾਵਨਾ ਹੈ।ਮੈਂ ਇਸ ਅਜ਼ੀਮ ਸਦਨ ਨੂੰ ਸਥਿਤੀ ਤੋਂ ਵਾਕਫ ਕਰਵਾਉਣਾ ਚਾਹੁੰਦਾ ਹਾਂ।

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਇਹ ਮੇਰੇ ਤੇ ਮੈਨਡੇਟਰੀ ਹੈ ਕਿ ਮੈਂ ਹਾਊਸ ਨੂੰ ਦੱਸਾਂ ਕਿ we will not be able to adhere. ਮੈਂ ਸਪੀਚ ਤੋਂ ਕੱਟਣ ਲੱਗਾ ਸੀ ਪਰ then I have told ਕਿ ਹਾਊਸ ਵਿੱਚ ਦੱਸਣਾ ਤੇ ਬੋਲਣਾ ਪੈਣਾ ਹੈ ਕਿ ਅਸੀਂ ਐਫ.ਆਰ.ਬੀ.ਐਮ.ਐਕਟ ਦੀ ਉਲੰਘਣਾ ਕਰ ਰਹੇ ਹਾਂ।

15. ਪਿਛਲੀ ਸਰਕਾਰ ਨੇ ਕਾਰਜਭਾਰ ਛੱਡਦਿਆਂ ਪਹਿਲਾਂ ਹੀ ਕੀਤੇ ਗਏ ਖ਼ਰਚ ਦੀਆਂ 13039 ਕਰੋੜ ਰੁਪਏ ਦੀਆਂ ਭਾਰੀ ਭਰਕਮ ਲੰਬਿਤ ਦੇਣਦਾਰੀਆਂ ਛੱਡੀਆਂ ਹਨ। ਇਸ ਵਿਚ ਆਟਾ ਦਾਲ ਸਕੀਮ ਲਈ 1747 ਕਰੋੜ ਰੁਪਏ, ਮਹਿੰਗਾਈ ਭੱਤੇ ਲਈ 2773 ਕਰੋੜ ਰੁਪਏ ਅਤੇ ਨਾ ਅਦਾ ਕੀਤੀ ਬਿਜਲੀ ਸਬਸਿਡੀ 2342 ਕਰੋੜ ਰੁਪਏ ਦੀ ਦੇਣਦਾਰੀ ਸ਼ਾਮਲ ਹੈ। ਮਿਤੀ 31.3.2017 ਨੂੰ 7791 ਕਰੋੜ ਰੁਪਏ ਦੀ ਰਕਮ ਦੇ ਬਿਲ ਖ਼ਤਮ ਹੋ ਗਏ ਕਿਉਂਕਿ ਖ਼ਜ਼ਾਨੇ ਵਿਚ ਇਨ੍ਹਾਂ ਬਿਲਾਂ ਦੀ ਅਦਾਇਗੀ ਲਈ ਪੈਸਾ ਨਹੀਂ ਸੀ। ਸਾਲ 2016-17 ਲਈ ਸੋਧੇ ਅਨੁਮਾਨ (ਆਰ.ਈ) ਦਰਸਾਉਂਦੇ ਹਨ ਕਿ ਪਿਛਲੀ ਸਰਕਾਰ ਨੇ 11362.02 ਕਰੋੜ ਰੁਪਏ ਦਾ ਮਾਲੀ ਘਾਟਾ ਅਤੇ 59449.56 ਕਰੋੜ ਰੁਪਏ ਦਾ ਵਿੱਤੀ ਘਾਟਾ ਛੱਡਿਆ ਜੋ ਕਿ ਜੀ.ਐਸ.ਡੀ.ਪੀ. ਦਾ ਕ੍ਰਮ 2.66% ਅਤੇ 13.89% ਹੈ। ਇਸ ਸਭ ਕੁਝ ਦੀ ਹਕੀਕੀ ਸਥਿਤੀ ਕੇਵਲ ਅਗਸਤ ਮਹੀਨੇ ਵਿੱਚ ਉਦੋਂ ਹੀ ਜਾਣੀ ਜਾ ਸਕੇਗੀ ਜਦੋਂ ਮਹਾਂਲੇਖਕਾਰ ਕੋਲੋਂ ਸਾਨੂੰ ਇਸ ਵਰ੍ਹੇ ਵਿਚ ਵਾਸਤਵਿਕ ਖਾਤੇ ਪ੍ਰਾਪਤ ਹੋ ਜਾਣਗੇ।

16. ਵਿੱਤੀ ਸੰਜਮ ਇਹ ਮੰਗ ਕਰਦਾ ਹੈ ਕਿ ਹਰ ਸੂਬੇ ਨੂੰ ਵਾਫਰ ਮਾਲੀਆ ਪੈਦਾ ਕਰਨਾ ਚਾਹੀਦਾ ਹੈ ਅਤੇ ਪੂੰਜੀਗਤ ਖ਼ਰਚ ਦੀਆਂ ਉਧਾਰੀਆਂ ਦੇ ਨਾਲ-ਨਾਲ ਇਸ ਨੂੰ ਸਰੋਤ ਪੈਦਾ ਕਰਨ ਵਾਲੀਆਂ ਸੰਪਤੀਆਂ ਵਿਚ ਲਗਾਉਣਾ ਚਾਹੀਦਾ ਹੈ ਪ੍ਰੰਤੂ ਪਿਛਲੇ ਦਹਾਕੇ ਦੌਰਾਨ ਸੂਬਾ ਭਾਰੀ ਮਾਲੀ ਘਾਟੇ ਵਿਚ ਰਿਹਾ ਹੈ ਅਤੇ ਮਾਲੀ ਖ਼ਰਚ ਨੇ ਬੇਤਹਾਸ਼ਾ ਵਾਧੇ ਨੂੰ ਦਰਸਾਇਆ ਹੈ।

17. ਰਾਜ ਦੇ ਮਾਲੀ ਖ਼ਰਚ ਵਿਚ ਵਾਧੇ ਦਾ ਰੁਝਾਨ ਦਰਸਾਉਂਦਾ ਹੈ ਕਿ ਮਾਲੀ ਖ਼ਰਚ 2006-07 ਵਿਚ 18544 ਕਰੋੜ ਰੁਪਏ ਤੋਂ ਵੱਧ ਕੇ 2016-17 ਵਿਚ 62733.81 ਕਰੋੜ ਰੁਪਏ ਹੋ ਗਿਆ ਹੈ (238% ਦਾ ਵਾਧਾ)। ਇਸੇ ਸਮੇਂ ਦੌਰਾਨ ਤਨਖਾਹਾਂ ਉਪਰਲਾ ਖ਼ਰਚ 5783 ਕਰੋੜ ਰੁਪਏ ਤੋਂ ਵੱਧ ਕੇ 19800 ਕਰੋੜ ਰੁਪਏ (242% ਦਾ ਵਾਧਾ), ਪੈਨਸ਼ਨਾਂ 1905 ਕਰੋੜ ਰੁਪਏ ਤੋਂ 8140 ਕਰੋੜ ਰੁਪਏ (327% ਦਾ ਵਾਧਾ) ਅਤੇ ਵਿਆਜ ਖ਼ਰਚ 4152 ਕਰੋੜ ਰੁਪਏ ਤੋਂ ਵਧ ਕੇ 11982 ਕਰੋੜ ਰੁਪਏ (189% ਦਾ ਵਾਧਾ ਹੋ ਗਿਆ ਹੈ)। ਇਸ ਤਰ੍ਹਾਂ ਮਾਲੀ ਖ਼ਰਚ ਵਿਚ ਤਨਖਾਹ, ਪੈਨਸ਼ਨਾਂ ਅਤੇ ਵਿਆਜ ਅਦਾਇਗੀਆਂ ਦੇ ਵਧਦੇ ਹਿੱਸੇ ਨੇ ਸੂਬੇ ਨੂੰ ਵਾਫਰ ਮਾਲੀਆ ਪ੍ਰਾਪਤ ਕਰਨ ਤੋਂ ਵਰਜਿਆ ਹੈ। ਇਹੀ ਵਜ੍ਹਾ ਹੈ ਕਿ ਪੰਜਾਬ ਸਰਪਲੱਸ ਸਟੇਟ ਨਹੀਂ ਬਣ ਸਕਦਾ।

18. ਮੇਰੇ ਸਿਰਤੋੜ ਯਤਨਾਂ ਦੇ ਬਾਵਜੂਦ ਵੀ ਮੈਂ ਸਾਲ 2017-18 ਵਿਚ ਮਾਲੀ ਘਾਟੇ ਨੂੰ ਜੀ.ਐਸ.ਪੀ.ਡੀ.ਪੀ. ਦੇ 3.18% ਤੇ ਰੋਕਣ ਦੇ ਯੋਗ ਹੋਇਆ ਹਾਂ ਪ੍ਰੰਤੂ ਅਸੀਂ ਨਿਰੰਤਰ ਰੂਪ ਵਿਚ ਇਸ ਘਾਟੇ ਨੂੰ ਹੋਰ ਹੇਠਾਂ ਲਿਆਉਣ ਅਤੇ ਸੂਬੇ ਨੂੰ ਵਾਫਰ ਮਾਲੀਏ ਦੇ ਦੌਰ ਵਿੱਚ ਪ੍ਰਵੇਸ਼ ਕਰਵਾਉਣ ਲਈ ਪ੍ਰਤੀਬੱਧ ਹਾਂ।

ਸਪੀਕਰ ਸਾਹਿਬ, ਸਿਆਣੇ ਕਹਿੰਦੇ ਹਨ, ਵੱਡੇ ਬੋਲ ਨਾ ਬੋਲੀਏ, ਪਰਮਾਤਮਾ ਨਰਾਜ਼ ਹੋ ਜਾਂਦਾ ਹੈ ਪਰ ਸਪੀਕਰ ਸਾਹਿਬ, ਜੇ ਮੇਰੇ ਰੱਬ ਨੂੰ ਮਨਜ਼ੂਰ ਹੋਇਆ, ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ ਦੀ ਰੌਸ਼ਨੀ ਸਾਨੂੰ ਮਿਲਦੀ ਰਹੀ ਤਾਂ ਹਰ ਮੁਮਕਿਨ ਕੋਸ਼ਿਸ਼ ਕਰਾਂਗੇ, ਜਦੋਂ ਚੌਥਾ ਬਜਟ ਕਾਂਗਰਸ ਸਰਕਾਰ ਦਾ ਆਵੇਗਾ, ਉਸ ਵਿੱਚ ਅਸੀਂ ਰੈਵੀਨਿਊ ਡੈਫੀਸਿਟ ਨੂੰ ਖਤਮ ਕਰਨ ਵਿਚ ਕਾਮਯਾਬ ਹੋਵਾਂਗੇ। (ਥੰਪਿੰਗ) ਰੱਬਾ, ਮੇਰੀ ਗੱਲ ਤੇ ਗਰੂਰ ਨਾ ਸਮਝ ਲੈਣਾ ਕਿਉਂਕਿ ਸਪੀਕਰ ਸਾਹਿਬ, ਇਹ ਜਿਹੜਾ ਕਿਹਾ ਜਾਂਦਾ ਹੈ ਕਿ ਡੈਫੀਸਿਟ ਨਾਲ ਕੀ ਫਰਕ ਪੈਂਦਾ ਹੈ, ਡੈਫੀਸਿਟ ਤੁਰਿਆ ਜਾਵੇਗਾ। ਸਪੀਕਰ ਸਾਹਿਬ, ਇਹ ਫਾਈਨਾਂਸ ਦੀ ਗੱਲ ਨਹੀਂ ਹੈ, ਇਕਾਨਮੀ ਦੀ ਗੱਲ ਨਹੀਂ ਹੈ। ਇਹ ਪੰਜਾਬ ਦੇ ਵੱਕਾਰ ਦੀ ਗੱਲ ਹੈ। ਪੰਜਾਬ ਦੀ ਇੱਜ਼ਤ ਦੀ ਗੱਲ ਹੈ। ਇਹ ਪੰਜਾਬ ਦੀ ਪੱਗੜੀ ਦੀ ਗੱਲ ਹੈ ਤੇ ਪੰਜਾਬ ਦੀਆਂ ਆਉਣ ਵਾਲੀਆਂ ਨਸਲਾਂ ਦੀ ਗੱਲ ਹੈ। ਇਸ ਕਰਕੇ ਮੈਂ, ਅੱਜ ਸਪੀਕਰ ਸਾਹਿਬ, ਇਸ ਮੁਕੱਦਸ ਹਾਊਸ ਵਿੱਚ ਡੈੱਟ ਦੀ ਪੁਜ਼ੀਸ਼ਨ ਤੇ ਜਿਵੇਂ ਵਾਈ੍ਟ ਪੇਪਰ ਵਿਚ ਵੀ ਨਸ਼ਰ ਹੋਇਆ ਹੈ, ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਸ ਡੈਟ ਤੇ 10 ਮਾਰਚ ਨੂੰ ਦਸਤਖਤ ਹੋਏ। ਜਨਰਲ ਇਲੈਕਸ਼ਨ ਜਿਹੜਾ ਹੋਇਆ, ਉਸ ਦੀ 11 ਮਾਰਚ ਨੂੰ ਗਿਣਤੀ ਹੋਣੀ ਸੀ, 11 ਤਰੀਕ ਨੂੰ ਨਵੀਂ ਸਰਕਾਰ ਆਉਣੀ ਸੀ। ਕੀ ਇਕ ਦਿਨ ਨਾਲ ਪਹਾੜ ਡਿੱਗਦਾ ਸੀ ਕਿ ਨਵੀਂ ਸਰਕਾਰ ਆ ਕੇ ਦੇਖ ਲੈਂਦੀ ਕਿ ਇਸ ਦਾ ਕੀ ਕਰਨਾ ਹੈ। ਤੁਸੀਂ ਪੰਜਾਬ ਨੂੰ 20 ਸਾਲ ਪੀੜ੍ਹੀ ਦਰ ਪੀੜ੍ਹੀ, ਨਸਲ ਦਰ ਨਸਲ ਇਸ ਗੁਲਾਮੀ ਵਿੱਚ ਧੱਕ ਦਿੱਤਾ। 3200 ਕਰੋੜ ਹਰ ਸਾਲ ਦੀ ਗੁਲਾਮੀ ਦੀਆਂ ਜੰਜੀਰਾਂ ਸਾਡੇ ਪੈਰਾਂ ਵਿੱਚ ਪੈ ਗਈਆਂ ਹਨ। ਸਪੀਕਰ ਸਾਹਿਬ, ਇਹੀ ਨਹੀਂ, ਐਫ.ਆਰ.ਬੀ.ਐਮ., ਐਕਟ ਇੱਕ ਗੱਲ ਕਹਿੰਦਾ ਹੈ, ਇਸ ਦਾ ਸਬ ਸੈਕਸ਼ਨ ਚਾਰ ਕਹਿੰਦਾ ਹੈ ਕਿ ਜੇਕਰ ਜਨਰਲ ਇਲੈਕਸ਼ਨ ਵਿੱਚ 6 ਮਹੀਨੇ ਬਕਾਇਆ ਹੋਣ ਤਾਂ ਕੋਈ ਵੀ ਰਾਜ ਸਰਕਾਰ ਨਵੇਂ ਲੋਨ ਰੇਜ਼ ਨਹੀਂ ਕਰ ਸਕਦੀ ਜਿਹੜੇ ਫਿਊਚਰ ਰੈਵੇਨਿਊਜ਼ ਨੂੰ ਇਫੈਕਟ ਕਰਦੇ ਹੋਣ। ਇਸ ਵਿੱਚ ਐਫ.ਆਰ.ਬੀ.ਐਮ., ਐਕਟ ਦੀ ਇਹ ਵੀ ਉਲੰਘਣਾ ਹੋਈ ਕਿ ਇਹ ਸਾਰੇ ਲੋਨ ਅਤੇ ਇਸ ਦੇ ਨਾਲ ਪੀ.ਆਈ.ਡੀ.ਬੀ. ਰੂਰਲ ਡਿਵੈਲਪਮੈਂਟ ਬੋਰਡ, ਪੁੱਡਾ, ਪੁੱਡਾ ਲਾਈਕ ਏਜੰਸੀਜ਼ ਤੋਂ ਉਹ ਖਰਚੇ ਕਰਵਾਏ ਗਏ which was beyond the mandate of these agencies. ਪੀ.ਆਈ.ਡੀ.ਬੀ. ਜਿਹੜੀ ਹੈ, ਉਸ ਦੇ ਪੈਸਿਆਂ ਵਿਚੋਂ ਬਰਤਨ ਤੇ ਵਾਲੀਬਾਲ ਦੇ ਕਿੱਟਸ ਨਹੀਂ ਨਿਕਲ ਸਕਦੇ ਸੀ। ਪੀ.ਆਈ.ਡੀ.ਬੀ.ਅਦਾਰਾ ਕਿਸੇ ਹੋਰ ਚੀਜ਼ ਵਾਸਤੇ ਬਣਿਆ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਸੀ। ਸੋ, ਇਸ ਕਿਸਮ ਦੇ ਹਾਲਾਤ ਸਾਡੇ ਸਾਹਮਣੇ ਦਰਪੇਸ਼ ਹਨ। ਸਪੀਕਰ ਸਾਹਿਬ, ਇਨ੍ਹਾਂ ਸਾਰਿਆਂ ਦੀ ਜਿਹੜੀ ਡੈੱਟ ਹੈ, ਕਿਉਂਕਿ ਸੌਵਰੇਨ ਗਰੰਟੀਜ਼ ਦਿੱਤੀਆਂ ਹੋਈਆਂ ਹਨ ।

**ਕਰਜ਼ਾ ਸਥਿਤੀ**

ਜਨਾਬ ਸਪੀਕਰ ਸਾਹਿਬ

19. ਮਾਨਯੋਗ ਮੈਂਬਰ ਸਾਹਿਬਾਨ ਮੁਕੰਮਲ ਰੂਪ ਵਿਚ ਇਸ ਗੱਲ ਤੋਂ ਜਾਗਰੂਕ ਹਨ ਕਿ ਸਾਡੀ ਸਰਕਾਰ ਨੂੰ ਪਿਛਲੀ ਸਰਕਾਰ ਤੋਂ ਭਾਰੀ ਕਰਜ਼ ਬੋਝ ਵਿਰਸੇ ਵਿਚ ਮਿਲਿਆ ਹੈ। ਇਸ ਦੇ ਵੇਰਵੇ ਪਹਿਲਾਂ ਹੀ ਵਾਈਟ ਪੇਪਰ ਵਿਚ ਪੇਸ਼ ਕੀਤੇ ਜਾ ਚੁੱਕੇ ਹਨ। ਜਦੋਂ ਇਸ ਸਰਕਾਰ ਨੇ ਕਾਰਜ ਭਾਰ ਸੰਭਾਲਿਆ ਤਾਂ ਅਖੌਤੀ ਸੀ ਸੀ ਐੱਲ (ਕੈਸ਼ ਕਰੈਡਿਟ ਲਿਮਿਟ) ਵਿਰਾਸਤੀ ਖਾਤਿਆਂ ਨੇ ਕਰਜ਼ ਦੇ ਰੂਪ ਵਿਚ ਲਏ 29919.96 ਕਰੋੜ ਰੁਪਏ (31 ਮਾਰਚ, 2017 ਤੱਕ) ਦੀ ਵਧੀਕ ਦੇਣਦਾਰੀ ਨਾਲ ਸਵਾਗਤ ਕੀਤਾ। ਨਤੀਜੇ ਵਜੋਂ ਸਰਕਾਰ ਨੂੰ 270 ਕਰੋੜ ਰੁਪਏ ਪ੍ਰਤੀ ਮਹੀਨਾ ਅਤੇ 3240 ਕਰੋੜ ਰੁਪਏ ਸਾਲਾਨਾ ਦੀ ਵਧੀਕ ਦੇਣਦਾਰੀ ਅਗਲੇ 20 ਵਰ੍ਹਿਆਂ ਤਕ ਝੱਲਣੀ ਪਵੇਗੀ। ਇਸ ਤੋਂ ਇਲਾਵਾ ਪਹਿਲੀ ਸਰਕਾਰ ਪੀ.ਆਈ.ਡੀ.ਬੀ, ਆਰ. ਡੀ.ਬੀ, ਪੁੱਡਾ ਅਤੇ ਦੂਸਰੀਆਂ ਪੁੱਡਾ ਵਰਗੀਆਂ ਏਜੰਸੀਆਂ ਨੂੰ ਇਸ ਦੀ ਤਰਫ਼ ਤੋਂ ਕਰਜ਼ ਲੈਣ ਲਈ ਮਜ਼ਬੂਰ ਕਰਦੀ ਰਹੀ ਹੈ। ਬਹੁਤ ਵਾਰ ਇਹ ਕਰਜ਼ ਉਸ ਏਜੰਸੀ ਦੇ ਆਦੇਸ਼ ਤੋਂ ਉਲਟ ਮੰਤਵਾਂ ਲਈ ਵਰਤਿਆ ਗਿਆ ਸੀ।

20. ਮੈਂ ਇਸ ਅਜ਼ੀਮ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਖੌਤੀ ਵਿਰਾਸਤੀ ਖਾਤਿਆਂ ਦਾ ਨਿਪਟਾਰਾ ਅਤੇ ਵੱਖ-ਵੱਖ ਸੰਸਥਾਵਾਂ ਵਲੋਂ ਜਿਵੇਂ ਕਿ ਪੀ ਆਈ ਡੀ ਬੀ, ਆਰ ਡੀ ਬੀ ਆਦਿ ਲਈਆਂ ਗਈਆਂ ਸਾਰੀਆਂ ਉਧਾਰੀਆਂ ਜੋ ਕਿ ਭਵਿੱਖੀ ਮਾਲੀਏ ਤੇ ਆਧਾਰਿਤ ਹਨ ਅਤੇ ਜੋ ਕਿ ਰਾਜ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ 6 ਮਹੀਨੇ ਪਹਿਲਾਂ ਦੇ ਸਮੇਂ ਦੌਰਾਨ ਲਈਆਂ ਗਈਆਂ ਹਨ,ਇਹ ਐੱਫ ਆਰ ਬੀ ਐਮ ਐਕਟ 2003 ਦੀ ਧਾਰਾ 4(4) ਦੇ ਉਪਬੰਧਾਂ ਦੀ ਸਿੱਧੀ ਉਲੰਘਣਾ ਹੈ।

21. 4435 ਕਰੋੜ ਰੁਪਏ ਦੇ ਗੈਰ ਰਸਮੀ ਕਰਜ ਸਮੇਤ ਜੋ ਕਿ ਰਾਜ ਸਰਕਾਰ ਵਲੋਂ ਵੱਖ-ਵੱਖ ਏਜੰਸੀਆਂ ਦੁਆਰਾ ਭਾਰਤ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਲਿਆ ਗਿਆ ਸੀ ਸਮੇਤ ਰਾਜ ਦਾ ਕੁਲ ਬਕਾਇਆ ਕਰਜ਼ 31.3.2017 ਨੂੰ 186618 ਕਰੋੜ ਰੁਪਏ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਵੱਖ-ਵੱਖ ਜਨਤਕ ਖੇਤਰ ਅਦਾਰਿਆਂ ਸੰਗਠਨਾਂ ਵਲੋਂ ਲਏ ਕਰਜ਼ਿਆਂ ਲਈ ਰਾਜਕੀ ਗਰੰਟੀਆਂ ਵੀ ਦਿੰਦੀ ਰਹੀ ਹੈ। ਇਸ ਸਬੰਧ ਵਿਚ ਮਿਤੀ 31.3.2017 ਨੂੰ ਕੁਲ ਦੇਣਦਾਰੀ 20608 ਕਰੋੜ ਰੁਪਏ ਬਣਦੀ ਹੈ। ਜੇਕਰ ਜਨਤਕ ਖੇਤਰ ਅਦਾਰੇ ਇਸ ਕਰਜ਼ ਨੂੰ ਅਦਾ ਕਰਨ ਵਿਚ ਅਸਮਰੱਥ ਰਹਿੰਦੇ ਹਨ ਤਾਂ ਰਾਜ ਸਰਕਾਰ ਵਲੋਂ ਰਾਜਕੀ ਗਰੰਟੀ ਸਰਕਾਰ ਦੀ ਦੇਣਦਾਰੀ ਬਣ ਜਾਂਦੀ ਹੈ। ਕੁਲ ਬਕਾਇਆ ਕਰਜ਼ ਅਤੇ ਅਚੇਤ ਦੇਣਦਾਰੀਆਂ ਇਸ ਪ੍ਰਕਾਰ 207226 ਕਰੋੜ ਰੁਪਏ ਬਣ ਜਾਂਦੀਆਂ

ਹਨ ਜੋ ਕਿ ਸਾਲ 2016-17 ਲਈ 51371.79 ਕਰੋੜ ਰੁਪਏ (ਸੋਧੇ ਅਨੁਮਾਨ) ਹਨ ਜੋ 403.38% ਬਣਦੇ ਹਨ।

ਇਸ ਦੇ ਕੰਟਨਜੈਂਟ ਲਾਇਬਿਲਟੀਜ਼ ਹਨ, ਅੱਜ ਸਾਡੇ ਤੇ ਟੋਟਲ ਕਰਜ਼ 2,07,226 ਕਰੋੜ ਰੁਪਏ ਦਾ ਹੈ, ਜਿਹੜਾ ਕਿ ਸਾਡੀ ਜੀ.ਐਸ.ਡੀ.ਪੀ. ਦਾ 403.38% ਹਿੱਸਾ ਬਣਦਾ ਹੈ ਅਤੇ ਪੰਜਾਬ ਇੱਕ ਡੈੱਟ ਟਰੈਪ ਵਿੱਚ ਫਸ ਗਿਆ ਹੈ। ਸਪੀਕਰ ਸਾਹਿਬ, ਮੈਂ ਬੜੇ ਮਾਹਿਰਾਂ ਨੂੰ ਸੁਣਿਆ ਹੈ ਕਿ ਜਿਹੜਾ ਡੈੱਟ ਜੀ.ਐਸ.ਡੀ.ਪੀ.ਰੇਸ਼ੋ ਹੈ, ਇਸ ਦੇ ਕਮਤਰੀਨ ਆ ਗਈ ਹੈ। ਮੈਂ ਕਿਸੇ ਵੀ ਇਕਨਾਮਿਕਸ ਦੇ ਸਕੂਲ ਵਿੱਚ ਕਿਸੇ ਵੀ ਇਕਨਾਮਿਸਟ ਤੋਂ ਇਹ ਤਰਕ ਨਹੀਂ ਸੁਣੀ ਕਿ ਡੈੱਟ ਜੀ.ਐਸ.ਡੀ.ਪੀ.ਰੇਸ਼ੋ ਜੇ ਠੀਕ ਹੋ ਗਿਆ ਤਾਂ ਸਾਡੇ ਹਾਲਾਤ ਠੀਕ ਹੋ ਗਏ।

22. ਆਮ ਤੌਰ ਤੇ ਸਰਕਾਰਾਂ ਕਰਜ਼/ ਜੀ.ਐਸ.ਡੀ.ਪੀ. ਅਨੁਪਾਤ ਨੂੰ ਘੱਟ ਕਰਨ ਵਿੱਚ ਰਾਹਤ ਮਹਿਸੂਸ ਕਰਦੀਆਂ ਹਨ ਪ੍ਰੰਤੂ ਇਹ ਰਾਹਤ ਮਹਿਸੂਸ ਨਹੀਂ ਕੀਤੀ ਜਾ ਸਕਦੀ। ਜਦੋਂ ਜੀ.ਐਸ.ਡੀ.ਪੀ. ਦਾ ਵਾਧਾ ਇਸ ਅਨੁਪਾਤ ਨੂੰ ਪਛਾੜਦਾ ਹੈ ਤਾਂ ਹਮੇਸ਼ਾ ਕਰਜ਼ ਵਾਧੇ ਵਲ ਜਾਂਦਾ ਹੈ, ਇਸ ਤੋਂ ਇਲਾਵਾ ਸਰਕਾਰ ਢਿੱਲੇ ਕਰ ਪ੍ਰਬੰਧ ਕਾਰਨ ਵਧੀਆਂ ਮਾਲੀ ਵਸੂਲੀਆਂ ਦਾ ਲਾਭ ਲੈਣ ਵਿਚ ਅਸਫਲ ਰਹੀ ਹੈ। ਪੰਜਾਬ ਦੀ ਇਹ ਸਥਿਤੀ ਰਹੀ ਹੈ।

23. ਜਨਾਬ, ਜੀ.ਐਸ.ਡੀ.ਪੀ. ਦੇ ਵਾਧੇ ਦੇ ਪਿਛੋਕੜ ਵਿਚ ਵੈਟ ਪ੍ਰਾਪਤੀਆਂ ਦੇ ਵਾਧੇ ਦੇ ਮੁਲਾਂਕਣ ਨੂੰ ਸਾਹਮਣੇ ਲਿਆਉਣਾ ਵੀ ਜ਼ਰੂਰੀ ਹੈ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਵੈਟ ਪ੍ਰਾਪਤੀਆਂ ਨਿਰੰਤਰ ਰੂਪ ਵਿਚ ਘਟਦੀਆਂ ਰਹੀਆਂ ਹਨ ਅਰਥਾਤ 2010-11 ਵਿੱਚ 32% ਤੋਂ 2015-16 ਵਿਚ ਮਹਿਜ 3% ਹੀ ਰਹਿ ਗਈਆਂ। ਇਸ ਤੋਂ ਇਲਾਵਾ ਜੇਕਰ ਸਾਲ 2015-16 ਲਈ ਪਸਾਰ ਨੂੰ ਲਿਆ ਜਾਵੇ ਜਾਂ ਵਾਸਤਵਿਕ ਰੂਪ ਵਿਚ ਵੈਟ ਪ੍ਰਾਪਤੀਆਂ ਨੇ 2% ਦਾ ਨਕਾਰਾਤਮਕ ਵਾਧਾ ਦਰਜ ਕੀਤਾ ਹੈ।ਦੂਸਰੇ ਰਾਜਾਂ ਜਿਵੇਂ ਕਿ ਹਰਿਆਣਾ, ਮੱਧ ਪ੍ਰਦੇਸ਼, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਨਾਲ ਕੀਤੀ ਤੁਲਨਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਸੂਬਿਆਂ ਨੇ ਇਸੇ ਸਮੇਂ ਵਿਚ 14% ਦੀ ਸੀ. ਏ. ਜੀ. ਆਰ. ਦਰਜ ਕੀਤੀ ਹੈ, ਜਦੋਂ ਕਿ ਪੰਜਾਬ ਨੇ ਕੇਵਲ 9.62% ਦੀ ਔਸਤ ਸੀ. ਏ. ਜੀ. ਆਰ. ਦਰਜ ਕੀਤੀ ਹੈ।

ਸਪੀਕਰ ਸਾਹਿਬ, ਇਹ ਤਾਂ ਜ਼ਖਮਾਂ ਤੇ ਲੂਣ ਛਿੜਕਣ ਵਾਲੀ ਗੱਲ ਹੈ ਕਿ ਸਾਰੇ ਸੂਬਿਆਂ ਦੀ ਕੰਬਾਈਨ ਗਰੋਥ ਰੇਟ ਪੰਜਾਬ ਨਾਲੋਂ ਕਿਤੇ ਜ਼ਿਆਦਾ ਹੈ। ਸਪੀਕਰ ਸਾਹਿਬ, ਮੈਂ ਕਈ ਵਾਰੀ ਸੋਚਦਾ ਹਾਂ। ਵੈਸੇ ਤਾਂ ਮਾਯੂਸੀ ਗੁਨਾਹ ਹੈ। ਇਹ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਜਿਹੜਾ ਇਨਸਾਨ ਮਾਯੂਸ ਹੋ ਜਾਂਦਾ ਹੈ, ਉਹ ਗੁਨਾਹਗਾਰ ਹੁੰਦਾ ਹੈ ਪਰ ਜਦੋਂ ਮੈਂ ਇਸ ਅਸੈਂਬਲੀ ਦੇ ਦਰੋ ਦੀਵਾਰ ਦੇਖਦਾ ਹਾਂ, ਇਹ ਉਹੀ ਇੱਟਾਂ ਹਨ, ਉਹੀ ਰੋੜੇ ਹਨ, ਉਹੀ ਇਹ ਦਰਵਾਜ਼ੇ ਹਨ, ਜਿਨ੍ਹਾਂ ਨੇ ਕਦੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਵੀ ਇਸ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਅਸੈਂਬਲੀ ਵਿੱਚ ਸੁਣਿਆ ਹੋਣਾ ਹੈ। ਇਹ ਉਹ ਅਸੈਂਬਲੀ ਹੈ ਜਿਨ੍ਹਾਂ ਨੇ ਕਿਸੇ ਵੇਲੇ ਭਾਖੜਾ ਡੈਮ ਦੇ ਐਸਟੀਮੇਟਸ ਵੀ ਪਾਸ ਕੀਤੇ ਹੋਣੇ ਹਨ। ਚੰਡੀਗੜ੍ਹ ਸ਼ਹਿਰ ਦੇ ਐਸਟੀਮੇਟਸ ਪਾਸ ਕੀਤੇ ਹੋਣੇ ਹਨ। ਇਹ ਉਹੀ ਅਸੈਂਬਲੀ ਹੈ, ਜਿਨ੍ਹਾਂ ਨੇ ਸੜਕਾਂ, ਸਕੂਲ, ਹਸਪਤਾਲ, ਇੰਡਸਟਰੀ ਜਿਹੜੀ ਪੰਜਾਬ ਦੇ ਵਿੱਚ ਲੱਗੀ, ਖੇਤੀਬਾੜੀ ਹੈ ਔਰ ਅੱਜ ਇਨ੍ਹਾਂ ਦੀਵਾਰਾਂ ਨੂੰ ਇਸ ਕਿਸਮ ਦੀਆਂ ਮਾਯੂਸਕੰਨ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਮੇਰੀਆਂ ਅੱਖਾਂ ਖੂਨ ਦੇ ਅੱਥਰੂ ਰੋਂਦੀਆਂ ਹਨ। ਉਹ ਕਹਿੰਦਾ ਹੈ-

ਸ਼ੱਕ ਨਾ ਕਰ ਯੂ ਹੀਂ ਮੇਰੀ ਖੁਸ਼ਕ ਆਖੋਂ ਪੇ ।

ਆਂਸੂ ਯੂੰਹ ਭੀ ਬਹਾਏ ਜਾਤੇ ਹੈਂ।

ਜੇ ਅੱਖਾਂ ਵਿੱਚ ਪਾਣੀ ਨਹੀਂ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਾਡਾ ਦਿਲ ਨਹੀਂ ਰੋਂਦਾ।

24. ਬਦਕਿਸਮਤੀ ਨਾਲ ਸਾਲ 2017-18 ਲਈ ਕਰਜ਼ ਵਾਪਸੀ (ਮੂਲਧਨ+ਵਿਆਜ਼) ਭਾਰਤ ਸਰਕਾਰ ਵਲੋਂ ਵਿੱਤੀ ਸਾਲ 2017-18 ਲਈ ਪ੍ਰਵਾਨਿਤ 12819 ਕਰੋੜ ਦੀ ਨਿਰੋਲ ਉਧਾਰ ਸੀਮਾ ਦੇ ਮੁਕਾਬਲੇ 22396 ਕਰੋੜ ਰੁਪਏ ਤੇ ਪਹੁੰਚ ਗਈ। ਇਸ ਨਾਲ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਰਾਜ ਉਧਾਰ ਰਕਮ ਨੂੰ ਵਿਕਾਸ ਵਿੱਚ ਲਾਵੇ ਅਤੇ ਸਰੋਤ ਸਿਰਜਨ ਪੂੰਜੀਗਤ ਸੰਪਤੀਆਂ ਪੈਦਾ ਕਰੇ।

ਜਨਾਬ ਸਪੀਕਰ ਸਾਹਿਬ

25. ਸਾਡੀਆਂ ਸਮੱਸਿਆਵਾਂ ਗੰਭੀਰ ਹਨ। ਘਟਨਾਵਾਂ ਦਾ ਰੁੱਖ ਵੀ ਵਿਪਰੀਤ ਹੈ। ਹਵਾਵਾਂ ਦੇ ਰੁੱਖ ਪਰਤਣ ਤੋਂ ਪਹਿਲਾਂ ਕੁਝ ਝਟਕੇ ਵੀ ਲੱਗ ਸਕਦੇ ਹਨ ਪ੍ਰੰਤੂ ਇਹ ਨਿਸ਼ਚਿਤ ਰੂਪ ਵਿਚ ਬਦਲੇਗਾ।ਸਮੁੱਚੇ ਪੰਜਾਬੀਆਂ ਦੀਆਂ ਉਮੀਦਾਂ ਸਾਡੇ ਉਪਰ ਟਿਕੀਆਂ ਹਨ ਭਾਵੇਂ ਉਹ ਇਥੇ ਰਹਿ ਰਹੇ ਹੋਣ ਜਾਂ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿੱਚ। ਅਸੀਂ ਅਰਦਾਸ ਕਰਦੇ ਹਾਂ ਕਿ ਅਸੀਂ ਉਨ੍ਹਾਂ ਅਸੀਮ ਮੌਕਿਆਂ ਲਈ ਸ਼ੁਕਰਗੁਜ਼ਾਰ ਹੋਈਏ ਜੋ ਕਿ ਪ੍ਰਮਾਤਮਾ ਨੇ ਸਾਨੂੰ ਬਖਸ਼ੇ ਹਨ।

26. ਮੇਰੀ ਆਸ ਅਤੇ ਵਿਸ਼ਵਾਸ ਦੇਸ਼ ਦੇ ਇਤਿਹਾਸ ਵਿੱਚ ਇਕ ਵੱਡੇ ਕਰ ਸੁਧਾਰਾਂ ਵਿੱਚ ਟਿਕੀ ਹੋਈ ਹੈ ਜੋ ਕਿ 1 ਜੁਲਾਈ, 2017 ਤੋਂ ਜੀ.ਐੱਸ.ਟੀ. ਦੀ ਸ਼ੁਰੂਆਤ ਹੋਣੀ ਹੈ। ਮਾਹਿਰਾਂ ਦਾ ਵਿਚਾਰ ਹੈ ਕਿ ਪੰਜਾਬ ਖਪਤਕਾਰ ਸੂਬਾ ਹੋਣ ਦੇ ਨਾਤੇ ਇਸ ਟੀਚਾ ਆਧਾਰਿਤ ਕਰ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਰੱਖਦਾ ਹੈ। ਆਸ਼ਾਵਾਦੀ ਨਜ਼ਰੀਏ ਨਾਲ ਮੈਂ ਨਿਮਨ ਖੇਤਰੀ ਰਾਖਵੇਂਕਰਨ ਅਤੇ ਨਵੀਆਂ ਪਹਿਲਕਦਮੀਆਂ ਦੀ ਤਜਵੀਜ਼ ਕਰਦਾ ਹਾਂ ਜਿਹੜੇ ਕਿ ਸਾਡੀ ਪਾਰਟੀ ਦੇ ਪੰਜਾਬ ਦੇ ਲੋਕਾਂ ਨਾਲ ਕੀਤੀ ਪ੍ਰਤੀਬੱਧਤਾ ਦਾ ਪ੍ਰਤੀਮਾਰਗ ਹਨ। ਹੁਣ ਮੈਂ ਨਵੀਆਂ ਪਹਿਲਕਦਮੀਆਂ ਦੇ ਨਾਲ-ਨਾਲ ਖੇਤਰ ਮੁਤਾਬਕ ਤਜਵੀਜ਼ਾਂ ਪੇਸ਼ ਕਰਦਾ ਹਾਂ।

27. ਲੰਮੇ ਸਮੇਂ ਤੋਂ ਪੰਜਾਬ ਭਾਰਤ ਦੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਖੇਤੀਬਾੜੀ ਉਤਪਾਦਕਤਾ ਵਿੱਚ ਵਾਧੇ ਲਈ ਧਿਆਨ ਕੇਂਦਰਿਤ ਕਰ ਰਿਹਾ ਹੈ ਪ੍ਰੰਤੂ ਪੰਜਾਬ ਨੂੰ ਇਸ ਦੀ ਵੱਡੀ ਕੀਮਤ ਅਦਾ ਕਰਨੀ ਪਈ ਹੈ। ਇਸ ਨਾਲ ਮਿੱਟੀ ਅਤੇ ਜ਼ਮੀਨੀ ਪਾਣੀ ਦੇ ਸਾਡੇ ਕੁਦਰਤੀ ਸਰੋਤਾਂ ਵਿਚ ਨਿਘਾਰ ਆਇਆ ਹੈ। ਇਸ ਲਈ ਉੱਚ ਉਤਪਾਦਕਤਾ ਵਾਲੇ ਵਾਧਿਆਂ ਨੂੰ ਹੁਣ ਬਰਕਰਾਰ ਨਹੀਂ ਰੱਖਿਆ ਜਾ ਸਕਦਾ। ਖੇਤੀਬਾੜੀ ਖੇਤਰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਦੂਸਰੇ ਰਾਜਾਂ ਵਿੱਚ ਵਧਿਆ ਖੇਤੀਬਾੜੀ ਉਤਪਾਦਕ ਪੰਜਾਬ ਦੇ ਅਨਾਜਾਂ ਦੀ ਮੰਗ ਨੂੰ ਪ੍ਰਭਾਵਿਤ ਕਰੇਗਾ। ਸਾਨੂੰ ਹੁਣ ਤੇਜ਼ੀ ਨਾਲ ਅਤੇ ਤੁਰੰਤ ਕਦਮ ਚੁੱਕਣੇ ਪੈਣਗੇ। ਆਰਥਿਕ ਖੁਸ਼ਹਾਲੀ ਨਾਲ ਖਪਤਕਾਰ ਤਰਜੀਹਾਂ ਵਧੇਰੇ ਪ੍ਰੋਟੀਨ ਯੁਕਤ ਖੁਰਾਕਾਂ ਵਲ ਤਬਦੀਲ ਹੋਣਗੀਆਂ ਜਿਸ ਨਾਲ ਪੰਜਾਬ ਦੇ ਅਨਾਜਾਂ ਦੀ ਮੰਗ ਮੱਠੀ ਪਵੇਗੀ। ਪਿਛਲੇ ਤਿੰਨ ਸਾਲਾਂ ਵਿਚ ਕੇਂਦਰੀ ਸਰਕਾਰ ਨੇ ਯੂ.ਪੀ.ਏ. ਸਰਕਾਰ ਦੇ ਪਹਿਲੇ ਤਿੰਨ ਸਾਲਾਂ ਦੇ ਮੁਕਾਬਲੇ ਘੱਟੋ ਘੱਟ ਸਮਰਥਨ ਮੁੱਲਾਂ ਵਿਚ (ਐਮ.ਐਸ. ਪੀ.) ਬਹੁਤ ਹੀ ਨਿਗੂਣੇ ਵਾਧੇ ਕੀਤੇ ਹਨ।

28. ਵਾਤਾਵਰਣ ਅਨੁਮਾਨ ਨਾਲੋਂ ਵਧੇਰੇ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਵਧੇਰੇ ਵਾਸ਼ਪਸ਼ੀਲ ਮੌਸਮੀ ਘਟਨਾਵਾਂ ਦਾ ਫਸਲੀ ਝਾੜਾਂ ਉਪਰ ਪ੍ਰਭਾਵ ਪੈ ਰਿਹਾ ਹੈ ਅਤੇ ਨਤੀਜੇ ਵਜੋਂ ਫਸਲੀ ਅਸਫਲਤਾਵਾਂ ਸਾਹਮਣੇ ਆਈਆਂ ਹਨ। ਦਹਾਕਿਆਂ ਤੋਂ ਕੇਂਦਰੀ ਸਰਕਾਰ ਦੀ ਇਹ ਤਰਜੀਹ ਰਹੀ ਹੈ ਕਿ ਖਪਤਕਾਰਾਂ ਨੂੰ ਸ਼ਾਂਤ ਕੀਤਾ ਜਾਵੇ ਅਤੇ ਅਨਾਜ ਪਸਾਰ ਨੂੰ ਨਿਯੰਤਰਣ ਕੀਤਾ ਜਾਵੇ। ਪੰਜਾਬ ਦਾ ਮੁੱਢਲਾ ਪ੍ਰਭਾਵਿਤ ਵਰਗ ਕਿਸਾਨ ਹਨ। ਪੰਜਾਬ ਮੁੱਖ ਉਤਪਾਦਕ ਹੋਣ ਦੇ ਨਾਤੇ ਕੇਂਦਰੀ ਸਰਕਾਰ ਦੀਆਂ ਤਰਜੀਹਾਂ ਦੇ ਹਮਲੇ ਨੂੰ ਨਿਰੰਤਰ ਝੱਲਦਾ ਆ ਰਿਹਾ ਹੈ। ਇਹ ਇਕ ਪੂਰਨ ਨਿਸ਼ਚਿਤ ਮਿੱਥ ਹੈ ਕਿ ਕਿਸਾਨਾਂ ਦੀਆਂ ਆਮਦਨਾਂ ਨੂੰ ਕੇਵਲ ਕੇਂਦਰੀ ਭੰਡਾਰ ਲਈ ਫਸਲਾਂ ਪੈਦਾ ਕਰਕੇ ਹੀ ਨਹੀਂ ਵਧਾਇਆ ਜਾ ਸਕਦਾ। ਸਾਨੂੰ ਮੁਕੰਮਲ ਰੂਪ ਵਿਚ ਇਕ ਨਵਾਂ ਪ੍ਰਗਤੀ ਮਾਰਗ ਅਖਤਿਆਰ ਕਰਨਾ ਪਵੇਗਾ। ਸਾਡੀ ਸਰਕਾਰ ਉਹ ਸਭ ਕੁਝ ਕਰੇਗੀ ਜੋ ਕਿਸਾਨਾਂ ਦੀ ਖੁਸ਼ਹਾਲੀ ਵਿਚ ਵਾਧੇ ਲਈ ਲੋੜੀਂਦਾ ਹੈ। ਸਾਡੇ ਲਈ ਮਹੱਤਵਪੂਰਨ ਹੈ, "ਕਿਸਾਨ ਦੀ ਖੁਸ਼ਹਾਲੀ" ਅਤੇ ਨਾ ਕਿ "ਵੱਧਦੀ ਉਤਪਾਦਕਤਾ"।

Mr. Speaker, our problems are critical. The tide is unfavorable. The news will be worse before it gets better. There may be many setbacks before the Tide is turned but turn it we must. The hopes of all Punjabis rest upon whether they live here or anywhere-else in the world. We prayed we may be worthy of the unlimited opportunities that God has

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

given us. ਸਪੀਕਰ ਸਾਹਿਬ, ਮੇਰੀ ਆਸ ਹੈ ਤੇ ਵਿਸ਼ਵਾਸ ਦੇਸ਼ ਦੇ ਇਤਿਹਾਸ ਵਿਚ ਇਕ ਐਸੇ ਟੈਕਸ ਰਿਫਾਰਮ ਤੇ ਟਿਕੀ ਹੋਈ ਹੈ ਜੋ 1 ਜੁਲਾਈ, 2017 ਤੋਂ ਲਾਗੂ ਹੋ ਰਿਹਾ ਹੈ। ਜਨਾਬ ਦੀ ਮਿਹਰਬਾਨੀ ਨਾਲ ਕੱਲ੍ਹ ਇਹ ਜੀ.ਐਸ.ਟੀ.ਦਾ ਬਿੱਲ ਪਾਸ ਹੋਇਆ ਹੈ, ਮਾਹਿਰ ਕਹਿ ਰਹੇ ਹਨ ਕਿ ਇਹ ਡੈਸਟੀਨੇਸ਼ਨ ਬੇਸਿਡ ਐਕਟ ਹੈ। ਇਸ ਨਾਲ ਮੈਨੂੰ ਇਕ ਆਸ ਦੀ ਕਿਰਨ ਮਿਲ ਗਈ ਹੈ ਕਿ ਅਗਲੇ ਪੰਜ ਸਾਲਾਂ ਵਿਚ 14 ਪ੍ਰਤੀਸ਼ਤ ਗਰੋਥ ਜੇ ਪੰਜਾਬ ਨੂੰ ਮਿਲਦੀ ਹੈ ਤਾਂ ਸਾਡੇ ਜਿਹੜੇ ਰੈਵੇਨਿਊਜ਼ ਹਨ ਜੇਕਰ ਇਨ੍ਹਾਂ ਨੂੰ ਪੰਜਾਂ ਸਾਲਾਂ ਵਿਚ ਕੰਪਾਊਂਡ ਕਰਾਂਗੇ ਤਾਂ ਇਹ ਡਬਲ ਹੋ ਜਾਣਗੇ। ਮੇਰੀ ਆਸ ਉਸ ਤੇ ਹੈ। ਹੁਣ ਮੈਂ, ਸਪੀਕਰ ਸਾਹਿਬ, ਇਸ ਆਸ ਨਾਲ ਜਿਹੜੀ ਸੈਕਟਰ ਵਾਈਜ਼ ਐਲੋਕੇਸ਼ਨ ਹੈ ਔਰ ਸਰਕਾਰ ਦੀਆਂ ਨਵੀਆਂ ਪਹਿਲ ਕਦਮੀਆਂ ਹਨ। ਮੈਂ ਤੁਹਾਡੀ ਮਾਰਫਤ ਕਾਬਲੇ-ਕਦਰ ਇਸ ਹਾਊਸ ਦੇ ਮੈਂਬਰਾਨ ਦੇ ਸਾਹਮਣੇ ਤਜਵੀਜ਼ ਕਰਾਂਗਾ।

29. ਅਗਲੇ ਸਾਲ ਅਸੀਂ ਸਿੱਧੇ ਰੂਪ ਵਿਚ ਛੋਟੇ ਅਤੇ ਹਾਸ਼ੀਆ ਗ੍ਰਸਤ ਕਿਸਾਨਾਂ ਦੀ ਉਪਜੀਵਕਾ ਵਿਚ ਸੁਧਾਰ ਲਈ ਆਪਣੀਆਂ ਨੀਤੀਆਂ ਅਤੇ ਸਹਾਇਤਾ ਪ੍ਰਣਾਲੀਆਂ ਨੂੰ ਨਵੀਂ ਦਿਸ਼ਾ ਦੇਵਾਂਗੇ।ਖੇਤੀਬਾੜੀ ਖੇਤਰ ਵਿਚ ਮੋਹਰੀ ਹੋਣ ਦੇ ਬਾਵਜੂਦ ਪੰਜਾਬ ਦੀ ਕੋਈ ਵੀ ਨਿਰਧਾਰਤ ਖੇਤੀਬਾੜੀ ਨੀਤੀ ਨਹੀਂ ਹੈ। ਅਗਲੇ ਦੋ ਮਹੀਨਿਆਂ ਅੰਦਰ, ਕਿਸਾਨ ਕਮਿਸ਼ਨ ਪੰਜਾਬ ਰਾਜ ਲਈ ਨਵੀਂ ਖੇਤੀਬਾੜੀ ਨੀਤੀ ਪੇਸ਼ ਕਰੇਗਾ।

ਸਪੀਕਰ ਸਾਹਿਬ, ਖੇਤੀਬਾੜੀ ਦੇ ਪੈਰ੍ਹੇ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹਾਂਗਾ ਕਿ ਹੁਣ ਐਗਰੀਕਲਚਰ ਦੀ ਜਿਹੜੀ ਟੋਟਲ ਥਰੱਸਟ ਹੈ ਉਹ ਇਸ ਵੇਲੇ ਪ੍ਰੋਡੱਕਸ਼ਨ ਦੇ ਉਤੇ ਨਹੀਂ ਹੈ। ਅੱਜ ਸੱਤਰ ਸਾਲ ਤੋਂ ਪੰਜਾਬ ਵੇਖ ਰਿਹਾ ਹੈ ਕਿ ਪ੍ਰੋਡੱਕਟੀਵਿਟੀ ਵਧਾਉ, ਪ੍ਰੋਡੱਕਟੀਵਿਟੀ ਵਧਾਉ। ਸਪੀਕਰ ਸਾਹਿਬ, ਹੁਣੇ ਇਸ ਨੂੰ ਤਰਮੀਮ ਕੀਤਾ ਹੈ। ਹੁਣ ਕਿਸਾਨ ਦੀ ਖੁਸ਼ਹਾਲੀ ਜਿਹੜੀ ਹੈ, ਫਾਰਮਰ ਜਿਹੜਾ ਹੈ, ਫਾਰਮਰ ਪ੍ਰਾਸਪਰਸ, ਕਿਸਾਨ ਦੀ ਵੈਲਫੇਅਰ ਪ੍ਰੋਡੱਕਟੀਵਿਟੀ ਤੋਂ ਪਹਿਲਾਂ ਵੇਖਣੀ ਹੈ। ਉਹ ਜਿਵੇਂ ਮੁਹਾਵਰਾ ਬਣਿਆ ਸੀ "ਦੱਬ ਕੇ ਵਾਹ ਤੇ ਰੱਜ ਕੇ ਖਾਹ"। ਹੁਣ ਸਰਕਾਰ ਦਾ ਮੁਹਾਵਰਾ ਹੈ ਕਿ "ਅਕਲ ਨਾਲ ਵਾਹ ਤੇ ਰੱਜ ਕੇ ਖਾਹ" । ਸੋ, ਇਹ ਸਰਕਾਰ ਦੀ ਤਰਜੀਆਰਤ ਹੋਵੇਗੀ । ਕੱਲ੍ਹ ਜਨਾਬ ਏ ਮੋਹਤਰਮ ਪੰਜਾਬ ਦੇ ਚੀਫ ਮਨਿਸਟਰ ਸਾਹਿਬ ਨੇ ਕਿਸਾਨ ਦੀ ਜਿਹੜੀ ਕਰਜ਼ਾ ਮੁਆਫੀ ਦੀ ਗੱਲ ਕੀਤੀ ਹੈ । ਸਪੀਕਰ ਸਾਹਿਬ, ਮੈਨੂੰ ਲੱਗਦਾ ਹੈ ਕਿ ਹਾਲਾਂ ਕਿ ਸਾਡੀ ਪੰਜਾਬ ਦੀ ਉਤਨੀ ਹੈਸੀਅਤ ਤੇ ਔਕਾਤ ਨਹੀਂ ਹੈ ਜਿੰਨੀ ਯੂ.ਪੀ. ਤੇ ਮਹਾਂਰਾਸ਼ਟਰ ਦੀ ਹੈ ਪਰ ਸਭ ਤੋਂ ਵੱਡਾ ਫੈਸਲਾ ਜਿਹੜਾ ਅੱਜ ਹਿੰਦੁਸਤਾਨ ਦੀ ਸਰ ਜ਼ਮੀਨ ਤੇ ਜੇ ਕਿਸੇ ਸਟੇਟ ਨੇ ਕੀਤਾ ਹੈ ਤਾਂ ਉਹ ਸੂਬਾ ਪੰਜਾਬ ਹੈ ਜਿਸ ਨੇ ਇਹ ਕੀਤਾ ਹੈ। (ਥੰਪਿੰਗ) ਇਸ ਦੇ ਵਿੱਚ ਪੌਣੇ ਨੌਂ ਲੱਖ ਕਿਸਾਨ ਪੰਜਾਬ ਦਾ ਐਸਾ ਹੈ ਜਿਹੜਾ ਕਿ ਇਸ ਕਰਜ਼ ਦੇ ਚੁੰਗਲ ਵਿਚੋਂ ਛੁੱਟ ਚੁੱਕਿਆ ਹੈ ਜਿਹੜੀ ਇਨ੍ਹਾਂ ਨੇ ਪਹਿਲ ਕਦਮੀ ਕੀਤੀ ਹੈ । ਇਸ ਦੇ ਨਾਲ ਨਾਲ ਇਸ ਨੂੰ ਕੁੱਲ ਮਿਲਾ

ਕੇ 10 ਲੱਖ 20 ਹਜ਼ਾਰ ਕਿਸਾਨ ਹਨ ਜਿਨ੍ਹਾਂ ਦੇ ਦੋ ਲੱਖ ਤੱਕ ਦੇ ਕਰਜ਼ੇ ਮੁਆਫ ਹੋ ਰਹੇ ਹਨ। ਸਪੀਕਰ ਸਾਹਿਬ, ਜਿਸ ਵੇਲੇ ...

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ..

**ਮਾਨਯੋਗ ਸਪੀਕਰ :** ਤੁਸੀਂ ਬੈਠੋ ਜੀ। ਬਜਟ ਤੇ ਬਹਿਸ ਹੋਵੇਗੀ । ਉਦੋਂ ਗੱਲ ਕਰ ਲੈਣਾ।

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ:**

30. ਪਿਛਲੇ 10 ਸਾਲਾਂ ਵਿਚ ਫਾਰਮ ਵਿਸਥਾਰ ਸੇਵਾਵਾਂ ਦਾ ਪੂਰੀ ਤਰ੍ਹਾਂ ਖਾਤਮਾ ਹੋ ਗਿਆ ਹੈ ਅਤੇ ਲਗਭਗ 50% ਅਮਲੇ ਵਿਚ ਕਮੀ ਆਈ ਹੈ। ਇਸ ਲਈ ਕਿਸਾਨਾਂ ਨੂੰ ਰਸਾਇਣਾਂ ਦੀ ਜ਼ਿਆਦਾ ਵਰਤੋਂ ਅਤੇ ਦੁਰਵਰਤੋਂ ਦਾ ਸ਼ਿਕਾਰ ਹੋਣਾ ਪਿਆ।ਅਸੀਂ ਵਿਸਤਾਰ ਸੇਵਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਖਾਕਾ ਤਿਆਰ ਕਰਾਂਗੇ। ਸਾਡੀ ਤਰਜੀਹ ਕਿਸਾਨਾਂ ਦੁਆਰਾ ਰਸਾਇਣਾਂ ਦੀ ਵਰਤੋਂ ਉਨ੍ਹਾਂ ਦੀਆਂ ਨਿਵੇਸ਼ ਲਾਗਤਾਂ ਨੂੰ ਸਾਲਾਨਾ 10% ਤੱਕ ਘਟਾਉਣਾ ਹੈ।

31. ਅਸੀਂ ਜੈਵਿਕ ਖੇਤੀ ਵੱਲ ਜ਼ਿਆਦਾ ਜ਼ੋਰ ਦੇਣ ਦੀ ਤਜਵੀਜ਼ ਅਤੇ ਪੰਜਾਬ ਦੇ ਹਰ ਬਲਾਕ ਵਿਚ ਪ੍ਰਦਰਸ਼ਨੀ ਲਾਉਣ ਲਈ ਸਹਿਯੋਗ ਕਰਾਂਗੇ ਜਿਨ੍ਹਾਂ ਵਿੱਚ ਕਿ ਕਿਸਾਨ ਸੰਗਠਨਾਂ ਨੂੰ ਸ਼ਾਮਲ ਕਰਕੇ ਜੈਵਿਕ ਖੇਤੀ ਕਰਨ ਵਾਲੇ ਕਿਸਾਨ ਇਸ ਦੇ ਮਾਲਕ ਹੋਣਗੇ ਅਤੇ ਉਹ ਹੀ ਇਸ ਨੂੰ ਲਗਾਉਣਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਕਲੈਰੀਫਿਕੇਸ਼ਨ ਹੈ, ਸਪੀਕਰ ਸਾਹਿਬ, ਸਿਰਫ ਕਲੈਰੀਫਿਕੇਸ਼ਨ ਹੈ.....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨਾ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਦੇ ਉਤੇ ਬਜਟ ਦੀਆਂ ਕਾਪੀਆਂ ਲੈ ਕੇ ਖੜ੍ਹੇ ਸਨ ਤੇ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਨੇ ਬਜਟ ਦੀਆਂ ਕਾਪੀਆਂ ਫਾੜ੍ਹ ਦਿੱਤੀਆਂ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਬਜਟ ਦੀ ਕਾਪੀ ਫਾੜ੍ਹ ਕੇ ਹਾਊਸ ਦੀ ਫਲੋਰ ਉਤੇ ਸੁੱਟ ਦਿੱਤੀ।)

**ਮਾਨਯੋਗ ਸਪੀਕਰ :** ਤੁਹਾਨੂੰ ਬਹਿਸ ਦਾ ਟਾਈਮ ਮਿਲੇਗਾ। ਤੁਹਾਨੂੰ ਬਹਿਸ ਦਾ ਮੌਕਾ ਮਿਲੇਗਾ। ਤੁਸੀਂ ਇਸ ਦੇ ਉਤੇ ਬੋਲਣਾ ਹੈ। (ਵਿਘਨ)(ਸ਼ੋਰ)

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ:** ਸਪੀਕਰ ਸਾਹਿਬ, ਜਿਸ ਵੇਲੇ ਬਜਟ ਤਜਵੀਜ਼ਾਂ ਬਣ ਰਹੀਆਂ ਸਨ ਤਾਂ ਉਸ ਵੇਲੇ ਐਕਸਪਰਟ ਕਮੇਟੀ ਦੀ ਰਿਪੋਰਟ ਨਹੀਂ ਆਈ ਸੀ । ਸਪੀਕਰ ਸਾਹਿਬ, ਮੈਂ ਇਸ ਲਈ ਇਸ ਬਜਟ ਵਿੱਚ 1500 ਕਰੋੜ ਰੁਪਿਆ

ਮਖਸੂਸ ਕੀਤਾ ਹੈ। (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ****ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ। ****ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ** **ਨਾਅਰੇ ਰਿਕਾਰਡ ਨਾ ਕੀਤੇ ਜਾਣ। ਤੁਸੀਂ ਅਜੇ ਬਹਿਸ ਕਰਨੀ ਹੈ, ਤੁਹਾਨੂੰ ਸਮਾਂ ਦਿੱਤਾ ਜਾਵੇਗਾ। (ਵਿਘਨ )(ਸ਼ੋਰ)

---

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਹਰਵਿੰਦਰ ਸਿੰਘ ਫੂਲਕਾ ਅਤੇ ਮਾਨਯੋਗ ਮੈਂਬਰ, ਸਰਦਾਰ ਅਮਰਜੀਤ ਸਿੰਘ ਸੰਦੋਆ, ਸਰਦਾਰ ਹਰਪਾਲ ਸਿੰਘ ਚੀਮਾ, ਸ਼੍ਰੀ ਜੈ ਕ੍ਰਿਸ਼ਨ ਰੋੜੀ, ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਸਰਦਾਰ ਬਲਦੇਵ ਸਿੰਘ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਰਦਾਰ ਮਨਜੀਤ ਸਿੰਘ, ਸ਼੍ਰੀ ਕੰਵਰ ਸੰਧੂ, ਸਰਦਾਰ ਕੁਲਵੰਤ ਸਿੰਘ ਪੰਡੋਰੀ, ਸਰਦਾਰ ਜਗਦੇਵ ਸਿੰਘ, ਸ਼੍ਰੀ ਅਮਨ ਅਰੋੜਾ, ਪ੍ਰੋਫੈਸਰ ਬਲਜਿੰਦਰ ਕੌਰ, ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਮਿਸ ਰੁਪਿੰਦਰ ਕੌਰ ਅਤੇ ਸ਼੍ਰੀ ਬੁੱਧ ਰਾਮ ਮਾਨਯੋਗ ਸਪੀਕਰ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਦੇ ਵਿਚਕਾਰ ਵਾਲੇ ਰਸਤੇ ਦੇ ਰਾਹੀਂ ਸਦਨ ਦੀ ਫਲੋਰ ਕਰਾਸ ਕਰਦੇ ਹੋਏ ਵਾਕ-ਆਊਟ ਕਰ ਗਏ।)

-----

## PRESENTATION OF THE BUDGET ESTIMATES FOR THE YEAR 2017-18 *(Resumption)*

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ :** ਸਪੀਕਰ ਸਾਹਿਬ, ਜਿਹੜਾ ਕਿਸਾਨਾਂ ਦਾ ਡੈਟ ਹੈ ਇਸ ਨੂੰ ਸਰਕਾਰ ਟੇਕ ਓਵਰ ਕਰ ਲਵੇਗੀ। ਕਿਸਾਨ ਦਾ ਡੈੱਟ ਨਾਲ ਹੁਣ ਕੋਈ ਤੁਅੱਲਕ ਨਹੀਂ ਰਿਹਾ, ਇਹ ਸਰਕਾਰ ਜਾਣੇ । (ਵਿਘਨ)(ਸ਼ੋਰ)

ਜਨਾਬ ਸਪੀਕਰ ਸਾਹਿਬ,

32. ਜੇਕਰ ਪੰਜਾਬ ਰਾਜ ਦੇ ਸਮਾਜ ਵਿਚ ਕੋਈ ਵਰਗ ਸਭ ਤੋਂ ਜ਼ਿਆਦਾ ਸੰਕਟ ਵਿਚ ਹੈ ਤਾਂ ਉਹ ਮਾਣਮੱਤਾ ਪੰਜਾਬੀ ਕਿਸਾਨ, ਜਿਸ ਨੇ ਇਸ ਦੇਸ਼ ਦੀ ਸੁਰੱਖਿਆ ਲਈ ਪੀੜ੍ਹੀ ਦਰ ਪੀੜ੍ਹੀ ਅਣਥੱਕ ਸੇਵਾ ਕੀਤੀ ਹੈ। ਪੰਜਾਬ ਦੇਸ਼ ਵਿਚੋਂ ਸਭ ਤੋਂ ਜ਼ਿਆਦਾ ਕਰਜ਼ਾ ਗ੍ਰਸਤ

** Not recorded as ordered by the Chair.

ਰਾਜਾਂ ਵਿਚੋਂ ਇਕ ਹੈ। ਇਹ ਬਦਕਿਸਮਤੀ ਹੈ ਕਿ ਪੰਜਾਬੀ ਕਿਸਾਨ ਜੋ ਅਨਾਜ ਪੈਦਾ ਕਰਦਾ ਹੈ ਅਤੇ "ਅੰਨਦਾਤਾ" ਹੈ ਅਤੇ ਪਿਛਲੇ 70 ਸਾਲਾਂ ਤੋਂ ਦੇਸ਼ ਦਾ ਢਿੱਡ ਭਰ ਰਿਹਾ ਹੈ, ਨੂੰ ਮਾਨਸਿਕ ਤਣਾਓ ਦੀ ਸਥਿਤੀ ਵਿਚੋਂ ਗੁਜ਼ਰਨਾ ਪਿਆ ਅਤੇ ਖੁਦਕਸ਼ੀ ਕਰਨ ਜਿਹੇ ਭਿਆਨਕ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ। ਇਸ ਸਰਕਾਰ ਨੇ ਸਭ ਤੋਂ ਪਹਿਲਾਂ ਚੁੱਕੇ ਗਏ ਕਦਮਾਂ ਵਿਚੋਂ ਇਕ ਕਿਸਾਨ ਨੂੰ ਇਸ ਦੇ ਕਰਜ਼ਾ ਭਾਰ ਤੋਂ ਮੁਕਤ ਕਰਨ ਦੀ ਸ਼ੁਰੂਆਤ ਕਰਨਾ ਸੀ ਇਕ ਮਾਹਿਰ ਕਮੇਟੀ ਜੋ ਕਿ ਇਸ ਵਿਸਤ੍ਰਿਤ ਯੋਜਨਾ ਦੀ ਰੂਪ ਰੇਖਾ ਤੇ ਕਾਰਜ ਕਰ ਰਹੀ ਹੈ, ਪਹਿਲਾਂ ਹੀ ਗਠਿਤ ਕੀਤੀ ਜਾ ਚੁੱਕੀ ਹੈ, ਜਦੋਂ ਤੱਕ ਮੈਨੂੰ ਇਸ ਕਮੇਟੀ ਦੀ ਰਿਪੋਰਟ ਪ੍ਰਾਪਤ ਹੋਵੇ, ਮੈਂ ਪੰਜਾਬ ਦੇ ਨਪੀੜੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਲਈ 1500 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰ ਰਿਹਾ ਹਾਂ।

33. ਖੇਤੀਬਾੜੀ ਖੇਤਰ ਨੂੰ ਤਰਜੀਹ ਦਿੰਦਿਆਂ ਹੋਇਆਂ ਮੈਂ 2017-18 ਬਜਟ ਅਨੁਮਾਨਾਂ ਵਿਚ 2016-17 ਦੇ 6383.01 ਕਰੋੜ ਰੁਪਏ ਤੋਂ 65.77% ਵਧਾ ਕੇ 10580.99 ਕਰੋੜ ਰੁਪਏ ਮਖ਼ਸੂਸ ਕਰਨ ਦੀ ਤਜਵੀਜ਼ ਕਰਦਾ ਹਾਂ। (ਥੰਪਿੰਗ)

34. ਇਹ ਸਰਕਾਰ ਕਣਕ-ਚੌਲ ਦੇ ਫਸਲੀ ਚੱਕਰ ਨੂੰ ਖਤਮ ਕਰਨ ਲਈ ਅਤੇ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਰਾਜ ਵਿਚ ਬਾਗਬਾਨੀ ਦੇ ਵਿਕਾਸ ਤੇ ਪ੍ਰਮੁੱਖ ਜ਼ੋਰ ਦੇਵੇਗੀ। ਇਹ ਕਿਸਾਨਾਂ ਦੀ ਕੇਵਲ ਖੁਸ਼ਹਾਲੀ ਵਿਚ ਸੁਧਾਰ ਲਿਆਉਣ ਵਿਚ ਹੀ ਸਹਾਇਤਾ ਨਹੀਂ ਕਰੇਗੀ ਸਗੋਂ ਰਾਜ ਦੀ ਖੇਤੀਬਾੜੀ ਵਿਚ ਸਥਿਰਤਾ ਵਿਚ ਵੀ ਸੁਧਾਰ ਲਿਆਵੇਗੀ। ਮੇਰਾ ਵਿਸ਼ਵਾਸ ਹੈ ਕਿ ਸਾਨੂੰ ਬਾਗਬਾਨੀ ਵਿਭਾਗ ਵੱਲ ਖਾਸ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ ਅਤੇ ਇੱਥੋਂ ਤੱਕ ਕਿ ਸਾਡੀ ਪੰਜਾਬ ਰਾਜ ਬਾਗਬਾਨੀ ਮਾਰਕੀਟਿੰਗ ਬੋਰਡ ਦੀ ਸਥਾਪਨਾ ਕਰਨ ਦੀ ਤਜਵੀਜ਼ ਹੈ ਤਾਂ ਜੋ ਖੇਤੀਬਾੜੀ ਖੇਤਰ ਵਿਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਖੁਸ਼ਹਾਲੀ ਵਿਚ ਸੁਧਾਰ ਲਿਆਉਣ ਲਈ ਇਸ ਬਹੁਤ ਮਹੱਤਵਪੂਰਨ ਖੇਤਰ ਤੇ ਲੋੜੀਂਦਾ ਧਿਆਨ ਕੇਂਦਰਿਤ ਕੀਤਾ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ** **ਨਾਅਰੇ ਰਿਕਾਰਡ ਨਾ ਕੀਤੇ ਜਾਣ ।

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ:** ਇਸੇ ਤਰ੍ਹਾਂ ਸਪੀਕਰ ਸਾਹਿਬ, ਹਾਰਟੀਕਲਚਰ ਯੂਨੀਵਰਸਿਟੀ ਜਿਹੜੀ ਹੈ ਇਹ ਬਣਾਉਣ ਦੀ ਤਜਵੀਜ਼ ਹੈ।

**ਪਸ਼ੂ ਪਾਲਣ ਅਤੇ ਮੱਛੀ ਪਾਲਣ**

35. ਜਦੋਂ ਕੋਈ ਮੁਢਲੇ ਖੇਤਰ ਵਿਚ ਇਕੱਲੇ ਖੇਤੀਬਾੜੀ ਖੇਤਰ ਦੇ ਹਿੱਸੇ ਨੂੰ ਨੇੜਿਉਂ ਧਿਆਨ

---

** Not recorded as ordered by the Chair.

ਨਾਲ ਦੇਖਦਾ ਹੈ, ਖੇਤੀਬਾੜੀ ਖੇਤਰ ਦਾ ਲਗਭਗ 70% ਹਿੱਸਾ ਸਿਰਫ 4 ਫਸਲਾਂ ਦੁਆਰਾ ਪਾਇਆ ਗਿਆ ਹੈ, ਇਹ ਹਨ – ਕਣਕ, ਚੌਲ, ਗੰਨਾ ਅਤੇ ਕਪਾਹ। ਇਸ ਲਈ ਪੰਜਾਬ ਦੀ ਆਰਥਿਕਤਾ ਮੁਢਲੇ ਤੌਰ ਤੇ ਅਨਾਜ ਆਧਾਰਿਤ ਹੈ। ਹੋਰ ਸਬੰਧਤ ਖੇਤਰਾਂ ਦੀ ਸ਼ਮੂਲੀਅਤ ਸਿਰਫ 31% ਹੈ। ਅਨਾਜ ਖੇਤਰ ਵਿਚ ਨਾਮਾਤਰ ਮੁੱਲ ਦਾ ਵਾਧਾ ਹੋਇਆ ਹੈ, ਜਦੋਂ ਕਿ ਡੇਅਰੀ, ਬਾਗਬਾਨੀ, ਜੰਗਲਾਤ ਅਤੇ ਪਸ਼ੂ ਪਾਲਣ ਦੇ ਖੇਤਰਾਂ ਦੀ ਸ਼ਮੂਲੀਅਤ ਦੀ ਆਰਥਿਕਤਾ ਵਿਚ ਅਸਲ ਖੇਤੀਬਾੜੀ ਮੁਕਾਬਲੇ ਪਤਨ ਵੱਲ ਜਾ ਰਹੀ ਹੈ। ਇਸ ਲਈ ਹੋਰ ਸਬੰਧਤ ਗਤੀਵਿਧੀਆਂ ਵਿਚ ਤਬਦੀਲੀ ਦੀ ਲੋੜ ਹੈ। ਰਾਜ ਵਿਚ ਪਸ਼ੂਆਂ ਦੀਆਂ ਹੋਰ ਜਾਤੀਆਂ ਵਿਚ ਵਿਕਾਸ ਲਈ ਸਰਕਾਰੀ ਸੂਰ ਫਾਰਮ ਨਾਭਾ (ਪਟਿਆਲਾ) ਦਾ ਅਪਗ੍ਰੇਡੇਸ਼ਨ ਤੇ ਆਧੁਨੀਕੀਕਰਨ ਕੀਤਾ ਜਾ ਰਿਹਾ ਹੈ। ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਖੇ ਦੋ ਨਵੇਂ ਸੂਰ ਪ੍ਰਜਣਨ ਫਾਰਮ ਸਥਾਪਿਤ ਕੀਤੇ ਜਾ ਰਹੇ ਹਨ।

36. ਸਾਡੀ ਇੱਛਾ ਕਿਸਾਨ ਨੂੰ ਉਦਯੋਗ ਨਾਲ ਜੋੜ ਕੇ ਇਸ ਖੇਤਰ ਤੇ ਜ਼ੋਰ ਦੇਣ ਦੀ ਹੈ। ਇਸ ਲਈ ਰਾਜ ਡੇਅਰੀ ਅਤੇ ਜਾਨਵਰਾਂ ਦੀ ਖੁਰਾਕ ਉਤਪਾਦਕਾਂ ਪ੍ਰਾਸੈਸਿੰਗ ਉਦਯੋਗ ਨੂੰ ਡੇਅਰੀ ਫਾਰਮਾਂ, ਸੂਰ ਫਾਰਮਾਂ ਅਤੇ ਮੱਛੀ ਫਾਰਮਾਂ ਨਾਲ ਮਿਲਾ ਕੇ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਇਕ ਖੁਸ਼ਹਾਲ ਪੰਜਾਬ ਦੇ ਯੁੱਗ ਦੀ ਸ਼ੁਰੂਆਤ ਕਰਨਾ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ 110 ਕਰੋੜ ਰੁਪਏ ਦੇ ਨਿਵੇਸ਼ ਨਾਲ ਮੁਹਾਲੀ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਮਿਲਕ ਪਲਾਂਟਾਂ ਦਾ ਆਧੁਨਿਕੀਕਰਨ ਕੀਤਾ ਜਾਵੇਗਾ। ਇਸ ਨਾਲ 2017-18 ਦੇ ਅਖੀਰ ਤੱਕ ਦੁੱਧ ਭੰਡਾਰਨ ਸਮਰੱਥਾ ਵਿੱਚ 20 ਲੱਖ ਲੀਟਰ ਪ੍ਰਤੀ ਦਿਨ ਤੋਂ 25 ਲੱਖ ਲੀਟਰ ਪ੍ਰਤੀ ਦਿਨ ਤੱਕ ਦਾ ਵਾਧਾ ਹੋ ਜਾਵੇਗਾ।

**ਖੇਤੀਬਾੜੀ ਕਰਜ਼**

37. ਸਰਕਾਰ ਪੇਂਡੂ ਕਰਜ਼ ਦੀਆਂ ਸੰਸਥਾਵਾਂ ਦਾ ਮਜ਼ਬੂਤੀਕਰਨ ਕਰਨ ਲਈ ਵਚਨਬੱਧ ਹੈ। ਵੱਡੇ ਲੋਕਾਂ ਨਾਲ ਬਿਹਤਰ ਢੰਗ ਨਾਲ ਮੁਕਾਬਲਾ ਕਰਨ ਲਈ ਅਤੇ ਪੇਂਡੂ ਕਰਜ਼ ਖੇਤਰ ਵਿਚ ਇਕ ਵਡੇਰੀ ਭੂਮਿਕਾ ਨਿਭਾਉਣ ਲਈ ਸਮੁੱਚੇ 20 ਡੀ.ਸੀ.ਸੀ ਬੀਜ ਪੰਜਾਬ ਰਾਜ ਸਹਿਕਾਰੀ ਬੈਂਕ ਵਿਚ ਮਿਲਾ ਦਿੱਤੇ ਗਏ ਹਨ। ਇਸ ਲਈ ਸਹਿਕਾਰੀ ਬੈਂਕਾਂ ਦੀ ਸੀ.ਆਰ.ਏ.ਆਰ. ਜੋ ਕਿ 9% ਤੋਂ 10% ਤੱਕ ਹੈ, ਵਿਚ ਸੁਧਾਰ ਹੋਵੇਗਾ। ਸੀ.ਆਰ.ਏ.ਆਰ. ਵਿੱਚ ਸੁਧਾਰ ਨਾਲ ਬੈਂਕ ਕਿਸਾਨਾਂ ਨੂੰ ਲਗਭਗ 8000 ਕਰੋੜ ਰੁਪਏ ਤੋਂ 10,000 ਕਰੋੜ ਰੁਪਏ ਦੇ ਹੋਰ ਕਰਜ਼ ਲਈ ਪੀ ਏ ਸੀ ਐੱਸ ਨੂੰ ਵੀ ਕੰਪਿਊਟਰੀਕ੍ਰਿਤ ਕੀਤਾ ਜਾਵੇਗਾ। ਇਸ ਨਾਲ ਮੁੱਢਲੇ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ ਦੀ ਕਾਰਜਸ਼ੀਲਤਾ ਵਿਚ ਪਾਰਦਰਸ਼ਤਾ ਅਤੇ ਕੁਸ਼ਲਤਾ ਆਵੇਗੀ।

**ਕਿਸਾਨਾਂ ਨੂੰ ਪਰਮ ਅਗੇਤ**

38. ਖੇਤੀਬਾੜੀ ਉਤਪਾਦਨਾਂ ਮੌਜੂਦਾ ਸਮੇਂ ਵਿਚ ਇਸ ਖੇਤਰ ਵਿਚ ਵਿੱਤੀ ਤਕਨਾਲੋਜੀ

ਕਾਰਨ ਲਗਭਗ ਉਚ ਸਥਾਨ ਤੇ ਪਹੁੰਚ ਗਈ ਹੈ। ਇਸ ਲਈ ਕਿਸਾਨਾਂ ਦੀ ਖੇਤੀਬਾੜੀ ਆਮਦਨ ਨੂੰ ਕੇਵਲ ਕਿਸਾਨਾਂ ਨੂੰ ਬਿਹਤਰ ਬਾਜ਼ਾਰੀ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਉਤਪਾਦਕ ਅਤੇ ਖਪਤਕਾਰ ਵਿਚਲਾ ਖੱਪਾ ਖਤਮ ਕਰਵਾ ਕੇ ਹੀ ਮੁਹੱਈਆ ਕਰਵਾਈ ਜਾ ਸਕਦੀ ਹੈ। ਇਸ ਮੰਤਵ ਲਈ ਕਿਸਾਨ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਜ਼ਾਰ ਤੱਕ ਸਿੱਧੀ ਪਹੁੰਚ ਨੂੰ ਸੁਨਿਸ਼ਚਿਤ ਬਣਾਉਣ ਖੇਤੀ ਉਤਪਾਦ ਮਾਰਕੀਟਿੰਗ ਐਕਟ ਵਿਚ ਸੋਧ ਕੀਤੀ ਜਾ ਰਹੀ ਹੈ।

39. ਕਿਸਾਨਾਂ ਦੇ ਹੱਕ ਮੁਹੱਈਆ ਕਰਵਾਉਣ ਲਈ ਅਤੇ ਨੀਤੀ ਬਣਾਉਣ ਲਈ ਪੰਜਾਬ ਕਿਸਾਨ ਕਮਿਸ਼ਨ ਦਾ ਇਕ ਸੰਵਿਧਾਨਕ ਇਕਾਈ ਵਜੋਂ ਪੁਨਰਸੰਗਠਨ, ਮਜ਼ਬੂਤੀਕਰਨ ਅਤੇ ਪੁਨਰ-ਨਿਰਮਾਣ ਕੀਤਾ ਜਾ ਰਿਹਾ ਹੈ।

**ਰਾਹਤ**

40. ਕਿਸਾਨ ਆਪਣੀ ਫਸ਼ਲ ਪੈਦਾ ਕਰਨ ਲਈ ਸਖਤ ਮਿਹਨਤ ਅਤੇ ਮੁਸ਼ੱਕਤ ਕਰਦਾ ਹੈ ਹਾਲਾਂਕਿ ਉਹਦੀ ਫਸਲ ਆਮ ਤੌਰ ਤੇ ਮੌਸਮ ਦੇ ਮਿਜਾਜ਼ ਤੇ ਜ਼ੋਖਮ ਵਿਚ ਰਹਿੰਦੀ ਹੈ। ਉਸ ਦੀ ਪੂਰੀ ਪੱਕੀ ਹੋਈ ਫਸਲ ਸਮੇਂ ਸਮੇਂ ਤੇ ਬੇਵਕਤੀ ਮੀਂਹ ਗੜ੍ਹੇਮਾਰੀ ਜਾਂ ਹੋਰ ਕੁਦਰਤੀ ਆਫਤਾਂ ਕਾਰਨ ਖਰਾਬ ਹੋ ਜਾਂਦੀ ਹੈ। ਸਰਕਾਰ ਨੂੰ ਮੌਸਮ ਦੀਆਂ ਅਜਿਹੀਆਂ ਅਨਿਸ਼ਚਤਤਾਵਾਂ ਕਾਰਨ ਕਿਸਾਨਾਂ ਦੀ ਆਮਦਨ ਦੇ ਘਾਟੇ ਦਾ ਅਹਿਸਾਸ ਹੈ। ਜਿਸ ਕਾਰਨ ਸਰਕਾਰ ਨੇ ਪ੍ਰਤੀ ਏਕੜ ਮੌਜੂਦਾ ਤੈਅ ਦਰ 8000 ਤੋਂ 12000 ਰੁਪਏ ਤੱਕ ਮੁਆਵਜ਼ਾ (ਖਰਾਬਾ) ਵਧਾਉਣ ਦਾ ਫ਼ੈਸਲਾ ਲਿਆ ਹੈ।

**ਫਸਲੀ ਬੀਮਾ**

41. ਰਾਜ ਨੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਅਪਣਾਇਆ ਨਹੀਂ ਸੀ ਕਿਉਂਕਿ ਕੁਝ ਅਨਿਸ਼ਚਿਤਤਾਵਾਂ ਕਾਰਨ ਇਹ ਸਕੀਮ ਪੰਜਾਬ ਰਾਜ ਦੇ ਅਨੁਕੂਲ ਨਹੀਂ ਸੀ। ਇਨ੍ਹਾਂ ਕਾਰਨਾਂ ਵਿੱਚ ਸੋਕੇ ਦੌਰਾਨ ਘੱਟ ਮੁਆਵਜ਼ਾ ਦਰ ਅਤੇ ਖੇਤੀਬਾੜੀ ਲਾਗਤ ਵਿਚ ਵਾਧੇ ਦੇ ਉਪਬੰਧਾਂ ਦਾ ਨਾ ਹੋਣਾ ਅਤੇ ਹਾੜੀ ਫਸਲਾਂ ਦੌਰਾਨ ਬੇਮੌਸਮੀ ਮੀਂਹ ਦੇ ਨਾਲ ਨਾਲ ਮੰਡੀਆਂ ਵਿਚ ਫਸਲਾਂ ਦੇ ਮੰਡੀਕਰਣ ਵਿਚ ਹੋਏ ਨੁਕਸਾਨ ਸ਼ਾਮਲ ਹਨ। ਇਸ ਲਈ ਰਾਜ ਸਰਕਾਰ ਨੇ ਫ਼ੈਸਲਾ ਕੀਤਾ, ਹੈ ਕਿ ਕਿਸਾਨ ਕਮਿਸ਼ਨ ਦੀ ਅਗਵਾਈ ਅਧੀਨ ਗਠਿਤ ਕਮੇਟੀ ਨੇ ਖੇਤੀਬਾੜੀ ਸੈਕਟਰ ਨਾਲ ਲੰਬਿਤ ਬੀਮਾ ਸਕੀਮ ਦਾ ਅਧਿਐਨ ਕੀਤਾ ਅਤੇ ਪੰਜਾਬ ਖੇਤੀਬਾੜੀ ਬੀਮਾ ਕਾਰਪੋਰੇਸ਼ਨ ਨੂੰ ਰਾਜ ਵਿਚ ਸਥਾਪਤ ਕੀਤਾ।

**ਜਨਾਬ ਸਪੀਕਰ ਸਾਹਿਬ**

42. ਇਸ ਦੇਸ਼ ਦੇ ਪ੍ਰਮੁੱਖ ਅਰਥ ਵਿਗਿਆਨੀ ਥਾਮਸ ਪਿਕਟੀ ਸ਼ਾਇਦ ਇਸ ਸਿਧਾਂਤ ਦਾ ਪਹਿਲਾ ਪ੍ਰਸਤੁਤ ਕਰਤਾ ਹੈ ਜੋ ਕਹਿੰਦਾ ਹੈ ਕਿ ਅਸਮਾਨਤਾ ਕੇਵਲ ਵਿਕਸਿਤ ਸੰਸਾਰ ਵਿੱਚ

ਹੀ ਨਹੀਂ ਸਗੋਂ ਵਿਕਾਸਸ਼ੀਲ ਸੰਸਾਰ (ਭਾਰਤ/ਪੰਜਾਬ ਸਮੇਤ) ਵਿਚ ਵੀ ਵੱਧ ਰਿਹਾ ਹੈ ਜਿਸ ਦੇ ਹਵਾਲੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ। "ਇਤਿਹਾਸਕ ਤੌਰ ਤੇ ਦੇਸ਼ਾਂ ਦੇ ਵਿਚਕਾਰ ਸਮਾਨਤਾ ਲਿਆਉਣ ਲਈ ਗਿਆਨ ਅਤੇ ਹੁਨਰ ਦਾ ਮੇਲ ਇਕ ਵੱਡੀ ਤਾਕਤ ਹੈ। ਇਹ ਪਵਿੱਤਰ ਪ੍ਰਕਿਰਿਆ ਵਿਦਿਅਕ ਸੰਸਥਾਵਾਂ ਅਤੇ ਹੁਨਰ ਵਿਚ ਲਗਾਤਾਰ ਨਿਵੇਸ਼ ਦੀ ਸ਼ਮੂਲੀਅਤ ਤੋਂ ਬਿਨ੍ਹਾ ਉਚਿਤ ਤਰੀਕੇ ਨਾਲ ਕਾਰਜ ਨਹੀਂ ਕਰ ਸਕਦੀ। ਇਸ ਸਦੀ ਦੌਰਾਨ ਸਾਰਿਆਂ ਦੇਸ਼ਾਂ ਲਈ ਇਹ ਇਕ ਬਹੁਤ ਵੱਡੀ ਚੁਣੌਤੀ ਹੈ"।

43. ਅਸੀਂ ਸਦਾ ਤੋਂ ਇਹ ਮੰਨਦੇ ਆਏ ਹਾਂ ਉਚ ਮਿਆਰੀ ਸਮਾਜ ਦੀਆਂ ਬੁਨਿਆਦੀ ਸਿੱਖਿਆ ਅਤੇ ਸਿੱਖਿਆ ਪ੍ਰਾਪਤੀ ਦੇ ਸਮਾਨ ਮੌਕਿਆਂ ਤੇ ਆਧਾਰਿਤ ਹੈ। ਜਲਦੀ ਹੀ ਅਸੀਂ ਇਕ ਨਵੀਂ ਸਿੱਖਿਆ ਨੀਤੀ ਲਿਆਉਣ ਵਾਲੇ ਹਾਂ।

44. ਸਾਨੂੰ ਇਸ ਖੇਤਰ ਵਿਚ ਨਿਵੇਕਲਾਪਣ ਅਤੇ ਕੁਸ਼ਲਤਾ ਲਿਆਉਣ ਦੀ ਲੋੜ ਹੈ। ਪੰਜਾਬ ਦਾ ਭਵਿੱਖ ਇਸ ਤੇ ਨਿਰਭਰ ਹੈ। ਭਾਵੇਂ ਕੋਈ ਸਮਾਂ ਹੱਥੋਂ ਨਿਕਲ ਵੀ ਜਾਵੇ ਤਾਂ ਵੀ ਸੜ੍ਹਕਾਂ, ਪੁਲ, ਨਹਿਰਾਂ ਅਤੇ ਬੁਨਿਆਦੀ ਢਾਂਚੇ ਤਾਂ ਪੁਨਰਨਿਰਮਾਣ ਕਰ ਸਕਦੇ ਹਾਂ ਪਰ ਮੈਨੂੰ ਨਹੀਂ ਜਾਪਦਾ ਹੈ ਕਿ ਜੇਕਰ ਅਸੀਂ ਸਹੀ ਸਮੇਂ ਤੇ ਨਿਵੇਸ਼ ਨਾ ਕੀਤਾ ਤਾਂ ਅਸੀਂ ਇਕ ਪੀੜ੍ਹੀ ਦਾ ਪੁਨਰਨਿਰਮਾਣ ਨਹੀਂ ਕਰ ਸਕਦੇ।

45. ਪ੍ਰਾਇਮਰੀ ਸਕੂਲਾਂ ਤੋਂ ਆਰੰਭ ਕਰਦਿਆਂ ਮੈਂ ਇਸ ਸਾਲ ਰਾਜ ਵਿਚਲੇ ਹਰੇਕ ਪ੍ਰਾਇਮਰੀ ਸਕੂਲ ਵਿਚ ਫਰਨੀਚਰ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣ ਲਈ 21 ਕਰੋੜ ਰੁਪਏ ਮਖ਼ਸੂਸ ਕਰਦਾ ਹਾਂ।

ਸਪੀਕਰ ਸਾਹਿਬ, ਸੀ.ਐਮ.ਸਾਹਿਬ ਦੀ ਅਨਾਊਂਸਮੈਂਟ ਹੈ ਕਿ ਸਟੇਟ ਵਿੱਚ ਕੋਈ ਵੀ ਪ੍ਰਾਇਮਰੀ ਸਕੂਲ ਅਜਿਹਾ ਨਹੀਂ ਹੋਵੇਗਾ ਜਿਸ ਵਿੱਚ ਟੀਚਰ ਨਹੀਂ ਹੋਵੇਗਾ।

**ਪੜ੍ਹੋ ਪੰਜਾਬ ਪੜਾਓ ਪੰਜਾਬ**

46. ਹਾਲਾਂਕਿ ਪੰਜਾਬ ਨੂੰ ਬਹੁਤ ਪਹਿਲਾਂ ਹੀ ਗੰਭੀਰ ਪ੍ਰਾਇਮਰੀ ਸਿੱਖਿਆ ਸਭ ਲਈ ਉਪਲਬੱਧ ਕਰਵਾਈ ਹੈ ਪਰ ਹੁਣ ਵੀ ਸਰਕਾਰੀ ਸਕੂਲਾਂ ਵਿੱਚ ਸਾਡੇ ਬੱਚਿਆਂ ਨੂੰ ਪ੍ਰਾਪਤ ਹੋਣ ਵਾਲੀ ਸਿੱਖਿਆ ਦਾ ਮਿਆਰ ਚਿੰਤਾ ਦਾ ਵਿਸ਼ਾ ਹੈ। ਇਹ ਸਰਕਾਰ ਸਿੱਖਿਆ ਦੇ ਮਿਆਰ ਨੂੰ ਉਪਰ ਚੁੱਕਣ ਲਈ ਪੂਰਨ ਤੌਰ ਤੇ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਵਿਭਿੰਨ ਪਹਿਲ ਕਦਮੀਆਂ ਕੀਤੀਆਂ ਗਈਆਂ ਹਨ। ਸਕੂਲਾਂ ਵਿਚ ਸਿੱਖਿਆ ਦੀ ਔਸਤ ਮਿਆਰ ਦੇ ਕਾਰਨਾਂ ਵਿਚੋਂ ਇਕ, ਵਿਦਵਾਨਾਂ, ਬੁੱਧੀਜੀਵੀਆਂ ਜਾਂ ਪਰਵਾਸੀ ਭਾਰਤੀ ਭਾਈਚਾਰੇ ਦੀ ਸ਼ਮੂਲੀਅਤ ਦੀ ਘਾਟ ਹੈ। ਪੰਜਾਬ ਤੋਂ ਵੱਡੀ ਗਿਣਤੀ ਵਿਚ ਪਰਵਾਸੀ ਭਾਰਤੀ ਬਾਹਰ ਵੱਸਦੇ ਹਨ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਆਪਣੇ ਭਾਈਚਾਰੇ ਲਈ ਵਿਸ਼ੇਸ ਤੌਰ ਤੇ ਸਕੂਲਾਂ ਵਾਸਤੇ ਕੁਝ ਕਰਨਾ ਚਾਹੁੰਦੇ ਹਨ। ਪਰਵਾਸੀ ਭਾਰਤੀਆਂ ਤੋਂ ਇਲਾਵਾ ਆਪਣੇ

ਪਿੰਡ ਦੇ ਸਕੂਲਾਂ ਤੋਂ ਸਿੱਖਿਆ ਪ੍ਰਾਪਤ ਕਰਕੇ ਸਰਕਾਰੀ ਅਤੇ ਨਿੱਜੀ ਖੇਤਰਾਂ ਵਿਚ ਉਚ ਅਹੁਦਿਆਂ ਉਤੇ ਬੈਠੇ ਕਿਸੇ ਵਿਸ਼ੇਸ਼ ਇਲਾਕੇ/ਪਿੰਡ ਦੇ ਵਿਦਵਾਨ, ਪੇਸ਼ੇਵਰ ਅਤੇ ਹੋਰ ਵਿਅਕਤੀਆਂ ਨੂੰ ਆਪਣੇ ਮੁੱਢਲੇ ਸਕੂਲ ਵਿੱਚ ਜਾ ਕੇ ਆਪਣੀ ਇੱਛਾ ਅਨੁਸਾਰ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਪੜ੍ਹੋ ਪੰਜਾਬ ਪੜਾਓ ਪੰਜਾਬ ਦੇ ਅੰਤਰਗਤ ਸਮੁਦਾਇਕ ਭਾਗੀਦਾਰੀ ਵਿਸ਼ੇਸ਼ ਤੌਰ ਤੇ ਪਰਵਾਸੀ ਭਾਰਤੀਆਂ ਨੂੰ ਪ੍ਰੋਤਸਾਹਿਤ ਅਤੇ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਨ੍ਹਾਂ ਸਭ ਵਿਅਕਤੀਆਂ ਨਾਲ ਸਿੱਖਿਆ ਵਿਭਾਗ ਵਲੋਂ ਤਾਲਮੇਲ ਸਥਾਪਤ ਕੀਤਾ ਜਾਵੇਗਾ।

47. ਰਾਜ ਵਲੋਂ ਸਕੂਲਾਂ ਵਿਚ ਵਿਭਿੰਨ ਗਤੀਵਿਧੀਆਂ ਲਾਗੂ ਕਰਨ ਦੇ ਨਾਲ ਮੁਫ਼ਤ ਪਾਠ ਪੁਸਤਕਾਂ ਅਤੇ ਵਰਦੀਆਂ ਉਪਲਬੱਧ ਕਰਵਾ ਕੇ ਸਿੱਖਿਆ ਦੇ ਮਿਆਰ ਨੂੰ ਚੁੱਕਣ ਲਈ ਰਾਜ ਵਲੋਂ ਭਰਪੂਰ ਯਤਨ ਕੀਤੇ ਜਾਣਗੇ।

## ਪ੍ਰਾਇਮਰੀ ਸਕੂਲਾਂ ਨੂੰ ਕੰਪਿਊਟਰ

48. ਸੂਚਨਾ ਤਕਨਾਲੋਜੀ ਦੇ ਅਜੋਕੇ ਯੁੱਗ ਵਿਚ ਇਹ ਜ਼ਰੂਰੀ ਹੋ ਗਿਆ ਹੈ ਕਿ ਸਰਕਾਰੀ ਸਕੂਲਾਂ ਵਿਚ ਜਾਣ ਵਾਲੇ ਬੱਚੇ ਵਾਂਝੇ ਨਾ ਰਹਿਣ। ਸਾਲ 2003-04 ਤੋਂ ਵੀ ਆਈ ਸੀ ਟੀ ਸਿੱਖਿਆ ਨੂੰ ਆਰੰਭ ਕਰਨ ਵਿਚ ਪੰਜਾਬ ਮੋਢੀ ਰਿਹਾ ਹੈ। ਹੁਣ ਸਮਾਂ ਆ ਗਿਆ ਹੈ ਕਿ ਰਾਜ ਦੇ ਪ੍ਰਾਇਮਰੀ ਸਕੂਲਾਂ ਵਿਚ ਵੀ ਕੰਪਿਊਟਰ ਸਿੱਖਿਆ ਨੂੰ ਸ਼ਾਮਲ ਕੀਤਾ ਜਾਵੇ। ਮੌਜੂਦਾ ਸਾਲ ਦੇ ਦੌਰਾਨ ਅਸੀਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਕੰਪਿਊਟਰ ਮੁਹੱਈਆ ਕਰਵਾਉਣ ਲਈ 10 ਕਰੋੜ ਰੁਪਏ ਦੇ ਬਜਟ ਉਪਬੰਧ ਕੀਤੇ ਹਨ।

## ਗਰੀਨ ਬੋਰਡ

49. ਅਧਿਆਪਨ ਬੋਰਡ (ਬਲੈਕ ਬੋਰਡ) ਦਾ ਮਾੜਾ ਮਿਆਰ ਵੀ ਇਕ ਕਾਰਨ ਹੈ ਕਿ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਪੜ੍ਹਾਉਣ ਵਿਚ ਕਠਿਨਾਈ ਪੇਸ਼ ਆਉਂਦੀ ਹੈ। ਇਸ ਬਜਟ ਵਿਚ ਇਸ ਘਾਟ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਸਕੀਮ ਦੇ ਅਧੀਨ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਗਰੀਨ ਬੋਰਡ ਮੁਹੱਈਆ ਕਰਵਾਏ ਜਾਣਗੇ। ਇਸ ਸਬੰਧ ਵਿਚ ਮੈਂ 5.25 ਕਰੋੜ ਰੁਪਏ ਮਖ਼ਸੂਸ ਕਰਨ ਦਾ ਪ੍ਰਸਤਾਵ ਰੱਖਦਾ ਹਾਂ।

## ਉਤਮਤਾ ਨੂੰ ਪ੍ਰੋਤਸਾਹਨ

50. ਪੰਜਾਬ ਵਿਚ ਗੁਣਵੱਤਾ ਅਤੇ ਵਧੀਆ ਸਿੱਖਿਅਤ ਅਧਿਆਪਕ ਦੀ ਕੋਈ ਕਮੀ ਨਹੀਂ ਪਰ ਚੰਗੀ ਕਾਰਜਕਾਰੀ ਦਿਖਾਉਣ ਵਾਲੇ ਸਕੂਲਾਂ ਨੂੰ ਪ੍ਰੋਤਸਾਹਨ ਅਤੇ ਸਨਮਾਨ ਦੇਣ ਦੀ ਲੋੜ ਹੈ। ਇਸ ਤੇ ਵਿਚਾਰ ਕਰਦਿਆਂ ਰਾਜ ਸਰਕਾਰ ਨੇ ਸਰਵੋਤਮ ਪ੍ਰਾਇਮਰੀ ਸਕੂਲਾਂ, ਮਿਡਲ ਸਕੂਲਾਂ, ਹਾਈ ਸਕੂਲਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਨਮਾਨਿਤ ਕਰਨ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਦੀ ਲੋੜ ਨੂੰ ਮਹਿਸੂਸ ਕੀਤਾ ਹੈ। ਇਸ ਮੰਤਵ ਲਈ ਹਰ ਜ਼ਿਲ੍ਹੇ ਦੇ ਹਰੇਕ ਬਲਾਕ (216) ਦੇ ਸਰਵੋਤਮ ਸਰਕਾਰੀ ਪ੍ਰਾਇਮਰੀ ਸਕੂਲ, ਹਰੇਕ ਸਰਕਾਰੀ ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਲਈ ਇਕ ਪੁਰਸਕਾਰ ਸਥਾਪਿਤ ਕੀਤਾ ਗਿਆ ਹੈ। ਇਸ ਮੰਤਵ ਲਈ 9.27 ਕਰੋੜ ਰੁਪਏ ਦੇ ਬਜਟ ਉਪਬੰਧ ਕੀਤੇ ਗਏ ਹਨ।

ਹਰ ਜ਼ਿਲ੍ਹੇ ਦੇ ਵਿੱਚ ਹਰ ਬਲਾਕ ਵਿਚ ਦੋ ਪ੍ਰਾਇਮਰੀ ਸਕੂਲ, ਇੱਕ ਮਿਡਲ ਸਕੂਲ, ਇੱਕ ਹਾਈ ਸਕੂਲ ਤੇ ਇੱਕ ਹਾਇਰ ਸੈਕੰਡਰੀ ਸਕੂਲ ਜਿਹੜੇ ਬੈਸਟ ਹੋਣਗੇ ਉਨ੍ਹਾਂ ਨੂੰ ਇਨਾਮ ਦੇਣ ਦੀ ਸਰਕਾਰ ਨੇ ਤਜਵੀਜ਼ ਕੀਤੀ ਹੈ।

**ਉਚੇਰੀ ਸਿੱਖਿਆ**

51. ਸਕੂਲ ਸਿੱਖਿਆ ਤੋਂ ਇਲਾਵਾ ਅਸੀਂ ਉਚੇਰੀ ਸਿੱਖਿਆ ਤੇ ਵੀ ਧਿਆਨ ਦੇਣ ਦਾ ਪ੍ਰਸਤਾਵ ਰੱਖਦੇ ਹਾਂ। ਸਾਲ 1822 ਵਿਚ ਸਥਾਪਿਤ ਹੋਈ ਪੰਜਾਬ ਯੂਨੀਵਰਸਿਟੀ ਸਾਡੇ ਵਿਰਸੇ ਅਤੇ ਮਾਣ ਦਾ ਪ੍ਰਤੀਕ ਹੈ। ਇਹ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ ਵਿਚੋਂ ਇਕ ਹੈ। ਪਿਛਲੇ ਕੁਝ ਸਾਲਾਂ ਵਿਚ ਪੰਜਾਬ ਯੂਨੀਵਰਸਿਟੀ ਨੂੰ ਮਿਲਣ ਵਾਲੀ ਗ੍ਰਾਂਟ ਇਸ ਹੱਦ ਤੱਕ ਘੱਟ ਗਈ ਕਿ ਉਨ੍ਹਾਂ ਨੂੰ ਆਪਣੀਆਂ ਨਿਤ ਪ੍ਰਤੀ ਦੀਆਂ ਲੋੜਾਂ ਦੀ ਪੂਰਤੀ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ। ਅੱਜ ਅਸੀਂ ਵੀ ਆਪਣੇ ਸ੍ਰੋਤਾਂ ਤੇ ਭਾਰੀ ਬੋਝ ਦਾ ਸਾਹਮਣਾ ਕਰ ਰਹੇ ਹਾਂ। ਫਿਰ ਵੀ ਸਾਲ 2017-18 ਵਿਚ ਮੈਂ ਪੰਜਾਬ ਯੂਨੀਵਰਸਿਟੀ ਦੀ ਮੌਜੂਦਾ 26 ਕਰੋੜ ਦੀ ਗ੍ਰਾਂਟ ਨੂੰ ਵਧਾ ਕੇ 33 ਕਰੋੜ ਕਰਨ ਦਾ ਪ੍ਰਸਤਾਵ ਰੱਖਦਾ ਹਾਂ।

52. ਸਾਡੀ ਸਰਕਾਰ ਨੇ ਸਾਰੇ 48 ਸਰਕਾਰੀ ਕਾਲਜਾਂ ਵਿਚ ਮੁਫ਼ਤ ਇੰਟਰਨੈੱਟ ਕੁਨੈਕਟੀਵਿਟੀ ਮੁਹੱਈਆ ਕਰਵਾਉਣ ਦਾ ਫ਼ੈਸਲਾ ਵੀ ਕੀਤਾ ਹੈ।

53. ਸਰਕਾਰ ਵਲੋਂ ਰਾਜ ਦੇ ਸਿੱਖਿਆ ਦੇ ਖੇਤਰ ਵਿਚ ਪੱਛੜੇ ਖੇਤਰਾਂ ਵਿਚ 5 ਨਵੇਂ ਡਿਗਰੀ ਕਾਲਜ ਖੋਲ੍ਹਣ ਦਾ ਵੀ ਫ਼ੈਸਲਾ ਕੀਤਾ ਹੈ। ਇਹ ਬੜੀ ਮੰਦਭਾਗੀ ਗੱਲ ਹੈ ਕਿ ਰਾਜ ਦੱਖਣੀ ਰਾਜਾਂ ਦੇ ਨੇੜੇ ਤੇੜੇ ਵੀ ਨਹੀਂ ਹੈ ਜਿੱਥੇ ਉਚੇਰੀ ਸਿੱਖਿਆ ਵਿੱਚ ਕੁੱਲ ਦਾਖਲਾ ਅਨੁਪਾਤ ਕਿਤੇ ਵੱਧ ਹੈ। ਇਸ ਮੁੱਦੇ ਦੇ ਹੱਲ ਲਈ ਇਸ ਬਜਟ ਵਿਚ 15 ਕਰੋੜ ਰੁਪਏ ਦੇ ਉਪਬੰਧ ਕੀਤੇ ਗਏ ਹਨ।

54. ਪੰਜਾਬੀ ਸਾਡੀ ਮਾਤ ਭਾਸ਼ਾ ਹੈ ਅਤੇ ਇਸ ਦੀ ਸੰਭਾਲ ਅਤੇ ਵਿਕਾਸ ਲਈ ਅਸੀਂ ਸਭ ਕੁਝ ਕਰਾਂਗੇ। ਇਸ ਲਈ ਮੈਂ ਤਲਵੰਡੀ ਸਾਬੋ ਵਿਖੇ ਪੰਜਾਬੀ ਭਾਸ਼ਾ ਦੀ ਤਰੱਕੀ ਅਤੇ ਪ੍ਰਸਾਰ ਲਈ ਕੇਂਦਰੀ ਸੰਸਥਾ ਸਥਾਪਿਤ ਕਰਨ ਦਾ ਪ੍ਰਸਤਾਵ ਰੱਖਦਾ ਹਾਂ। ਇਹ ਸੰਸਥਾ ਪੰਜਾਬੀ ਭਾਸ਼ਾ ਦੀ ਡਿਜੀਟਾਈਜ਼ੇਸ਼ਨ ਅਤੇ ਮਿਆਰੀਕਰਣ, ਖੋਜ ਅਧਿਐਨ ਪੰਜਾਬੀ ਵਿਚ ਹੋਏ ਉਘੇ ਕਾਰਜਾਂ ਦਾ ਹੋਰ ਭਾਸ਼ਾਵਾਂ ਵਿਚ ਅਨੁਵਾਦ ਅਤੇ ਹੋਰ ਭਾਸ਼ਾਵਾਂ ਦੇ ਵਧੀਆ ਸਾਹਿਤ ਦਾ ਪੰਜਾਬੀ ਵਿਚ ਅਨੁਵਾਦ ਕਰਵਾਏ ਜਾਣ ਦੀਆਂ ਗਤੀਵਿਧੀਆਂ ਦਾ ਸੰਚਾਰ ਕਰੇਗੀ।

ਇਸ ਮੰਤਵ ਲਈ ਇਕ ਢੁਕਵਾਂ ਆਰੰਭਕ ਬਜਟ ਉਪਬੰਧ ਕੀਤਾ ਗਿਆ ਹੈ ਅਤੇ ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਪੰਜਾਬੀ ਦੇ ਵਿਕਾਸ ਵਿਚ ਫੰਡ ਦੀ ਕਦੇ ਵੀ ਅੜਚਣ ਪੈਦਾ ਨਹੀਂ ਹੋਵੇਗੀ।

55. ਆਈ.ਸੀ.ਟੀ. ਵਿਕਸਿਤ ਹੋ ਗਿਆ ਹੈ ਕਿ ਨਾ ਕੇਵਲ ਵੈੱਬ ਉਤੇ ਉਪਲਬਧ ਗਿਆਨ ਸਾਡੇ ਵਿਦਿਆਰਥੀਆਂ ਦੀ ਪਹੁੰਚ ਵਿਚ ਹੋਵੇ ਸਗੋਂ ਉਹ ਦੁਨੀਆਂ ਭਰ ਦੀਆਂ ਲਾਇਬ੍ਰੇਰੀਆਂ ਨਾਲ ਵੀ ਜੁੜੇ ਹੋਣ। ਅਸੀਂ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਨੂੰ ਸਾਲ 2017-18 ਵਿਚ 5 ਕਰੋੜ ਦੀ ਰੁਪਏ ਰਕਮ ਮਖ਼ਸੂਸ ਕਰਨ ਦਾ ਫ਼ੈਸਲਾ ਲਿਆ ਹੈ। ਇਸ ਰਕਮ ਦੀ ਵਰਤੋਂ ਲਾਇਬ੍ਰੇਰੀ ਵਿਖੇ ਰਾਸ਼ਟਰੀ ਪੱਧਰ ਦੀ ਈ-ਲਾਇਬ੍ਰੇਰੀ ਅਤੇ ਇਸ ਦੇ ਬੁਨਿਆਦੀ ਢਾਂਚੇ ਨੂੰ ਅਪਡੇਟ ਕਰਨ ਲਈ ਕੀਤੀ ਜਾਵੇਗੀ।

56. ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਸਭ ਤੋਂ ਪੁਰਾਣੇ ਕਾਲਜਾਂ ਵਿਚੋਂ ਇਕ ਹੈ ਜਿਸ ਦੀ ਸਥਾਪਨਾ ਸਾਲ 1875 ਵਿਚ ਹੋਈ ਸੀ। ਇਸੇ ਪ੍ਰਕਾਰ ਸਰਕਾਰੀ ਕਾਲਜ, ਕਪੂਰਥਲਾ ਸਾਲ 1856, ਸਰਕਾਰੀ ਕਾਲਜ, ਮਲੇਰਕੋਟਲਾ ਸਾਲ 1926, ਸਰਕਾਰੀ ਕਾਲਜ, ਹੁਸ਼ਿਆਰਪੁਰ ਸਾਲ 1927, ਸਰਕਾਰੀ ਕਾਲਜ, ਅੰਮ੍ਰਿਤਸਰ ਸਾਲ 1932 ਵਿੱਚ ਸਥਾਪਿਤ ਕੀਤੇ ਗਏ।ਸਰਕਾਰ ਇਨ੍ਹਾਂ ਕਾਲਜਾਂ ਦੀ ਪੁਰਾਣੀ ਸ਼ਾਨ ਮੁੜ ਬਹਾਲ ਕਰਨ ਲਈ ਵਚਨਬੱਧ ਹੈ। ਇਸ ਲਈ ਅਸੀਂ ਇਸ ਸਾਲ ਰਾਜ ਦੇ ਇਤਿਹਾਸਕ ਸਰਕਾਰੀ ਕਾਲਜਾਂ ਦੇ ਬੁਨਿਆਦੀ ਢਾਂਚਾ ਵਿਕਾਸ ਲਈ 10 ਕਰੋੜ ਰੁਪਏ ਦਾ ਬਜਟ ਉਪਬੰਧ ਕਰ ਰਹੇ ਹਾਂ।

57. ਉਰਦੂ ਇਕ ਅਜਿਹੀ ਭਾਸ਼ਾ ਹੈ, ਜੋ ਸਾਡੇ ਸਭਿਆਚਾਰ ਦਾ ਇਕ ਅੰਗ ਹੈ। ਇਸ ਦੇ ਵਿਕਾਸ ਲਈ ਮਲੇਰਕੋਟਲਾ ਵਿਖੇ ਉਰਦੂ ਅਕਾਦਮੀ ਨੂੰ ਇਸ ਸਾਲ 3 ਕਰੋੜ ਰੁਪਏ ਦੇਣ ਦਾ ਪ੍ਰਸਤਾਵ ਹੈ।

**ਤਕਨੀਕੀ ਸਿੱਖਿਆ**

58. ਪੰਜਾਬ ਸਰਕਾਰ ਨੇ ਸਮਾਜ ਦੇ ਹਰ ਵਰਗ ਲਈ "ਮੁੱਖ ਮੰਤਰੀ ਵਜ਼ੀਫਾ ਸਕੀਮ " ਨਾਂ ਦੀ ਮਹੱਤਵਪੂਰਨ ਯੋਜਨਾ ਆਰੰਭ ਕੀਤੀ ਹੈ। ਇਸ ਸਕੀਮ ਦੇ ਅਧੀਨ ਕਾਬਲੀਅਤ ਦੇ ਆਧਾਰ ਤੇ ਵਿਦਿਆਰਥੀਆਂ ਨੂੰ 70% ਤੋਂ 100% ਤੱਕ ਦੇ ਵਜ਼ੀਫੇ ਦਿੱਤੇ ਜਾਣਗੇ।

59 ਜ਼ਿਲ੍ਹਾ ਮੁਹਾਲੀ ਦੇ ਪਿੰਡ ਸਨੇਟਾ ਵਿਚ ਲੜਕੀਆਂ ਵਾਸਤੇ ਇਕ ਖੇਤਰੀ ਕਿੱਤਾ ਮੁੱਖੀ ਸਿਖਲਾਈ ਸੰਸਥਾ ਅਤੇ ਇਕ ਖੇਤਰੀ ਡਾਇਰੈਕਟੋਰੇਟ ਐਪਰੈਂਟਸ਼ਿਪ ਸਥਾਪਿਤ ਕੀਤਾ ਜਾਵੇਗਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਤੇ ਸਦਨ ਵਿਚ ਬਹੁਤ ਸ਼ੋਰ ਸੀ। ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** Not recorded as ordered by the Chair.

**ਮਾਨਯੋਗ ਸਪੀਕਰ:** ** **ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ:** ਸਪੀਕਰ ਸਾਹਿਬ, ਤਕਨੀਕੀ ਸਿੱਖਿਆ ਵਾਸਤੇ ਕੱਲ੍ਹ ਸੀ.ਐਮ.ਸਾਹਿਬ ਨੇ ਟੈਕਨੀਕਲ ਯੂਨੀਵਰਸਿਟੀ, ਸ਼੍ਰੀ ਚਮਕੌਰ ਸਾਹਿਬ ਅਨਾਊਂਸ ਕੀਤੀ ਹੈ। (ਥੰਪਿੰਗ) ਮੈਂ ਹੋਰ ਕਹਿੰਦਾ ਹਾਂ ਕਿ ਜਿਹੜਾ ਸ਼੍ਰੀ ਚਮਕੌਰ ਸਾਹਿਬ ਦਾ ਥੀਮ ਪਾਰਕ ਹੈ ਜਿਹੜਾ ਕਿ ਦਸ ਸਾਲ ਤੋਂ ਰੁਕ ਗਿਆ ਸੀ, ਉਸ ਨੂੰ ਦੁਬਾਰਾ ਸ਼ੁਰੂ ਕਰਨ ਦਾ ਸਰਕਾਰ ਦਾ ਫੈਸਲਾ ਹੈ।

60. ਰਾਜ ਸਰਕਾਰ ਦੇ ਨੌਜਵਾਨਾਂ ਨੂੰ ਲਾਹੇਵੰਦ ਰੁਜ਼ਗਾਰ ਉਪਲਬਧ ਕਰਵਾਉਣ ਲਈ ਇਕ ਵੱਡੀ ਪਹਿਲਕਦਮੀ ਦੇ ਅੰਤਰਗਤ ਕਿੱਤਾ ਮੁੱਖੀ ਸਿਖਲਾਈ ਉਪਲਬਧ ਕਰਵਾਉਣ ਲਈ ਰਾਜ ਵਿਚ ਇਕ ਸਕਿਲ (ਹੁਨਰ) ਯੂਨੀਵਰਸਿਟੀ ਸਥਾਪਿਤ ਕਰੇਗੀ।

61. ਸਾਡੀ ਸਰਕਾਰ ਸਮਾਜ ਦੇ ਕਮਜ਼ੋਰ ਅਤੇ ਲਾਭ ਵਿਹੂਣੇ ਵਰਗਾਂ ਪ੍ਰਤੀ ਬਣਦੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਹੈ। ਰਾਜ ਸਰਕਾਰ ਵਲੋਂ 14.50 ਲੱਖ ਬਿਰਧ ਵਿਅਕਤੀਆਂ ਨੂੰ, 1.70 ਲੱਖ ਆਸ਼ਰਿਤ ਬੱਚਿਆਂ ਨੂੰ, 1.90 ਲੱਖ ਅਪਾਹਜ਼ ਵਿਅਕਤੀਆਂ ਨੂੰ, 3.80 ਲੱਖ ਵਿਧਵਾਵਾਂ ਅਤੇ ਬੇ-ਸਹਾਰਾ ਇਸਤਰੀਆਂ ਨੂੰ 500/-ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਪੈਨਸ਼ਨ ਦਿੱਤੀ ਜਾਂਦੀ ਹੈ। 21.90 ਲੱਖ ਲਾਭਪਾਤਰੀਆਂ ਲਈ ਕੁੱਲ ਸਾਲਾਨਾ ਦੇਣਦਾਰੀ 1314 ਕਰੋੜ ਰੁਪਏ ਤੱਕ ਦੀ ਹੈ। ਮੈਂ ਚਾਹੁੰਦਾ ਤਾਂ ਬਹੁਤ ਕੁਝ ਸੀ ਪਰੰਤੂ ਰਾਜ ਦੇ ਖਜ਼ਾਨੇ ਤੇ ਭਾਰੀ ਵਿੱਤੀ ਬੋਝ ਨੂੰ ਦੇਖਦੇ ਹੋਏ ਸੰਤੁਲਨ ਬਣਾਉਣ ਲਈ ਮੈਂ ਸਾਰੀਆਂ ਸ਼੍ਰੇਣੀਆਂ ਲਈ ਮੌਜੂਦਾ 500/-ਰੁਪਏ ਪ੍ਰਤੀ ਮਹੀਨਾ ਨੂੰ ਵਧਾ ਕੇ 750/-ਰੁਪਏ ਕਰਨ ਦਾ ਪ੍ਰਸਤਾਵ ਰੱਖਦਾ ਹਾਂ।

**ਤੇਜ਼ਾਬ ਹਮਲੇ ਦੇ ਪੀੜਤ ਵਿਅਕਤੀਆਂ ਨੂੰ ਵਿੱਤੀ ਸਹਾਇਤਾ**

62. ਰਾਜ ਸਰਕਾਰ ਤੇਜ਼ਾਬ ਹਮਲੇ ਦੇ ਪੀੜਤ ਵਿਅਕਤੀਆਂ ਵਲੋਂ ਝੱਲੇ ਗਏ ਕਸ਼ਟਾਂ ਪ੍ਰਤੀ ਸੰਵੇਦਨਸ਼ੀਲ ਹੈ।ਸਰਕਾਰ ਨੇ ਉਨ੍ਹਾਂ ਵਿਚ ਆਤਮ ਵਿਸ਼ਵਾਸ ਜਗਾਉਣ ਲਈ ਸਾਰੇ ਤੇਜ਼ਾਬ ਹਮਲਾ ਪੀੜਤਾਂ ਨੂੰ ਸੁਰੱਖਿਆ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵਿਸਤ੍ਰਿਤ ਨੀਤੀ ਤਿਆਰ ਕੀਤੀ ਹੈ। ਇਸ ਸਕੀਮ ਅਧੀਨ ਤੇਜ਼ਾਬ ਹਮਲਾ ਪੀੜਤਾਂ ਨੂੰ 8000/-ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਵਿੱਤੀ ਸਹਾਇਤਾ ਮੁਹੱਈਆ ਕਰਵਾਏਗੀ।

63. ਇਕ ਵਾਰ ਮੁੜ ਵਿਰਾਸਤ ਵਿਚ ਵਿਤੀ ਬੋਝ ਭਾਵੇਂ ਸਾਨੂੰ ਪਿਛੇ ਖਿੱਚ ਰਿਹਾ ਹੈ ਪਰ ਮੈਂ ਐਸ.ਸੀ/ਬੀ.ਸੀ/ਈਸਾਈ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਅਤੇ ਕਿਸੇ ਵੀ ਜਾਤ ਨਾਲ ਸਬੰਧਿਤ ਵਿਧਵਾਵਾਂ ਦੀਆਂ ਲੜਕੀਆਂ ਨੂੰ ਉਨ੍ਹਾਂ ਦੇ ਵਿਆਹ ਮੌਕੇ ਮੌਜੂਦਾ 15000/-ਰੁਪਏ ਦੀ ਦਿੱਤੀ ਜਾਣ ਵਾਲੀ ਰਕਮ ਨੂੰ ਵਧਾ ਕੇ ਅਸ਼ੀਰਵਾਦ ਸਕੀਮ ਅਧੀਨ 21000/-ਰੁਪਏ ਕਰਨ ਦਾ ਪ੍ਰਸਤਾਵ ਰੱਖਦਾ ਹਾਂ।

---

** Not recorded as ordered by the Chair.

64. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਾਡੇ ਨੌਜਵਾਨਾਂ ਵਿਚ ਉਦਮਤਾ ਅਤੇ ਸਾਹਸ ਪੈਦਾ ਕਰਨ ਲਈ ਪੰਜਾਬ ਅਨੁਸੂਚਿਤ ਜਾਤੀ ਕਾਰਪੋਰੇਸ਼ਨ ਅਤੇ ਬੈਂਕਫਿਨਕੋ ਵਲੋਂ ਕਰਜ਼ੇ ਦਿੱਤੇ ਜਾਂਦੇ ਹਨ। ਇਹ ਦੋਵੇਂ ਹੀ ਸੰਸਥਾਵਾਂ ਪਹਿਲਾਂ ਤੋਂ ਦਿੱਤੇ ਗਏ ਕਰਜ਼ਿਆਂ ਦੀ ਘੱਟ ਵਸੂਲੀ ਕਾਰਣ ਹੋਰ ਲੋਨ ਦੇਣ ਵਿਚ ਬੋਝ ਮਹਿਸੂਸ ਕਰ ਰਹੀਆਂ ਹਨ। ਇਨ੍ਹਾਂ ਵਿੱਤੀ ਕਾਰਪੋਰੇਸ਼ਨਾਂ ਦੀ ਮਦਦ ਅਤੇ ਉਦੱਮਤਾ ਨੂੰ ਕਾਰਜਸ਼ੀਲ ਬਣਾਉਣ ਲਈ ਉਧਾਰ ਚੱਕਰ ਨੂੰ ਮੁੜ ਆਰੰਭ ਕਰਨ ਲਈ ਮੈਂ ਸਾਡੇ ਸਮਾਜ ਦੇ ਇਨ੍ਹਾਂ ਵਰਗਾਂ ਦੇ ਮੌਜੂਦਾ ਕਰਜ਼ਿਆਂ ਨੂੰ ਮਾਫ ਕਰਨ ਲਈ ਪੰਜਾਬ ਐਸ.ਸੀ ਫਾਈਨਾਂਸ ਕਾਰਪੋਰੇਸ਼ਨ ਨੂੰ 17.66 ਕਰੋੜ ਰੁਪਏ ਅਤੇ ਬੈਂਕਫਿਨਕੋ ਨੂੰ 2.44 ਕਰੋੜ ਰੁਪਏ ਦਿੱਤੇ ਜਾਣ ਦੀ ਤਜਵੀਜ਼ ਰੱਖਦਾ ਹਾਂ।

ਸਪੀਕਰ ਸਾਹਿਬ, ਜਿੰਨੇ ਵੀ ਐਸ.ਸੀ. ਤੇ ਬੀ.ਸੀ. , ਜਿਨ੍ਹਾਂ ਨੇ ਐਸ.ਸੀ.ਕਾਰਪੋਰੇਸ਼ਨ ਤੋਂ ਜਾਂ ਬੈਂਕਫਿਨਕੋ ਕਾਰਪੋਰੇਸ਼ਨ ਤੋਂ ਲੋਨ ਲਏ ਸੀ, ਕੱਲ੍ਹ ਸੀ.ਐਮ.ਸਾਹਿਬ ਨੇ ਉਹ ਮਾਫ ਕਰ ਦਿੱਤੇ ਹਨ।

ਜਨਾਬ ਸਪੀਕਰ ਸਾਹਿਬ

65. ਕਿਰਪਾ ਕਰਕੇ ਮੈਨੂੰ ਸਾਡੀ ਸਰਕਾਰ ਦੀ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਪ੍ਰਤੀ ਮਜ਼ਬੂਤ ਪ੍ਰਤੀਬੱਧਤਾ ਨੂੰ ਦੁਹਰਾਉਣ ਦੀ ਆਗਿਆ ਦਿਉ। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਸਾਡੀਆਂ ਵਿੱਤੀ ਮਜਬੂਰੀਆਂ ਦੇ ਬਾਵਜੂਦ ਵੀ ਮੈਂ ਸਾਲ 2017-18 ਲਈ ਸਮਾਜਿਕ ਸੁਰੱਖਿਆ ਖੇਤਰ ਵਾਸਤੇ 3604.65 ਕਰੋੜ ਰੁਪਏ ਦਾ ਕੁੱਲ ਬਜਟ ਮਖ਼ਸੂਸ ਕੀਤਾ ਹੈ। ਇਹ ਪਿਛਲੇ ਸਾਲ ਤੋਂ 9.50% ਦਾ ਵਾਧਾ ਹੈ।

66. ਸਾਡੀ ਸਰਕਾਰ ਸਾਬਕਾ ਫੌਜੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਕਾਰ ਦੀ ਇੱਛਾ ਹੈ ਕਿ ਮੁੱਢਲੇ ਪੱਧਰ ਤੇ ਰਾਜ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਉਨ੍ਹਾਂ ਦੀਆਂ ਸੇਵਾਵਾਂ ਲਈਆ ਜਾਣ। ਇਸ ਲਈ ਅਸੀਂ "ਰਾਜ ਪ੍ਰਬੰਧ ਦੇ ਸਰਪ੍ਰਸਤ"ਯੋਜਨਾ ਆਰੰਭ ਕਰ ਰਹੇ ਹਾਂ ਜਿਸ ਦਾ ਮੰਤਵ ਮੁੱਢਲੇ ਪੱਧਰ ਤੇ ਸਰਕਾਰੀ ਯੋਜਨਾਵਾਂ ਦੇ ਕੁਸ਼ਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣਾ ਹੈ। ਅਸੀਂ ਰਾਜ ਭਰ ਵਿੱਚ ਵਧੀਆ ਸੁਰੱਖਿਆ ਸੇਵਾਵਾਂ ਦੇਣ ਵਾਲੇ ਮਾਹਿਰ ਸਾਬਕਾ ਫੌਜੀਆਂ ਦੀਆਂ ਸੇਵਾਵਾਂ ਲੈਣ ਦਾ ਪ੍ਰਸਤਾਵ ਰੱਖਦੇ ਹਾਂ। ਇਸ ਯੋਜਨਾ ਨਾਲ ਸਰਕਾਰ ਦੀਆਂ ਵੱਖ-ਵੱਖ ਪਹਿਲਕਦਮੀਆਂ ਵਿੱਚ ਪਾਰਦਰਸ਼ਤਾ, ਸਮੁਦਾਇਕ ਸ਼ਮੂਲੀਅਤ ਅਤੇ ਭਾਗੀਦਾਰੀ ਦੀ ਮਾਲਕੀਅਤ ਵਿਚ ਵਾਧਾ ਹੋਵੇਗਾ ਅਤੇ ਇਹ ਯਕੀਨੀ ਬਣੇਗਾ ਕਿ ਲਾਭ ਸਮਾਜ ਦੇ ਦੁਖੀ ਅਤੇ ਕਮਜ਼ੋਰ ਵਰਗਾਂ ਤਕ ਪਹੁੰਚੇ। ਇਸ ਸਕੀਮ ਲਈ ਮੈਂ ਸਾਲ 2017-18 ਵਿਚ 20 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਰੱਖਦਾ ਹਾਂ।

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਕੱਲ੍ਹ ਸੀ.ਐਮ.ਸਾਹਿਬ ਨੇ ਗਾਰਡੀਅਨਜ਼ ਆਫ ਗ੍ਰੋਥ ਸਕੀਮ ਅਨਾਊਂਸ ਕੀਤੀ ਸੀ, ਉਸ ਵਾਸਤੇ 20 ਕਰੋੜ ਰੁਪਿਆ ਦੇਣ ਦਾ ਐਲਾਨ ਕੀਤਾ ਹੈ।

67. ਸੈਨਿਕ ਸਕੂਲ, ਕਪੂਰਥਲਾ ਦੀ ਸਥਾਪਨਾ ਨੌਜਵਾਨਾਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ ਅਤੇ ਭਾਰਤੀ ਹਥਿਆਰਬੰਦ ਸੈਨਾ ਲਈ ਤਿਆਰ ਕਰਨ ਦੇ ਮੰਤਵ ਨਾਲ ਸਥਾਪਤ ਕੀਤਾ ਗਿਆ ਸੀ। ਮੈਂ ਸੰਸਥਾਵਾਂ ਬਣਾਉਣ ਦੇ ਸਾਡੇ ਯਤਨ ਵਜੋਂ ਇਸ ਸਕੂਲ ਲਈ 10 ਕਰੋੜ ਰੁਪਏ ਮਖ਼ਸੂਸ ਕਰਨ ਦੀ ਤਜਵੀਜ਼ ਕਰਦਾ ਹਾਂ ਜੋ ਪੰਜਾਬੀ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿਚ ਜਾਣ ਲਈ ਤਿਆਰ ਕਰਦਾ ਹੈ।

**ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ**

ਜਨਾਬ ਸਪੀਕਰ ਸਾਹਿਬ,

68. ਤੁਹਾਡੇ ਨਾਲ ਇਹ ਖੁਸ਼ਖਬਰੀ ਸਾਂਝੀ ਕਰਨੀ ਮੇਰੇ ਲਈ ਇਕ ਮਾਣ ਵਾਲੀ ਗੱਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਪ੍ਰੈਪਰੇਟਰੀ ਇੰਸਟੀਚਿਊਟ ਦੇ 25 ਕੈਡਿਟਾਂ ਨੇ ਇਸ ਸਾਲ ਐਨ.ਡੀ.ਏ ਦਾਖ਼ਲਾ ਪ੍ਰੀਖਿਆ ਪਾਸ ਕੀਤੀ ਹੈ ਅਤੇ ਕੁਝ ਹੀ ਦਿਨਾਂ ਵਿਚ ਨੈਸ਼ਨਲ ਡਿਫੈਂਸ ਅਕੈਡਮੀ ਜੁਆਇਨ ਕਰ ਲੈਣਗੇ। ਇਨ੍ਹਾਂ ਵਿਚੋਂ ਇਕ ਕੈਡਿਟ (ਸਸਾਂਕ ਸ਼ਰਮਾ) ਦਾ ਆਲ ਇੰਡੀਆ ਰੈਂਕ ਪਹਿਲਾ ਅਤੇ ਕੈਡਿਟ ਅਰਮਾਨਦੀਪ ਸਿੰਘ ਦਾ ਆਲ ਇੰਡੀਆ ਰੈਂਕ ਵਿਚ ਅੱਠਵਾਂ ਸਥਾਨ ਹੈ। ਸੰਸਥਾ ਦੇ 12 ਕੈਡਿਟ ਪਹਿਲੇ 100 ਦੀ ਮੈਰਿਟ ਸੂਚੀ ਵਿਚ ਸ਼ਾਮਲ ਹਨ।

69. ਪੰਜਾਬ ਨੂੰ ਹਜ਼ਾਰਾਂ ਵਰ੍ਹਿਆਂ ਤੋਂ ਭਾਰਤ ਦੀ ਉੱਤਮ ਅਤੇ ਪੁਰਾਤਨ ਸਭਿੱਅਤਾ ਦੀ ਰਖਵਾਲੀ ਕਰਨ ਦਾ ਮਾਣ ਰਿਹਾ ਹੈ। ਇਹ ਬੜੇ ਦੁੱਖ ਅਤੇ ਤਕਲੀਫ਼ ਵਾਲੀ ਗੱਲ ਹੈ ਕਿ ਅਸੀਂ ਦੇਖਦੇ ਹਾਂ ਕਿ ਨੌਜਵਾਨ ਲੋਕ ਸੈਨਾ ਵਿਚ ਸੇਵਾ ਨੂੰ ਕੋਈ ਤਰਜੀਹ ਨਹੀਂ ਦਿੰਦੇ। ਇਸ ਰੁਝਾਨ ਵੱਲ ਆਕ੍ਰਸ਼ਿਤ ਕਰਨ ਲਈ ਸਰਕਾਰ ਨੇ ਨੌਜਵਾਨਾਂ ਵਲੋਂ ਸਸ਼ਤਰ ਸੈਨਾਵਾਂ ਵਿੱਚ ਭਰਤੀ ਲਈ ਤਿਆਰੀ ਵਾਸਤੇ ਇਸ ਸਾਲ ਅੰਮ੍ਰਿਤਸਰ ਵਿਖੇ ਇਕ ਹੋਰ ਨਵੀਂ ਸੰਸਥਾ ਜਨਰਲ ਸ਼ਾਮ ਸਿੰਘ ਅਟਾਰੀ ਵਾਲਾ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਪੰਜਾਬ "ਭਾਰਤ ਦੀ ਖੜਗਭੁਜਾ" ਵਾਲੇ ਆਪਣੇ ਰੁਤਬੇ ਨੂੰ ਮੁੜ ਪ੍ਰਾਪਤ ਕਰ ਸਕੇ। ਇਸ ਸਾਲ ਇਸ ਉਦੇਸ਼ ਲਈ 5 ਕਰੋੜ ਰੁਪਏ ਦਾ ਆਰੰਭਕ ਬਜਟੀ ਉਪਬੰਧ ਕੀਤਾ ਗਿਆ ਹੈ।

70. ਮੈਂ ਇਕ ਨਵੀਂ ਸਕੀਮ ਦੀ ਤਜਵੀਜ਼ ਵੀ ਕਰ ਰਿਹਾ ਹਾਂ ਜੋ ਕਿ ਹਰੇਕ ਸਕੂਲ ਅਤੇ ਕਾਲਜ ਨੂੰ ਇਕ ਲੱਖ ਰੁਪਏ ਮੁਹੱਈਆ ਕਰਵਾਏਗੀ ਜਿਸ ਦੇ ਵਿਦਿਆਰਥੀ ਨੈਸ਼ਨਲ ਡਿਫੈਂਸ ਅਕੈਡਮੀ ਅਤੇ ਇੰਡੀਅਨ ਮਿਲਟਰੀ ਅਕੈਡਮੀ ਵਿਚ ਭਰਤੀ ਹੋਣ ਲਈ ਕੁਆਲੀਫਾਈ ਕਰਦੇ ਹਨ। ਇਹ ਸਕੀਮ ਸੈਨਿਕ ਸਕੂਲ, ਕਪੂਰਥਲਾ ਅਤੇ ਮਹਾਰਾਜਾ ਰਣਜੀਤ ਸਿੰਘ

ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਤੇ ਵੀ ਲਾਗੂ ਹੋਵੇਗੀ।

**ਖੇਡ ਯੂਨੀਵਰਸਿਟੀ**

71. ਪੰਜਾਬ ਭਾਰਤ ਦਾ ਮੁੱਖ ਖੇਡਾਂ ਵਾਲਾ ਸੂਬਾ ਰਿਹਾ ਹੈ ਅਸੀਂ ਸਾਰੇ ਜਾਣਦੇ ਹਾਂ ਕਿ ਸਰੀਰਕ ਗਤੀਵਿਧੀਆਂ ਅਤੇ ਖੇਡਾਂ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਣ ਅੰਗ ਹਨ। ਇਹ ਸਿਹਤ ਸੁਵਿਧਾਵਾਂ ਨੂੰ ਸਮਾਜਿਕ ਜੁੜਤਾ, ਆਰਥਿਕ ਗਤੀਵਿਧੀਆਂ, ਸਭਿਆਚਾਰਕ ਅਮੀਰੀ ਅਤੇ ਜੀਵਨ ਦੀ ਉਤਮ ਵੰਨਗੀ ਵਜੋਂ ਲਿਆ ਜਾਂਦਾ ਹੈ। ਇਸ ਲਈ ਅਸੀਂ ਰਾਜ ਵਿਚ ਖੇਡਾਂ ਦੇ ਵਿਕਾਸ ਲਈ ਹੇਠ ਲਿਖੇ ਕਦਮ ਚੁੱਕੇ ਜਾਣ ਦੀ ਤਜਵੀਜ਼ ਕਰਦੇ ਹਾਂ:-

- ਖੇਡਾਂ ਦੀ ਤਰੱਕੀ ਲਈ ਪਟਿਆਲਾ ਵਿਖੇ ਯੂਨੀਵਰਸਿਟੀ ਦੀ ਸਥਾਪਨਾ
- ਭਵਿੱਖ ਲਈ ਖੇਡ ਪ੍ਰਤਿਭਾ ਦੀ ਸ਼ਨਾਖਤ ਲਈ ਹਰ ਸਾਲ ਸਕੂਲਾਂ ਵਿਚ ਇਕ ਸਹਿਯੋਗੀ ਗਤੀਵਿਧੀ ਆਯੋਜਿਤ ਕੀਤੀ ਜਾਵੇਗੀ।
- ਲਾਭ ਪਾਤਰੀਆਂ ਨੂੰ ਸਾਲਾਨਾ ਤੌਰ ਤੇ ਖੇਡ ਸਨਮਾਨ ਅਤੇ ਪ੍ਰੋਤਸਾਹਨਾਂ ਦੀ ਵੰਡ ਕੀਤੀ ਜਾਵੇਗੀ।

**ਨੌਜਵਾਨਾਂ ਨੂੰ ਮੋਬਾਇਲ ਫੋਨ**

72. ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਅਤੇ ਪ੍ਰੋਤਸਾਹਨ ਲਈ ਨਿਤਾਪ੍ਰਤੀ ਦੇ ਜੀਵਨ ਵਿਚ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਲਈ ਸਰਕਾਰ ਨੌਜਵਾਨਾਂ ਨੂੰ ਮੁਫ਼ਤ ਸਮਾਰਟ ਫੋਨ ਦੇਵੇਗੀ। ਇਸ ਨਾਲ ਨੌਜਵਾਨ ਹੋਰਨਾਂ ਗੱਲਾਂ ਦੇ ਨਾਲ ਨਾਲ ਡਿਜ਼ੀਟਲ ਪੰਜਾਬ ਪਹਿਲਕਦਮੀ ਰਾਹੀਂ ਪੰਜਾਬ ਨੂੰ ਡਿਜ਼ੀਟਾਈਜ਼ ਕਰਨ ਦੇ ਯਤਨਾਂ ਵਿਚ ਭਾਈਵਾਲ ਅਤੇ ਲਾਭਪਾਤਰੀ ਹੋਵੇਗਾ। ਨੌਜਵਾਨਾਂ ਨੂੰ ਇਹ ਸਮਾਰਟ ਫੋਨ ਮੁਹੱਈਆ ਕਰਵਾਉਣ ਲਈ ਇਸ ਸਾਲ ਦੇ ਬਜਟ ਵਿਚ 10 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕੀਤੀ ਗਈ ਹੈ।

**ਰੁਜ਼ਗਾਰ ਸਿਰਜਣ ਅਤੇ ਸਿਖਲਾਈ**

73. ਸਾਡੀ ਸਰਕਾਰ ਨੇ ਰੁਜ਼ਗਾਰ ਸਿਰਜਣ, ਬੁਨਿਆਦੀ ਢਾਂਚਾ ਅਤੇ ਨੌਕਰੀਆਂ ਦੀ ਸਿਰਜਣਾ ਦੇ ਵਿਕਾਸ ਲਈ ਉੱਚ-ਤਰਜੀਹ ਦਿੱਤੀ ਹੈ। ਸਾਲ 2017-18 ਲਈ ਸਾਲ 2016-17 ਦੇ 13.77 ਕਰੋੜ ਰੁਪਏ ਦੇ ਖ਼ਰਚ ਦੇ ਮੁਕਾਬਲੇ ਰੁਜ਼ਗਾਰ ਸਿਰਜਣ ਤੇ ਸਿਖਲਾਈ ਪ੍ਰੋਗਰਾਮ ਦੇ ਵਿਕਾਸ ਲਈ 91 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ।

74. ਸਾਲਾਨਾ ਰੁਜ਼ਗਾਰ ਯੋਜਨਾਵਾਂ ਦੀ ਤਿਆਰੀ ਅਤੇ ਇਸ ਦੇ ਸਮਾਂਬੱਧ ਅਮਲ ਲਈ ਸਾਰੇ ਜ਼ਿਲ੍ਹਿਆਂ ਵਿਚ ਤਾਜ਼ਾ ਸਰਵੇਖਣ ਕਰਵਾਉਣ ਲਈ ਰੁਜ਼ਗਾਰ ਬਿਊਰੋ (ਈ.ਬੀ) ਸਥਾਪਿਤ ਕੀਤੇ ਜਾਣਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ

ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** **ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਬਹਿਸ ਵਿੱਚ ਪਾਰਟੀਸੀਪੇਟ ਕਰਿਓ। ਤੁਸੀਂ ਆਪਣੀ ਸੀਟ ਤੇ ਜਾ ਕੇ ਬੈਠੋ।

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ:**

**ਸ਼ਹੀਦ ਭਗਤ ਸਿੰਘ ਰੋਜ਼ਗਾਰ ਸਿਰਜਣ ਯੋਜਨਾ:– ਆਪਣੀ ਗੱਡੀ ਆਪਣਾ ਰੋਜ਼ਗਾਰ**

75. ਸਾਡੇ ਸੂਬੇ ਵਿਚ ਬੇਰੁਜ਼ਗਾਰ ਨੌਜਵਾਨਾਂ ਦੀ ਵੱਡੀ ਗਿਣਤੀ ਹੈ।ਬੇਰੁਜ਼ਗਾਰ ਨੌਜਵਾਨ ਨਸ਼ਾ ਵਰਤੋਂ ਅਤੇ ਹਰ ਪ੍ਰਕਾਰ ਦੇ ਜ਼ੋਖਮ ਦਾ ਸ਼ਿਕਾਰ ਹੋ ਸਕਦੇ ਹਨ ਇਥੋਂ ਤੱਕ ਕਿ ਅਨੈਤਿਕ ਅਨਸਰਾਂ ਦਾ ਸ਼ਿਕਾਰ ਹੋ ਰਹੇ ਹਨ। ਅਸੀਂ ਸੂਬੇ ਦੇ ਲੋਕਾਂ ਨਾਲ ਪ੍ਰਤੀਬੱਧਤਾ ਕੀਤੀ ਹੈ ਕਿ ਅਸੀਂ ਹਰ ਸਾਲ 1 ਲੱਖ ਵਧੀਕ ਨੌਕਰੀਆਂ ਪੈਦਾ ਕਰਾਂਗੇ। ਇਸ ਦਿਸ਼ਾ ਵਿਚ ਰਾਜ ਸਰਕਾਰ ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਣ ਯੋਜਨਾ ਆਪਣੀ ਗੱਡੀ ਆਪਣਾ ਰੁਜ਼ਗਾਰ ਸ਼ੁਰੂ ਕਰਨ ਜਾ ਰਹੀ ਹੈ। ਇਸ ਸਕੀਮ ਅਧੀਨ ਮੈਸਰਜ਼ ਓਲਾ ਅਤੇ ਮੈਸਰਜ਼ ਓਬੇਰ ਵਰਗੇ ਅੰਤਰ-ਰਾਸ਼ਟਰੀ ਓਪਰੇਟਰਾਂ ਨਾਲ ਪਹਿਲਾਂ ਹੀ ਸੰਪਰਕ ਕੀਤਾ ਜਾ ਚੁੱਕਾ ਹੈ। ਇਹ ਵਿਉਂਤਿਆ ਗਿਆ ਹੈ ਕਿ ਇਸ ਸਕੀਮ ਅਧੀਨ ਅਗਲੇ 5 ਸਾਲਾਂ ਦੌਰਾਨ 3 ਲੱਖ ਨੌਕਰੀਆਂ ਸਿਰਜੀਆਂ ਜਾਣਗੀਆਂ।

**ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਣ ਯੋਜਨਾ: ਹਰਾ (ਗਰੀਨ) ਟਰੈਕਟਰ ਸਕੀਮ:**

76. ਇਸ ਅਧੀਨ ਦੂਸਰੇ ਖੇਤੀਬਾੜੀ ਉਪਕਰਣਾਂ ਸਹਿਤ ਇਕ ਟਰੈਕਟਰ ਖੇਤੀਬਾੜੀ ਸੇਵਾਵਾਂ ਵਿਚ ਸਵੈ ਰੁਜ਼ਗਾਰ ਲਈ 25000 ਨੌਜਵਾਨਾਂ ਨੂੰ ਦਿੱਤਾ ਜਾਵੇਗਾ।

**ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਣ ਯੋਜਨਾ– ਯਾਰੀ ਐਂਟਰਪ੍ਰਾਈਜ਼ਿਜ਼**

77. ਰਾਜ ਸਰਕਾਰ ਬੇਰੁਜ਼ਗਾਰੀ ਦੇ ਨਿਪਟਾਰੇ ਲਈ ਇਕ ਹੋਰ ਸਕੀਮ ਅਰਥਾਤ ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਣਾ ਯੋਜਨਾ-ਯਾਰੀ ਐਂਟਰਪ੍ਰਾਈਜ਼ਿਜ਼ ਸ਼ੁਰੂ ਕਰਨ ਜਾ ਰਹੀ ਹੈ। ਇਸ ਸਕੀਮ ਅਧੀਨ ਭਾਵੇਂ ਨਿੱਜੀ ਰੂਪ ਵਿਚ ਜਾਂ ਵਿਅਕਤੀਆਂ ਦੇ ਸਮੂਹ ਦੇ ਰੂਪ ਵਿਚ ਕਿਸੇ ਉੱਦਮ ਦੀ ਸ਼ਨਾਖਤ ਕੀਤੀ ਜਾ ਸਕਦੀ ਹੈ, ਜਿਸ ਲਈ ਰਾਜ ਸਰਕਾਰ ਸਾਰੀ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਏਗੀ। ਰਾਜ ਸਰਕਾਰ ਨੇ ਨੌਜਵਾਨਾਂ ਨੂੰ 3% ਵਿਆਜ ਸਬਵੈਨਸ਼ਨ ਦੇਣ ਦਾ ਫ਼ੈਸਲਾ ਕੀਤਾ ਹੈ। ਬੈਂਕਾਂ ਨਾਲ ਸਲਾਹ ਮਸ਼ਵਰਾ ਕਰਕੇ ਵਿਸਤ੍ਰਿਤ ਸਕੀਮ ਤਿਆਰ ਕੀਤੀ ਜਾ ਰਹੀ ਹੈ। ਮੈਂ ਇਸ ਸਕੀਮ ਲਈ ਚਾਲੂ ਵਿੱਤੀ ਸਾਲ ਦੌਰਾਨ 50 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਵੀ ਕੀਤਾ ਹੈ। ਇਹ ਵਿਉਂਤਿਆ ਗਿਆ ਹੈ ਕਿ ਇਸ ਸਾਲ ਦੌਰਾਨ ਇਸ ਸਕੀਮ ਅਧੀਨ 1 ਲੱਖ ਵਧੀਕ ਨੌਕਰੀਆਂ

** Not recorded as ordered by the Chair.

ਸਿਰਜੀਆਂ ਜਾਣਗੀਆਂ।

**ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਦੀ ਸਥਾਪਤੀ**

78. ਸਾਡੀ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਦੀ ਸਹਾਇਤਾ ਅਤੇ ਰੁਜ਼ਗਾਰ ਅਧੀਨ ਨੌਜਵਾਨਾਂ ਦੀਆਂ ਨੌਕਰੀਆਂ ਤੱਕ ਪਹੁੰਚ ਲਈ ਸਿੱਖਿਆ ਸਿਖਲਾਈ, ਹੁਨਰ ਵਿਕਾਸ ਅਤੇ ਦੂਸਰੀਆਂ ਸਹਾਇਤਾ ਸੇਵਾਵਾਂ ਵਿਚ ਸਹਾਇਤਾ ਲਈ ਅਤੇ ਮਜ਼ਦੂਰ ਮਾਰਕੀਟ ਵਿਚ ਸਫਲਤਾ ਲਈ ਅਤੇ ਨਿਯੋਜਕਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਹਰੇਕ ਜ਼ਿਲ੍ਹੇ ਵਿਚ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਸਥਾਪਿਤ ਕਰੇਗੀ। ਰਾਜ ਵਿਚ ਰੁਜ਼ਗਾਰ ਸਿਰਜਣ ਸਕੀਮਾਂ ਦੇ ਮੁਲਾਂਕਣ ਅਤੇ ਨਿਯੰਤਰਣ ਲਈ ਮਾਨਯੋਗ ਮੁੱਖ ਮੰਤਰੀ ਜੀ ਦੀ ਚੇਅਰਮੈਨਸ਼ਿਪ ਅਧੀਨ ਇਕ ਰੁਜ਼ਗਾਰ ਕਮਿਸ਼ਨ ਸਥਾਪਿਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਬਿਊਰੋ ਨੂੰ ਪੇਸ਼ੇਵਰ ਢੰਗ ਨਾਲ ਚਲਾਇਆ ਜਾਵੇਗਾ ਅਤੇ ਆਨ ਲਾਈਨ ਰਜਿਸਟਰੇਸ਼ਨ ਸੁਵਿਧਾ ਲਈ ਸਹਾਇਤਾ ਸੈੱਲ ਹੋਣਗੇ ਅਤੇ ਉਦਮੀਆਂ ਅਤੇ ਵਿਦੇਸ਼ਾਂ ਵਿਚ ਰੁਜ਼ਗਾਰ ਪ੍ਰਾਪਤੀ ਲਈ ਕੀਤੀ ਜਾਵੇਗੀ। ਮੈਂ ਇਸ ਸਕੀਮ ਦੀ ਸ਼ੁਰੂਆਤ ਲਈ ਸਾਲ 2017-18 ਦੇ ਦੌਰਾਨ 10 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਹੈ।

ਜਨਾਬ ਸਪੀਕਰ ਜੀਓ,

79. ਮੈਨੂੰ "ਸਿਹਤ ਹੀ ਧਨ ਹੈ" ਦਾ ਪ੍ਰਸਿੱਧ ਕਥਨ ਯਾਦ ਹੈ। ਬਦਕਿਸਮਤੀ ਨਾਲ ਨਾ ਕੇਵਲ ਪਿਛਲੇ 10 ਸਾਲਾਂ ਵਿਚ ਰਾਜ ਨੇ ਆਪਣੇ ਵਿੱਤੀ ਧਨ ਨੂੰ ਗਵਾਇਆ ਹੈ ਬਲਕਿ ਇਸ ਤੋਂ ਵੀ ਮਹੱਤਵਪੂਰਨ ਰੂਪ ਵਿਚ ਦੋ ਵਧੇਰੇ ਸ਼ਕਤੀਸ਼ਾਲੀ ਅਲਾਮਤਾਂ ਕੈਂਸਰ ਅਤੇ ਨਸ਼ਾਖੋਰੀ ਕਾਰਨ ਇਸ ਦੀ ਸਿਹਤ ਨੂੰ ਖੋਰਾ ਲੱਗਾ ਹੈ। ਪੰਜਾਬ ਦੇ ਸਮੁੱਚੇ ਨਾਗਰਿਕਾਂ ਦੀ ਸਿਹਤ ਸੁਧਾਰ ਲਈ ਜਦੋਂ ਕਿ ਕੁਝ ਨਵੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਕੇਂਦਰਿਤ ਢੰਗ ਨਾਲ ਇਸ ਸਮੱਸਿਆ ਦੇ ਨਿਪਟਾਰੇ ਲਈ ਮੌਜੂਦਾ ਸਕੀਮਾਂ ਨੂੰ ਵੀ ਮੁੜ ਸੋਧਿਆ ਜਾਏਗਾ। ਰਾਜ ਦੇ ਮੈਡੀਕਲ ਕਾਲਜਾਂ ਵਿਚ ਕੈਂਸਰ ਅਤੇ ਨਸ਼ਾ-ਮੁਕਤੀ ਦੇ ਖੇਤਰ ਵਿਚ ਨਵਾਂ ਤੀਸਰੇ ਪੱਧਰ ਦਾ ਬੁਨਿਆਦੀ ਢਾਂਚਾ ਸਿਰਜਿਆ ਜਾ ਰਿਹਾ ਹੈ।

80. ਜਨਾਬ, ਮੈਂ 1358 ਕਰੋੜ ਰੁਪਏ ਮਖਸੂਸ ਕਰਨ ਦੀ ਤਜਵੀਜ਼ ਕਰਦਾ ਹਾਂ ਜੋ ਕਿ ਸਾਲ 2016-17 ਦੇ ਬਜਟੀ ਅਨੁਮਾਨਾਂ ਦੇ ਮੁਕਾਬਲੇ 2017-18 ਵਿਚ ਡਾਕਟਰੀ ਅਤੇ ਜਨ ਸਿਹਤ ਲਈ 14.21% ਵਧੇਰੇ ਹੈ। ਸਿਹਤ ਸੈਕਟਰ ਵਿਚਲੇ ਮੁੱਖ ਰਾਖਵੇਂਕਰਨ ਨਿਮਨ ਅਨੁਸਾਰ ਹਨ:-

- **777 ਕਰੋੜ ਰੁਪਏ :** ਨੈਸ਼ਨਲ ਸਿਹਤ ਮਿਸ਼ਨ ਪ੍ਰੋਗਰਾਮ ਅਧੀਨ ਸਮਾਜ ਨੂੰ ਕਿਫ਼ਾਇਤੀ ਅਤੇ ਜ਼ਿੰਮੇਵਾਰ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ।
- **38 ਕਰੋੜ ਰੁਪਏ :** ਰਾਜ ਵਿਚ ਐਮਰਜੈਂਸੀ ਰਿਸਪਾਂਸ ਸੇਵਾਵਾਂ (108 ਐਂਬੂਲੈਂਸ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਸੇਵਾਵਾਂ) ਅਤੇ ਮੈਡੀਕਲ ਹੈਲਪਲਾਈਨ (104) ਮੁਹੱਈਆ ਕਰਵਾਉਣ ਲਈ;

- **30 ਕਰੋੜ ਰੁਪਏ :** ਮੁੱਖ ਮੰਤਰੀ ਕੈਂਸਰ ਰਾਹਤ ਫੰਡ ਅਧੀਨ ਕੈਂਸਰ ਪੀੜਤਾਂ ਦੇ ਇਲਾਜ ਲਈ।
- **100 ਕਰੋੜ ਰੁਪਏ:** ਦਲਿਤ ਲੋਕਾਂ ਦੇ ਯੂਨੀਵਰਸਲ ਸਿਹਤ ਬੀਮੇ ਲਈ।
- **50 ਕਰੋੜ ਰੁਪਏ :** ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚੇ ਦੀ ਸਿਰਜਣਾ ਲਈ।
- **50 ਕਰੋੜ ਰੁਪਏ :** ਰਾਜ ਵਿਚ ਮੁਢਲੇ ਪੇਂਡੂ ਮੁੜ ਵਸੇਬਾ ਅਤੇ ਨਸ਼ਾ ਮੁਕਤੀ ਕੇਂਦਰਾਂ ਦੀ ਸਥਾਪਤੀ ਲਈ।
- **50 ਕਰੋੜ ਰੁਪਏ :** ਤੀਸਰਾ ਦਰਜਾ ਕੈਂਸਰ ਸੰਭਾਲ ਕੇਂਦਰ ਲਈ।

81. ਇਕ ਨਵੀਂ ਪੁਨਰ ਸੰਗਠਿਤ ਯੂਨੀਵਰਸਲ ਸਿਹਤ ਬੀਮਾ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਇਸ ਦੇ ਨਾਲ ਹੀ ਤੀਸਰੇ ਦਰਜੇ ਦਾ ਕੇਅਰ ਟ੍ਰੀਟਮੈਂਟ ਵੀ ਕਵਰ ਕੀਤਾ ਜਾ ਰਿਹਾ ਹੈ ਜੋ ਕਿ ਪਹਿਲਾਂ ਕਵਰ ਨਹੀਂ ਸੀ ਕੀਤਾ ਜਾਂਦਾ ਅਤੇ ਹਸਪਤਾਲ ਵਿਚ ਭਰਤੀ ਹੋ ਜਾਣ ਕਾਰਨ ਵੱਡੇ ਵਿੱਤੀ ਝਟਕੇ ਲੱਗਦੇ ਸਨ।ਇਸ ਤੋਂ ਇਲਾਵਾ ਐਕਸੀਡੈਂਟਲ ਤੇ ਅਪੰਗਤਾ ਕਵਰ ਦੇ ਨਾਲ ਨਾਲ ਪ੍ਰਾਇਮਰੀ ਕੇਅਰ ਅਤੇ ਸੈਕੰਡਰੀ ਕੇਅਰ ਕਵਰੇਜ ਵੀ ਮੁਹੱਈਆ ਕਰਵਾਈ ਜਾਵੇਗੀ। ਇਹ ਸਕੀਮ ਪੰਜਾਬ ਰਾਜ ਵਿਚ ਜਨ ਸਾਧਾਰਨ ਦੇ ਜੇਬ ਖ਼ਰਚੇ ਨੂੰ ਵੱਡੇ ਪੱਧਰ ਤੇ ਘੱਟ ਕਰਨ ਵਿਚ ਸਹਾਇਤਾ ਕਰੇਗੀ ਜੋ ਕਿ ਬਹੁਤ ਜ਼ਿਆਦਾ ਹੈ। ਇਸ ਸਕੀਮ ਨੂੰ ਲਾਗੂ ਕਰਨ ਲਈ ਸਾਲ 2017-18 ਲਈ 100 ਕਰੋੜ ਰੁਪਏ ਦਾ ਮੁੱਢਲਾ ਉਪਬੰਧ ਕੀਤਾ ਗਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਪਲੀਜ਼, ਤੁਸੀਂ ਬਜਟ ਵਿੱਚ ਹਿੱਸਾ ਲਓ।

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ:**

82. ਸਾਲ 2017-18 ਵਿਚ 10 ਕਰੋੜ ਰੁਪਏ ਦੀ ਵਧੀਕ ਲਾਗਤ ਨਾਲ ਐੱਸ.ਏ.ਐੱਸ ਨਗਰ (ਮੁਹਾਲੀ) ਵਿਖੇ ਇਕ ਨਵਾਂ ਮੈਡੀਕਲ ਕਾਲਜ ਖੋਲ੍ਹਿਆ ਤੇ ਸਥਾਪਿਤ ਕੀਤਾ ਜਾਵੇਗਾ। ਇਸ ਨਾਲ ਪੰਜਾਬ ਦੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਾਪਤ ਕਰਨ ਵਿਚ ਸਹਾਇਤਾ ਮਿਲੇਗੀ ਅਤੇ ਇਸ ਨਾਲ ਡਾਕਟਰਾਂ ਦੀ ਕਮੀ ਨੂੰ ਘੱਟ ਕਰਨ ਵਿਚ ਵੀ

---

** Not recorded as ordered by the Chair.

ਸਹਾਇਤਾ ਮਿਲੇਗੀ। ਕੈਂਸਰ ਪੀੜਤਾਂ ਨੂੰ ਵਧੀਆ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਫਾਜ਼ਿਲਕਾ ਅਤੇ ਹੁਸ਼ਿਆਰਪੁਰ ਵਿਖੇ 50 ਕਰੋੜ ਰੁਪਏ ਦੀ ਲਾਗਤ ਨਾਲ ਤੀਸਰਾ ਦਰਜਾ ਸੰਭਾਲ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਲੋਕਾਂ ਨੂੰ ਵਧੀਆ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਪਟਿਆਲਾ ਵਿਚ ਬੁਨਿਆਦੀ ਢਾਂਚੇ ਦੀ ਤਰੱਕੀ ਲਈ 100 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ।

83. ਰਾਜ, ਬਾਲ ਸਵੱਸਥ ਕਾਰਯਕ੍ਰਮ ਅਧੀਨ 0 ਤੋਂ 18 ਸਾਲ ਤੱਕ ਦੇ ਬੱਚਿਆਂ ਅਤੇ ਗਭਰੇਟਾਂ ਦੀ ਸਿਹਤ ਉਪਰ ਵਿਸ਼ੇਸ਼ ਧਿਆਨ ਕੇਂਦਰਿਤ ਕਰੇਗਾ। ਸਾਲ ਵਿਚ ਦੋ ਵਾਰ ਆਂਗਣਵਾੜੀ ਕੇਂਦਰਾਂ, ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ 30 ਬਿਮਾਰੀਆਂ ਦੇ ਚੈੱਕ ਅੱਪ ਲਈ ਡੈਡੀਕੇਟਿਡ ਮੋਬਾਇਲ ਹੈਲਥ ਟੀਮਾਂ ਦੁਆਰਾ ਬੱਚਿਆਂ ਦੀ ਸਕਰੀਨਿੰਗ ਕੀਤੀ ਜਾਵੇਗੀ। ਕਿਸੇ ਵੀ ਬਿਮਾਰੀ ਤੋਂ ਪੀੜਤ ਸ਼ਨਾਖਤ ਕੀਤੇ ਬੱਚਿਆਂ ਨੂੰ ਅਗਾਊਂ ਸਕਰੀਨਿੰਗ ਲਈ 5 ਜ਼ਿਲ੍ਹਾ ਮੁੱਢਲੇ ਸਾਲਸੀ ਕੇਂਦਰਾਂ ਵਿਚ ਭੇਜਿਆ ਜਾਵੇਗਾ ਅਤੇ ਅਜਿਹੇ ਬੱਚਿਆਂ ਦਾ ਇਲਾਜ ਮੈਡੀਕਲ ਕਾਲਜ ਪੱਧਰ, ਹਸਪਤਾਲਾਂ, ਨਿੱਜੀ ਸੂਚੀਬੱਧ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਵੇਗਾ। ਰਾਜ ਨੇ ਸਾਲ 2017-18 ਦੌਰਾਨ ਇਸ ਪ੍ਰੋਗਰਾਮ ਲਈ 42.42 ਕਰੋੜ ਰੁਪਏ ਰਾਖਵੇਂ ਕੀਤੇ ਹਨ।

84. ਰਾਜ ਨੇ "ਹੈਲਥ ਐਂਡ ਵੈਲਨੈਸ ਕਲੀਨਿਕਸ" ਵਜੋਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਲਗਭਗ 3 ਹਜ਼ਾਰ ਕੇਂਦਰ ਤਬਦੀਲ ਕਰਨ ਦੀ ਯੋਜਨਾ ਬਣਾਈ ਹੈ। ਇਹ ਕਲੀਨਿਕਸ ਨਿਰੋਧਕ ਅਤੇ ਸੀਮਿਤ ਉਪਚਾਰ ਸੇਵਾਵਾਂ ਯਕੀਨੀ ਬਣਾਉਣਗੇ। ਇਹ ਪ੍ਰੋਗਰਾਮ ਪੜਾਅਵਾਰ ਢੰਗ ਨਾਲ ਅਮਲ ਵਿਚ ਲਿਆਂਦਾ ਜਾਵੇਗਾ ਅਤੇ ਇਸ ਸਾਲ 200 ਕੇਂਦਰਾਂ ਨੂੰ ਸੰਚਾਲਿਤ ਕੀਤਾ ਜਾਵੇਗਾ। ਕੌਮੀ ਸਿਹਤ ਮਿਸ਼ਨ ਸਕੀਮ ਅਧੀਨ ਇਸ ਸਬੰਧ ਵਿਚ ਉਚਿਤ ਉਪਬੰਧ ਕੀਤੇ ਗਏ ਹਨ।

85. ਸਾਡੀ ਨੀਤੀ ਦਾ ਇਕ ਮਹੱਤਵਪੂਰਣ ਪੱਖ ਰਾਜ ਦੀ ਆਰਥਿਕਤਾ ਦਾ ਪੁਨਰ-ਨਿਰਮਾਣ ਕਰਨਾ, ਸਾਡੇ ਨੌਜਵਾਨਾਂ ਲਈ ਨੌਕਰੀਆਂ ਪੈਦਾ ਕਰਨਾ, ਆਮਦਨ ਅਤੇ ਖੁਸ਼ਹਾਲੀ ਵਿਚ ਵਾਧਾ ਕਰਨਾ ਅਤੇ ਨਤੀਜੇ ਵਜੋਂ ਸਾਡੇ ਰਾਜ ਦੀਆਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨਾ ਅਤੇ ਉਦਯੋਗ ਦੇ ਵਾਧੇ ਅਤੇ ਖੁਸ਼ਹਾਲੀ ਲਈ ਈਕੋ-ਸਿਸਟਮ ਦਾ ਨਿਰਮਾਣ ਕਰਨਾ ਅਤੇ ਨੌਕਰੀਆਂ ਪੈਦਾ ਕਰਨਾ ਹੈ।

86. ਰਾਜ ਸਰਕਾਰ ਮੌਜੂਦਾ ਉਦਯੋਗ ਦੀ ਪੁਨਰ-ਸੁਰਜੀਤੀ ਉਪਰ ਵਿਸ਼ੇਸ਼ ਧਿਆਨ ਦਿੰਦੇ ਹੋਏ ਨਵੀਂ ਉਦਯੋਗ ਤੇ ਨਿਵੇਸ਼ ਨੀਤੀ ਲਿਆ ਰਹੀ ਹੈ। ਨਵੀਂ ਨੀਤੀ ਦਾ ਪੂਰਵਲੀਆਂ ਨੀਤੀਆਂ ਤੋਂ ਤੇਜ਼ੀ ਨਾਲ ਪ੍ਰਗਮਨ ਹੋਵੇਗਾ ਜਿਸ ਵਿਚ ਵੱਡੇ ਸੁਧਾਰ ਸੰਸਥਾਵਾਂ ਦੀ ਪੁਨਰ ਉਸਾਰੀ ਅਤੇ ਇਹ ਰਾਜ ਦੇ ਉਦਯੋਗਿਕ ਵਿਕਾਸ ਲਈ ਮਜ਼ਬੂਤ ਨੀਤੀ ਪੇਸ਼ ਕਰੇਗਾ।

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]
ਸਾਡਾ ਉਦੇਸ਼ ਰਾਜ ਨੂੰ ਦੇਸ਼ ਵਿਚ ਆਰਥਿਕ ਤੌਰ ਤੇ ਵਿਕਸਿਤ ਰਾਜਾਂ ਵਜੋਂ ਸਥਾਪਿਤ ਕਰਨ ਅਤੇ ਵਪਾਰ ਕਰਨ ਲਈ ਸਭ ਤੋਂ ਵਧੀਆ ਸੂਬਾ ਬਣਾਉਣ ਦਾ ਹੈ।

87. ਨਵੀਂ ਉਦਯੋਗਿਕ ਨੀਤੀ ਦਾ ਉਦੇਸ਼ ਉਤਪਾਦਨ (ਸਾਈਕਲ ਅਤੇ ਸਾਈਕਲਾਂ ਦੇ ਪੁਰਜ਼ੇ, ਆਟੋ ਮੋਬਾਇਲਜ਼ ਅਤੇ ਆਟੋ ਕੰਪੋਨੈਂਟਸ, ਲਾਈਟ ਇੰਜੀਨੀਅਰਿੰਗ, ਲੈਦਰ ਅਤੇ ਖੇਡਾਂ ਦਾ ਸਮਾਨ, ਪੈਟਰੋ ਕੈਮੀਕਲਜ਼, ਸੈਕੰਡਰੀ ਸਟੀਲ, ਐਨ.ਆਰ.ਐਸ.ਈ. ਸਾਜੋ ਸਾਮਾਨ) ਟੈਕਸਟਾਈਲ, ਕੱਪੜਾ ਅਤੇ ਵਸਤਰ, ਐਗਰੀ ਅਤੇ ਫੂਡ ਪ੍ਰਾਸੈਸਿੰਗ, ਸੂਚਨਾ ਤਕਨਾਲੋਜੀ ਅਤੇ ਇਲੈਕਟ੍ਰਾਨਿਕਸ, ਲਾਈਫ ਸਾਇੰਸਿਜ਼ ਅਤੇ ਫਾਰਮਾਸਿਊਟੀਕਲਜ਼, ਐਰੋ ਸਪੇਸ ਅਤੇ ਡਿਫੈਂਸ, ਵੇਅਰ ਹਾਊਸਿੰਗ ਅਤੇ ਲਾਜਿਸਟਿਕਸ, ਸੈਰ ਸਪਾਟਾ ਅਤੇ ਮਹਿਮਾਨ ਨਿਵਾਜੀ, ਮਨੋਰੰਜਨ ਅਤੇ ਫਿਲਮ ਉਦਯੋਗ ਅਤੇ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਵੱਲ ਉਦੇਸ਼ਿਤ ਹੈ।

88. ਉਦਯੋਗਿਕ ਪਾਰਕਾਂ ਅਤੇ ਉਦਯੋਗਿਕ ਮਿਲਖਾਂ ਨੂੰ ਇਕ ਏਜੰਸੀ ਅਧੀਨ ਲਿਆਂਦਾ ਜਾਵੇਗਾ ਅਤੇ ਸਾਰੀਆਂ ਜ਼ਰੂਰੀ ਅਤੇ ਆਮ ਸੁਵਿਧਾਵਾਂ ਜਿਵੇਂ ਗੰਦਾ ਪਾਣੀ ਨਿਕਾਸ, ਡਿਜ਼ਾਇਨ ਸੁਵਿਧਾਵਾਂ, ਕਨਵੈਨਸ਼ਨ ਤੇ ਪ੍ਰਦਰਸ਼ਨੀ ਕੇਂਦਰ, ਵੇਅਰ ਹਾਊਸਿੰਗ ਤੇ ਢੋਆ ਢੁਆਈ ਸੇਵਾਵਾਂ ਅਤੇ ਹੋਰ ਦੂਸਰੀਆਂ ਸੇਵਾਵਾਂ ਇਨ੍ਹਾਂ ਅਸਟੇਟਸ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ। 400 ਕਰੋੜ ਰੁਪਏ ਦੀ ਲਾਗਤ ਨਾਲ ਆਹਲਾ ਦਰਜੇ ਦਾ ਬੁਨਿਆਦੀ ਢਾਂਚਾ ਅਤੇ ਆਮ ਸੁਵਿਧਾਵਾਂ ਵਾਲੀ ਇਕ ਹਾਈ-ਟੈਕ ਸਾਈਕਲ ਵੈਲੀ ਵੀ ਵਿਕਸਤ ਕੀਤੀ ਜਾਵੇਗੀ।

89. ਰਾਜ ਸਰਕਾਰ ਨੇ 16 ਵਿਸ਼ੇਸ਼ ਉਦਯੋਗਿਕ ਪਾਰਕਾਂ ਦੀ ਯੋਜਨਾ ਵੀ ਬਣਾਈ ਹੈ।

90. ਪੰਜਾਬ ਦਾ ਐਮ.ਐਸ.ਐਮ.ਈ ਯੂਨਿਟਾਂ ਵਿਚ ਇਕ ਮਜ਼ਬੂਤ ਆਧਾਰ ਹੈ। ਇਹ ਮੁਕਾਬਲਤਨ ਘੱਟ ਪੂੰਜੀਗਤ ਲਾਗਤ ਤੇ ਵਧੇਰੇ ਰੁਜ਼ਗਾਰ ਮੌਕੇ ਮੁਹੱਈਆ ਕਰਵਾਉਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਰਾਜ ਐੱਸ.ਪੀ. ਵੀਜ਼ ਨਾਲ ਭਾਈਵਾਲੀ ਵਿਚ ਆਮ ਸੇਵਾਵਾਂ ਮੁਹੱਈਆ ਕਰਵਾ ਕੇ ਇਸ ਨੂੰ ਵਧੇਰੇ ਸੰਵੇਦਨਸ਼ੀਲ ਅਤੇ ਮਜ਼ਬੂਤ ਖੇਤਰ ਬਣਾਉਣ ਲਈ ਵੱਖ-ਵੱਖ ਐਮ.ਐਸ.ਐਮ.ਈ ਕਲੱਸਟਰਾਂ ਨੂੰ ਵਿਕਸਿਤ ਅਤੇ ਸੁਧਾਰ ਕਰਨ ਲਈ ਇਕ ਡੈਡੀਕੇਟਿਡ ਆਰਗੇਨਾਈਜ਼ੇਸ਼ਨ ਐਮ ਐਸ ਐਮ ਈ ਪੰਜਾਬ, ਸਥਾਪਿਤ ਕੀਤਾ ਜਾਵੇਗਾ। ਐਮ.ਐਸ.ਐਮ.ਈ ਇਕਾਈਆਂ ਨੂੰ ਪ੍ਰਭਾਵਕਾਰੀ ਸੁਵਿਧਾ ਸੇਵਾਵਾਂ ਮੁਹੱਈਆ ਕਰਵਾਉਣ ਲਈ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਖੇਤਰੀ ਪੱਧਰ ਐਮ.ਐਸ.ਈ ਸੁਵਿਧਾ ਕੌਂਸਲਾਂ ਸਥਾਪਿਤ ਕਰਨ ਦੀ ਯੋਜਨਾ ਹੈ।

91. ਨਵੇਂ ਉਦਯੋਗ ਅਤੇ ਮੌਜੂਦਾ ਉਦਯੋਗ ਦੀ ਸਮਰੱਥਾ ਨੂੰ ਵਧਾਉਣ ਲਈ ਵਿਕਸਿਤ ਉਦਯੋਗਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਸੰਗਰੂਰ ਅਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਨਵੇਂ ਉਦਯੋਗਿਕ ਕੇਂਦਰ ਵੀ ਸਥਾਪਿਤ ਕੀਤੇ ਜਾਣਗੇ।

**ਸਟਾਰਟ-ਅਪ ਅਤੇ ਉਦਮਤਾ**

92. ਰਾਜ ਦੀ ਆਰਥਿਕਤਾ ਦੇ ਭਵਿੱਖਤ ਵਿਕਾਸ ਲਈ ਸਟਾਰਟ-ਅਪਸ ਅਤੇ ਉਦਮਤਾ ਮਹੱਤਵਪੂਰਣ ਹਨ। ਰਾਜ ਆਪਣੀ ਨਵੀਂ ਪੀੜ੍ਹੀ ਲਈ ਰਚਨਾਤਮਕ ਅਤੇ ਨਵੀਨੀਕਰਣ ਵੱਲ ਵਧਣ ਨੂੰ ਉਜਾਗਰ ਕਰਨ ਲਈ ਇਕ ਸਟਾਰਟ-ਅਪ ਲਹਿਰ ਅਤੇ ਉਦਮੀ ਵਿਕਾਸ ਦੀ ਸ਼ੁਰੂਆਤ ਕਰੇਗਾ। ਰਾਜ ਹੇਠਾਂ ਲਿਖਿਆਂ ਦੀ ਸਥਾਪਨਾ ਕਰੇਗਾ।

- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਤਕਨਾਲੋਜੀ ਬਿਜ਼ਨਸ ਇਨਕੁਵੇਟਰ (ਟੀ.ਬੀ.ਆਈ)
- ਰਾਜ 4 ਜ਼ਿਲ੍ਹਿਆਂ ਅਰਥਾਤ ਜਲੰਧਰ, ਕਪੂਰਥਲਾ, ਬਠਿੰਡਾ ਅਤੇ ਫਾਜ਼ਿਲਕਾ ਵਿਚ ਲਾਈਵਲੀ-ਹੁਡ ਬਿਜ਼ਨੈਸ ਇਨਕੁਵੇਟਰ (ਐਲ.ਬੀ.ਆਈਜ਼)

93. ਰਾਜ ਅਤਿ ਆਧੁਨਿਕੀ ਢਾਂਚਾ ਤਿਆਰ ਕਰਕੇ ਅਤੇ ਯੋਜਨਾਬੰਦੀ ਰਾਹੀਂ ਬਨੂੜ, ਸ਼ੰਭੂ, ਘਨੌਰ ਬੈਲਟ ਵਿਚ ਏ.ਕੇ.ਆਈ.ਸੀ ਦੇ ਨਾਲ ਉਦਯੋਗਿਕ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਵੀ ਉਦੇਸ਼ ਰੱਖਦਾ ਹੈ।ਬਨੂੜ, ਸ਼ੰਭੂ ਅਤੇ ਘਨੌਰ ਨੂੰ ਪੰਜਾਬੀ ਦੀ ਨਵੀਂ ਇੰਡਸਟਰੀਅਲ ਬੈਲਟ ਬਣਾਇਆ ਜਾਵੇਗਾ ਤਾਂਕਿ ਅੰਮ੍ਰਿਤਸਰ-ਕੋਲਕਾਤਾ ਇੰਡਸਟਰੀਅਲ ਕਾਰੀਡੋਰ ਨੂੰ ਜੋੜ ਸਕੀਏ।

94. ਅੰਮ੍ਰਿਤਸਰ ਲੰਬੇ ਸਮੇਂ ਤੋਂ ਖੇਤਰੀ ਵਪਾਰਕ ਕੇਂਦਰ ਵਜੋਂ ਜਾਣਿਆ ਜਾਂਦਾ ਹੈ ਅਤੇ ਇਕ ਵਪਾਰਕ ਕੇਂਦਰ ਵਜੋਂ ਅੰਮ੍ਰਿਤਸਰ ਨੂੰ ਇਸ ਦੀ ਮਹੱਤਤਾ ਨੂੰ ਬਹਾਲ ਕਰਨ ਲਈ ਅੰਮ੍ਰਿਤਸਰ ਵਿਖੇ ਢੋਆ-ਢੁਆਈ ਕੇਂਦਰ ਵਿਕਸਿਤ ਕੀਤਾ ਜਾਵੇਗਾ।

95. ਮਹਿਲਾ ਉਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਰਾਜ ਇਕ ਵਿਸ਼ੇਸ਼ ਸਕੀਮ ਵਿਸ਼ (WISH) (ਵੂਮੈਨ ਇੰਟਰਪਰੇਨਿਓਰਸ਼ਿਪ, ਇਨੋਵੇਸ਼ਨ, ਸਟਾਰਟ-ਅਪਸ ਅਤੇ ਹੈਂਡ ਹੋਲਡਿੰਗ) ਦੀ ਸ਼ੁਰੂਆਤ ਕਰੇਗਾ। ਮੈਂ ਇਸ ਸਕੀਮ ਲਈ 2 ਕਰੋੜ ਰੁਪਏ ਦੀ ਮੁੱਢਲੀ ਲਾਗਤ ਦੀ ਤਜਵੀਜ਼ ਰੱਖਦਾ ਹਾਂ।

96. ਲੁਧਿਆਣਾ ਵਿਖੇ ਲੰਬੇ ਸਮੇਂ ਤੋਂ ਇਕ ਪ੍ਰਦਰਸ਼ਨੀ ਅਤੇ ਸੰਮੇਲਨ ਕੇਂਦਰ ਦੀ ਮੰਗ ਰਹੀ ਹੈ। ਇਹ ਪ੍ਰਦਰਸ਼ਨੀ ਅਤੇ ਸੰਮੇਲਨ ਕੇਂਦਰ ਉਦਯੋਗ ਜਨਤਕ ਨਿੱਜੀ ਭਾਈਵਾਲੀ ਨਾਲ ਲੁਧਿਆਣਾ ਵਿਖੇ ਸਥਾਪਿਤ ਕੀਤਾ ਜਾਵੇਗਾ।

**ਵਪਾਰ ਕਰਨ ਵਿਚ ਸੌਖ**

97. ਰਾਜ ਨੇ ਪਹਿਲਾਂ ਹੀ "ਨਿਵੇਸ਼ ਪੰਜਾਬ" ਨਾਂ ਦਾ ਏਕੀਕ੍ਰਿਤ ਰੈਗੂਲੇਟਰ ਸਥਾਪਿਤ ਕਰ ਦਿੱਤਾ ਹੈ ਜੋ ਕਿ 23 ਵਿਭਾਗਾਂ ਨੂੰ ਨਿਯਮਿਤ ਪ੍ਰਵਾਨਗੀਆਂ ਦੇਣ ਦੇ ਸਮਰੱਥ ਹੋਵੇਗਾ, ਰਾਜ ਇਸ ਦਾ ਘੇਰਾ ਹੋਰ ਵਧਾਏਗਾ ਅਤੇ ਜ਼ਿਲ੍ਹਾ ਪੱਧਰ ਤੇ ਅਜਿਹੇ ਸੈੱਟ-ਅਪਸ ਮੁਹੱਈਆ ਕਰਵਾਏਗਾ। ਇਸ ਮੰਤਵ ਲਈ ਐਮ.ਐਸ.ਐਮ.ਈ. ਪੰਜਾਬ ਕੇਂਦਰਾਂ ਦੀ ਸਥਾਪਨਾ ਕੀਤੀ

ਜਾਵੇਗੀ ਜੋ ਨਿਵੇਸ਼ ਪ੍ਰੋਤਸਾਹਨ/ਨਿਯਮਿਤ ਪ੍ਰਵਾਨਗੀਆਂ, ਐਮ.ਐਸ.ਐਮ.ਈਜ਼ ਨੂੰ ਅਤੇ ਸਟਾਰਟ-ਅਪਸ ਨੂੰ ਵਿੱਤੀ ਪ੍ਰੋਤਸਾਹਨਾਂ ਦੀ ਸੁਵਿਧਾ ਦੇਵੇਗਾ।

**ਪੰਜਾਬ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ ਅਥਾਰਟੀ (ਪੀ.ਸੀ.ਐਸ.ਆਰ ਏ)**

98. ਨਿਊ ਕੰਪਨੀਜ਼ ਐਕਟ, 2013 ਦੀ ਸ਼ੁਰੂਆਤ ਨਾਲ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ (ਸੀ.ਐਸ.ਆਰ) ਅਧੀਨ ਵੱਧ ਤੋਂ ਵੱਧ ਸਮਾਜ ਭਲਾਈ ਦੇ ਟੀਚਿਆਂ ਲਈ ਵੱਖ-ਵੱਖ ਗਤੀਵਿਧੀਆਂ ਲਈ ਹੁਣ ਇਹ ਜ਼ਰੂਰੀ ਹੈ ਕਿ ਕੁਝ ਕੰਪਨੀਆਂ ਨੂੰ ਪਿਛਲੇ ਤਿੰਨ ਵਿੱਤੀ ਸਾਲਾਂ ਦੀ ਔਸਤਨ ਆਮਦਨ ਦਾ 2% ਖ਼ਰਚਣਾ ਪਵੇਗਾ।

99. ਹਾਲਾਂਕਿ ਇਸ ਅਧਿਆਦੇਸ਼ ਅਧੀਨ ਪਿਛਲੇ ਸਮੇਂ ਵਿਚ ਕੀਤੀਆਂ ਗਈਆਂ ਇਹ ਗਤੀਵਿਧੀਆਂ ਸਰਕਾਰ ਦੀਆਂ ਤਰਜੀਹਾਂ ਅਤੇ ਨਿੱਜੀ ਖੇਤਰ ਦੇ ਯਤਨਾਂ ਵਿਚਕਾਰ ਤਾਲਮੇਲ ਦੀ ਘਾਟ ਕਾਰਣ ਕੋਈ ਠੋਸ ਪ੍ਰਭਾਵ ਪਾਉਣ ਤੋਂ ਅਸਮਰੱਥ ਰਹੀਆਂ। ਅਸੀਂ ਸਰਕਾਰ ਦੀਆਂ ਖਿੱਤੇ ਦੀਆਂ ਤਰਜੀਹਾਂ ਨਾਲ ਇਸ ਨੂੰ ਸੰਮਲਿਤ ਕਰਕੇ ਇਸ ਰਾਹੀਂ ਸੀ.ਐਸ.ਆਰ ਫੰਡ ਦੀ ਵੱਧ ਤੋਂ ਵੱਧ ਵਰਤੋਂ ਲਈ ਨਿੱਜੀ ਖੇਤਰ ਕੰਪਨੀਆਂ ਦੇ ਨਾਲ ਵੱਖੋ ਵੱਖ ਸਰਕਾਰੀ ਜਨਤਕ ਅਦਾਰੇ ਪੀ.ਐਸ.ਯੂਜ਼ ਤੋਂ ਸੀ.ਐਸ.ਆਰ ਯੋਗਦਾਨਾਂ ਨੂੰ ਸਹੀ ਰਾਹ ਤੇ ਪਾਉਣ ਲਈ ਇਕ ਟਿਕਾਊ ਪ੍ਰਣਾਲੀ ਬਣਾਉਣ ਲਈ ਪੰਜਾਬ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ ਅਥਾਰਟੀ (ਪੀ.ਸੀ.ਐਸ.ਆਰ.ਏ.) ਦੀ ਸਥਾਪਨਾ ਦੀ ਤਜਵੀਜ਼ ਕਰਦੇ ਹਾਂ।

**ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ**

100. ਰੀਅਲ ਅਸਟੇਟ ਖੇਤਰ ਰਾਜ ਦੀ ਆਰਥਿਕਤਾ ਦਾ ਇਕ ਮਹੱਤਵਪੂਰਣ ਹਿੱਸਾ ਹੈ ਅਤੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਦਾ ਹੈ। ਰੀਅਲ ਅਸਟੇਟ ਸਾਡੇ ਵਰਗੇ ਤੇਜ਼ੀ ਨਾਲ ਸ਼ਹਿਰੀਕਰਣ ਵੱਲ ਵੱਧ ਰਹੇ ਸੂਬੇ ਲਈ ਹੋਰ ਵੀ ਮਹੱਤਵਪੂਰਨ ਹੈ ਜੋ ਕਿ ਅਨਿਯਮਿਤ ਵਿਕਾਸ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਰੀਅਲ ਅਸਟੇਟ ਉਦਯੋਗ ਪਿਛਲੇ 10 ਸਾਲਾਂ ਦੌਰਾਨ ਬਹੁਤ ਹੀ ਮਾੜੀ ਸਥਿਤੀ ਵਿਚ ਰਿਹਾ ਹੈ। ਰੀਅਲ ਅਸਟੇਟ ਵਿੱਚ ਆਈ ਖੜੋਤ ਦਾ ਸਮੁੱਚੇ ਰੂਪ ਵਿਚ ਆਰਥਿਕਤਾ ਉਪਰ ਮਾੜਾ ਪ੍ਰਭਾਵ ਪਿਆ ਹੈ। ਲੋਕਾਂ ਨੂੰ ਮਾਣਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਤੋਂ ਬਹੁਤ ਉਮੀਦਾਂ ਹਨ। ਸਾਡੀ ਸਰਕਾਰ ਇਸ ਸੈਕਟਰ ਵਿਚਲੀਆਂ ਅੜਚਣਾਂ ਨੂੰ ਦੂਰ ਕਰਨ ਲਈ ਵਚਨਬੱਧ ਹੈ ਅਤੇ ਕਿਫ਼ਾਇਤੀ ਮਕਾਨ ਉਸਾਰੀ ਲਈ ਪੰਜਾਬ ਦੇ ਲੋਕਾਂ ਦੀ ਬੁਨਿਆਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ।

101. ਰੀਅਲ ਅਸਟੇਟ ਸੈਕਟਰ ਨੂੰ ਮੁੜ ਸੁਰਜੀਤ ਅਤੇ ਉਤਸ਼ਾਹਿਤ ਕਰਨ ਲਈ ਅਤੇ ਰਾਜ ਵਿੱਚ ਬੇਘਰਿਆਂ ਨੂੰ ਮਕਾਨ ਉਪਲਬੱਧ ਕਰਵਾਉਣ ਲਈ ਇਸ ਸਰਕਾਰ ਨੇ ਪਹਿਲਾਂ ਹੀ ਕਈ ਪਹਿਲਕਦਮੀਆਂ ਕੀਤੀਆਂ ਹਨ।

102. ਪਲਾਟਾਂ/ਮਕਾਨਾਂ ਦੀ ਮਲਕੀਅਤ ਤਬਦੀਲ ਕਰਨ ਹਿਤ ਲਈ ਜਾਣ ਵਾਲੀ ਫੀਸ 2.5% ਤੋਂ ਘਟਾ ਕੇ 2% ਕਰ ਦਿੱਤੀ ਗਈ। ਬਾਹਰੀ ਵਿਕਾਸ ਖਰਚਿਆਂ ਵਜੋਂ ਰਾਜ ਵਿਚ ਕਲੋਨੀਆਂ ਦੇ ਪਰਮੋਟਰਾਂ ਤੋਂ ਵਸੂਲੇ ਜਾਣ ਵਾਲੇ 574.40 ਕਰੋੜ ਰੁਪਏ ਦੇ ਭੁਗਤਾਨ ਉਤੇ ਇਕ ਸਾਲ ਦੀ ਰੋਕ ਨੂੰ ਸਹਿਮਤੀ ਦੇ ਦਿੱਤੀ ਗਈ ਹੈ। ਵੱਖ-ਵੱਖ ਚਾਰਜਾਂ ਉਤੇ ਸਾਲਾਨਾ ਵਾਧੇ ਨੂੰ ਵੀ ਤਿੰਨ ਸਾਲਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

103. ਇਸ ਸੈਕਟਰ ਨੂੰ ਹੁੰਗਾਰਾ ਦੇਣ ਲਈ ਇਕ ਵੱਡੇ ਕਦਮ ਵਜੋਂ ਮੈਂ ਸ਼ਹਿਰੀ ਇਲਾਕਿਆਂ ਵਿਚ ਪ੍ਰਾਪਰਟੀ ਦੀ ਰਜਿਸਟ੍ਰੇਸ਼ਨ ਉਤੇ ਲੱਗਣ ਵਾਲੀ ਸਟੈਂਪ ਡਿਊਟੀ ਵਿਚ 3% ਦੀ ਵੱਡੀ ਰਾਹਤ ਦਿੰਦੇ ਹੋਏ ਇਸ ਨੂੰ ਮੌਜੂਦਾ 9% ਤੋਂ ਘਟਾ ਕੇ 6% ਕੀਤੇ ਜਾਣ ਦੀ ਤਜਵੀਜ਼ ਪੇਸ਼ ਕਰਦਾ ਹਾਂ। ਇਹ ਮਾਪਦੰਡ 31-03-2018 ਤੱਕ ਇੰਝ ਹੀ ਕਾਇਮ ਰਹੇਗਾ ਅਤੇ ਉਸ ਤੋਂ ਬਾਅਦ ਸੈਕਟਰ ਉਤੇ ਇਸ ਦੇ ਪ੍ਰਭਾਵ ਦੇ ਆਧਾਰ ਤੇ ਇਸ ਦੀ ਸਮੀਖਿਆ ਕੀਤੀ ਜਾਵੇਗੀ।

**ਗਰੀਬਾਂ ਲਈ ਮਕਾਨ**

104. ਸਾਡੀ ਸਰਕਾਰ ਪੰਜਾਬ ਦੇ ਬੇਘਰੇ ਗ਼ਰੀਬ ਸ਼ਹਿਰੀ ਐਸ.ਸੀ/ਬੀ.ਸੀ. ਪਰਿਵਾਰਾਂ ਨੂੰ ਬਣੇ ਬਣਾਏ ਮੁਫ਼ਤ ਮਕਾਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਸਾਲ 2017-18 ਦੌਰਾਨ ਯੋਗ ਪਰਿਵਾਰਾਂ ਲਈ 2000 ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ। ਇਨ੍ਹਾਂ ਮਕਾਨਾਂ ਦੀ ਉਸਾਰੀ ਲਈ ਰਾਜ ਸਰਕਾਰ ਵਲੋਂ ਜ਼ਮੀਨ ਮੁਫ਼ਤ ਉਪਲਬੱਧ ਕਰਵਾਈ ਜਾਵੇਗੀ। ਮੈਂ ਸ਼ਹਿਰੀ ਇਲਾਕਿਆਂ ਲਈ ਇਸ ਸਕੀਮ ਵਾਸਤੇ 25 ਕਰੋੜ ਰੁਪਏ ਦਾ ਆਰੰਭਿਕ ਉਪਬੰਧ ਕੀਤਾ ਹੈ। ਇਸੇ ਤਰ੍ਹਾਂ ਪਿੰਡਾਂ ਵਿਚ ਰਹਿ ਰਹੇ ਗਰੀਬਾਂ ਨੂੰ ਵੀ ਮਕਾਨ ਉਪਲਬੱਧ ਕਰਵਾਉਣ ਲਈ 25 ਕਰੋੜ ਰੁਪਏ ਮਖ਼ਸੂਸ ਕੀਤੇ ਗਏ ਹਨ। ਇਸ ਸਰਕਾਰ ਨੇ ਰਾਜ ਵਿਚ ਪਲਾਟਾਂ/ਮਕਾਨਾਂ ਦੀ ਅਲਾਟਮੈਂਟ ਨਾਲ ਸਬੰਧਤ ਸਮੁੱਚੀਆਂ ਸਰਕਾਰੀ ਸਕੀਮਾਂ ਵਿਚ ਅਨੁਸੂਚਿਤ ਜਾਤਾਂ ਦੇ ਰਾਖਵੇਂਕਰਨ ਨੂੰ 15% ਤੋਂ ਵਧਾ ਕੇ 30% ਕਰ ਦਿੱਤਾ ਹੈ।ਕਾਂਗਰਸ ਪਾਰਟੀ ਦੇ ਮੈਨੀਫੈਸਟੋ ਦਾ ਹਿੱਸਾ ਸੀ ਕਿ ਗਰੀਬ ਪਰਿਵਾਰਾਂ ਨੂੰ ਸ਼ਹਿਰਾਂ ਅਤੇ ਗ੍ਰਾਮੀਣ ਇਲਾਕਿਆਂ ਵਿੱਚ ਮੁਫਤ ਮਕਾਨ ਬਣਾ ਕੇ ਦੇਣੇ ਹਨ, ਇਸ ਲਈ 50 ਕਰੋੜ ਰੁਪਿਆ ਰੱਖਿਆ ਗਿਆ ਹੈ।

**ਨਵੇਂ ਅਰਬਨ ਅਸਟੇਟਸ**

105. ਸਾਡੀ ਸਰਕਾਰ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸਮੇਤ ਰਾਜ ਵਿਚ ਵੱਖ ਵੱਖ ਸਥਾਨਾਂ ਤੇ ਨਵੇਂ ਰਿਹਾਇਸ਼ੀ ਅਰਬਨ ਅਸਟੇਟ ਅਤੇ ਇੰਡਸਟ੍ਰੀਅਲ ਅਸਟੇਟ ਦਾ ਵਿਕਾਸ ਸ਼ੁਰੂ ਕਰੇਗੀ ਅਤੇ ਨਾਲ ਹੀ ਚਲ ਰਹੇ ਪ੍ਰਾਜੈਕਟਾਂ ਨੂੰ ਛੇਤੀ ਨਿਬੇੜੇਗੀ। ਰਾਜ ਵਿਚ ਓ.ਯੂ.ਵੀ.ਜੀ.ਐੱਲ ਕਾਰਜਾਂ ਅਤੇ ਪੁੱਡਾ ਅਤੇ ਹੋਰ ਵਿਕਾਸ ਅਥਾਰਿਟੀਆਂ ਵਲੋਂ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਅਰਬਨ ਅਸਟੇਟ ਦੇ ਵਿਕਾਸ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਉੱਤੇ 2020 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ।

**ਸਥਾਨਕ ਸਰਕਾਰ**

106. ਲੋਕਲ ਗੌਰਮਿੰਟ ਡਿਪਾਰਟਮੈਂਟ ਮੇਰੇ ਛੋਟੇ ਭਰਾ ਨਵਜੋਤ ਸਿੰਘ ਸਿੱਧੂ ਜੀ ਦਾ ਹੈ। ਪਿਛਲੇ ਸਾਲ 2266 ਕਰੋੜ ਰੁਪਿਆ ਇਸ ਡਿਪਾਰਟਮੈਂਟ ਵਾਸਤੇ ਰੱਖਿਆ ਗਿਆ ਸੀ ਪਰ ਇਨ੍ਹਾਂ ਦੀ ਦਲੀਲ ਅਤੇ ਅੰਦਾਜ਼ੇ ਬਿਆਨ ਇੰਨਾ ਦਿਲਚਸਪ ਹੈ, ਦਲੀਲ ਇੰਨੀ ਤਕੜੀ ਹੈ ਜਿਸ ਨੂੰ ਦੇਖਦੇ ਹੋਏ ਇਨ੍ਹਾਂ ਦਾ ਬਜਟ ਪਿਛਲੇ ਸਾਲ ਨਾਲੋਂ ਦੁੱਗਣਾ ਕਰ ਦਿੱਤਾ ਗਿਆ ਹੈ। (ਥੰਪਿੰਗ)

(ਇਸ ਸਮੇਂ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਨੇ ਉਠ ਕੇ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਨੂੰ ਗਲਵੱਕੜੀ ਵਿਚ ਲਿਆ।)

ਸ਼ਹਿਰੀ ਖੇਤਰ ਲਈ ਲਾਗਤ 2268.18 ਕਰੋੜ ਰੁਪਏ ਤੋਂ ਵਧਾ ਕੇ 4610.59 ਕਰੋੜ ਰੁਪਏ ਕਰ ਦਿੱਤੀ ਗਈ ਹੈ ਜੋ ਕਿ ਪਿਛਲੇ ਸਾਲ ਤੋਂ 103.27% ਦਾ ਵਾਧਾ ਹੈ। ਇਸ ਵਿਚ ਸਮਾਰਟ ਸਿਟੀ ਪ੍ਰੋਗਰਾਮ, ਅਮਰੁਤ, ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ ਅਤੇ ਸਵੱਛ ਭਾਰਤ ਮਿਸ਼ਨ ਦੇ ਪ੍ਰੋਗਰਾਮ ਸ਼ਾਮਲ ਹਨ। ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਪੀਣ ਦੇ ਮੰਤਵਾਂ ਲਈ ਜ਼ਮੀਨੀ ਪਾਣੀ ਮੁਹੱਈਆ ਕਰਵਾਉਣ ਲਈ ਪ੍ਰਾਜੈਕਟ ਤਜਵੀਜ਼ਾਂ ਤਿਆਰ ਕੀਤੀਆਂ ਗਈਆਂ ਹਨ। ਮਾਰਚ, 2019 ਤੱਕ ਸਾਰੇ ਮਿਉਂਸਿਪਲ ਕਸਬਿਆਂ/ ਖੇਤਰਾਂ ਨੂੰ ਖੁੱਲ੍ਹੇ ਵਿਚ ਸ਼ੌਚ ਤੋਂ ਮੁਕਤ ਬਣਾਇਆ ਜਾਵੇਗਾ।ਇਸ ਮੰਤਵ ਲਈ 117645 ਵਿਅਕਤੀਗਤ ਘਰੇਲੂ ਪਖ਼ਾਨੇ ਬਣਾਏ ਜਾਣਗੇ । ਅਗਲੇ ਪੰਜ ਸਾਲਾਂ ਦੌਰਾਨ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਦੇ ਚਾਰ ਸ਼ਹਿਰਾਂ ਨੂੰ " ਸਮਾਰਟ ਸਿਟੀਜ਼" ਵਜੋਂ ਵਿਕਸਤ ਕੀਤਾ ਜਾਵੇਗਾ।

107. ਵਿਭਾਗ ਵੱਡੇ ਨਾਗਰਿਕ ਕੇਂਦਰਤ ਸੁਧਾਰ ਕਰਨ ਦੀ ਤਜਵੀਜ਼ ਕਰਦਾ ਹੈ। ਭੂਮੀ ਵਰਤੋਂ ਦੀ ਤਬਦੀਲੀ ਲਈ ਪ੍ਰਕਿਰਿਆ ਅਤੇ ਉਸਾਰੀ ਯੋਜਨਾ ਨੂੰ ਸਰਲ ਕੀਤਾ ਜਾਵੇਗਾ। "ਇਕ ਪ੍ਰਵਾਨਗੀ ਇਕ ਫੀਸ" ਦਾ ਅਨੁਸਰਣ ਕੀਤਾ ਜਾਵੇਗਾ। ਲਾਈਟਿੰਗ ਉੱਤੇ ਸਥਾਨਕ ਸੰਸਥਾਵਾਂ ਦੇ ਖ਼ਰਚ ਨੂੰ ਘਟਾਉਣ ਲਈ ਮਿਉਂਸਿਪਲ ਸ਼ਹਿਰਾਂ ਵਿਚ ਐੱਲ ਈ ਡੀ ਲਾਈਟਾਂ ਮੁਹੱਈਆ ਕੀਤੀਆਂ ਜਾਣਗੀਆਂ। ਸ਼ਹਿਰੀ ਖੇਤਰਾਂ ਵਿਚ ਉਚਿਤ ਪਾਰਕਿੰਗ ਸਥਾਨ ਬਣਾਏ ਜਾਣਗੇ। ਉਚਿਤ ਪਾਰਕਿੰਗ ਸਥਾਨਾਂ ਲਈ ਪ੍ਰਬੰਧ ਕਰਨ ਲਈ ਇਮਾਰਤ ਉਪਨਿਯਮਾਂ ਵਿਚ ਲੋੜੀਂਦੇ ਉਪਬੰਧ ਕੀਤੇ ਜਾਣਗੇ। ਤੰਗ ਸਥਾਨਾਂ ਤੇ ਬਹੁ-ਮੰਜ਼ਲੀ ਪਾਰਕਿੰਗ ਬਣਾਉਣ ਉਤੇ ਵਿਚਾਰ ਕੀਤਾ ਜਾਵੇਗਾ। ਇਮਾਰਤ ਉਪ-ਨਿਯਮ ਵਿਚ ਸੋਧ ਵੀ ਉਨ੍ਹਾਂ ਨੂੰ ਨਾਗਰਿਕ ਹਿਤੈਸ਼ੀ ਬਣਾਉਣ ਲਈ ਕੀਤੀ ਜਾਵੇਗੀ।

**ਪੇਂਡੂ ਵਿਕਾਸ**

108. ਪੇਂਡੂ ਰੁਜ਼ਗਾਰ ਮੌਕਿਆਂ ਦੀ ਸਿਰਜਣਾ ਅਤੇ ਬੁਨਿਆਦੀ ਸਹੂਲਤਾਂ ਦੇ ਪ੍ਰਬੰਧ ਕਰਕੇ ਰਾਜ ਸਰਕਾਰ ਪਿੰਡਾਂ ਵਿਚ ਰਹਿਣ ਵਾਲਿਆਂ ਦੇ ਸਰਬਪੱਖੀ ਵਿਕਾਸ ਲਈ ਪ੍ਰਤੀਬੱਧ ਹੈ। ਸਾਲ 2017-18 ਲਈ "ਪੇਂਡੂ ਵਿਕਾਸ ਅਤੇ ਪੰਚਾਇਤਾਂ" ਲਈ 686.83 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ। ਰਾਜ ਸਰਕਾਰ ਸਾਰੇ ਜ਼ਿਲ੍ਹਿਆਂ ਵਿਚ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਸਕੀਮ (ਮਨਰੇਗਾ) ਸਫਲਤਾਪੂਰਵਕ ਲਾਗੂ ਕਰ ਰਹੀ ਹੈ ਅਤੇ ਮਨਰੇਗਾ ਅਧੀਨ ਵਿੱਤੀ ਸਾਲ 2017-18 ਲਈ 313.23 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ।

109. ਸਾਲ 2017-18 ਵਿਚ ਪ੍ਰਧਾਨ ਮੰਤਰੀ ਅਵਾਸ ਯੋਜਨਾ ਸਕੀਮ ਲਈ 208.33 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ।

110. ਸ਼ਿਆਮਾ ਪ੍ਰਸ਼ਾਦ ਮੁਖਰਜੀ ਅਰਬਨ ਮਿਸ਼ਨ ਲਈ ਸਾਲ 2017-18 ਲਈ 19.75 ਕਰੋੜ ਰੁਪਏ ਦਾ ਬਜਟੀ ਰਾਖਵਾਂਕਰਨ ਕੀਤਾ ਗਿਆ ਹੈ।

111. "ਕੌਮੀ ਪੇਂਡੂ ਉਪਜੀਵਕਾ ਮਿਸ਼ਨ" (ਐੱਨ ਆਰ ਐੱਲ ਐੱਮ) ਤਹਿਤ ਸਾਲ 2017-18 ਲਈ 9.55 ਕਰੋੜ ਰੁਪਏ ਦੀ ਰਕਮ ਮੁਹੱਈਆ ਕਰਵਾਈ ਗਈ ਹੈ।

112. "ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ" ਦਾ ਮੁੱਖ ਮੰਤਵ ਭੂਮੀ ਦੇ ਕੁਦਰਤੀ ਸੋਮਿਆਂ ਜਿਵੇਂ ਮਿੱਟੀ, ਪਾਣੀ, ਬਨਸਪਤੀ ਦੀ ਸੁਰੱਖਿਆ ਅਤੇ ਵਿਕਾਸ ਅਤੇ ਫਸਲ ਦੀ ਪੈਦਾਵਾਰ ਲਈ ਇਨ੍ਹਾਂ ਦੀ ਉਚਿਤ ਵਰਤੋਂ ਕਰਨਾ ਅਤੇ ਪਿੰਡ ਪੱਧਰ ਤੇ ਬੇਜ਼ਮੀਨੇ ਭਾਈਚਾਰੇ ਲਈ ਉਪਜੀਵਕਾ ਦੇ ਮੌਕਿਆਂ ਵਿਚ ਵਾਧਾ ਕਰਨਾ ਹੈ। ਸਾਲ 2017-18 ਲਈ 74600 ਹੈਕਟੇਅਰ ਭੂਮੀ ਦੇ ਸੁਧਾਰ ਲਈ 52.74 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ।

113. ਸਾਲ 2017-18 ਲਈ ਪੇਂਡੂ ਵਿਕਾਸ ਵਿਚ ਹੋਰ ਮਖ਼ਸੂਸੀਆਂ ਹੇਠਾਂ ਅਨੁਸਾਰ ਹਨ:-

- 9.19 ਕਰੋੜ ਰੁਪਏ : ਪਿੰਡਾਂ ਵਿਚ ਸ਼ਮਸ਼ਾਨ ਭੂਮੀਆਂ ਦੀ ਉਸਾਰੀ
- 28.15 ਕਰੋੜ ਰੁਪਏ : ਪੇਂਡੂ ਇਲਾਕਿਆਂ ਵਿਚ ਪਖ਼ਾਨਿਆਂ ਦੀ ਉਸਾਰੀ
- 10.84 ਕਰੋੜ ਰੁਪਏ: ਬੁਨਿਆਦੀ ਸਹੂਲਤਾਂ ਲਈ/ਕਬਰਿਸਤਾਨ ਲਈ ਜ਼ਮੀਨ ਦੀ ਖਰੀਦ/ ਈਸਾਈ ਅਤੇ ਮੁਸਲਿਮ ਭਾਈਚਾਰੇ ਲਈ ਕਬਰਿਸਤਾਨ

**ਪੇਂਡੂ ਇਲਾਕਿਆਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਮਹੱਤਵਪੂਰਨ ਤਬਦੀਲੀ**

114. ਸਰਕਾਰ ਮਹਿਜ਼ ਬੁਨਿਆਦੀ ਢਾਂਚੇ ਵਿਚ ਵਿੱਤੀ ਨਿਵੇਸ਼ ਕਰਨ ਦੀ ਥਾਂ ਕਮਜ਼ੋਰ ਵਰਗਾਂ ਅਤੇ ਬੇਆਸਰਿਆਂ ਨੂੰ ਵਿਸ਼ੇਸ਼ ਤਵੱਜੋਂ ਦਿੰਦੇ ਹੋਏ ਜ਼ਮੀਨੀ ਆਧਾਰ ਤੇ ਯੋਜਨਾਬੰਦੀ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਅਤੇ ਲਾਭਮੁੱਖੀ ਪਹੁੰਚ ਦੇ ਆਧਾਰ ਤੇ ਪੇਂਡੂ ਇਲਾਕਿਆਂ ਵਿਚ ਬੁਨਿਆਦੀ ਢਾਂਚੇ ਨੂੰ ਸਿਖਰ ਤੋਂ ਹੇਠਾਂ ਤੱਕ ਵਿਕਸਿਤ ਕੀਤੇ ਜਾਣ ਤੇ ਧਿਆਨ ਕੇਂਦਰਿਤ ਕਰੇਗੀ। ਅੰਨਤੋਦਿਆ ਸਿਧਾਂਤ ਦੇ ਆਧਾਰ ਤੇ ਪਿਛਲੇ ਸਮੇਂ ਵਿਚ ਨਜ਼ਰਅੰਦਾਜ਼ ਹੋਏ ਪੇਂਡੂ ਇਲਾਕਿਆਂ ਵਿਚ ਰਹਿ ਰਹੇ ਸਮੂਹ ਕਮਜ਼ੋਰ ਵਰਗਾਂ ਅਤੇ ਬੇਸਹਾਰਿਆਂ ਨੂੰ ਇਕ ਨਵੀਂ ਸਕੀਮ, ਪੇਂਡੂ ਸਰਵ ਜਨ ਹਿਤਕਾਰੀ ਯੋਜਨਾ ਨੂੰ ਆਰੰਭ ਕਰਕੇ ਵੱਖ ਵੱਖ ਵਿਭਾਗਾਂ ਵਲੋਂ ਲਾਗੂ ਕੀਤੀਆਂ ਗਈਆਂ ਮੌਜੂਦਾ ਸਕੀਮਾਂ/ਪ੍ਰੋਗਰਾਮਾਂ ਨੂੰ ਇਕ ਜੁੱਟ ਕਰਦੇ ਹੋਏ ਸਹਾਇਤਾ ਦਿੱਤੀ ਜਾਵੇਗੀ। ਰਾਜ ਦੀਆਂ ਸਮੁੱਚੀਆਂ 13000 ਪੰਚਾਇਤਾਂ ਵਲੋਂ ਜ਼ਮੀਨੀ ਪੱਧਰ ਯੋਜਨਾਬੰਦੀ ਦੇ ਆਧਾਰ ਤੇ ਗਰਾਮ ਪੰਚਾਇਤ ਵਿਕਾਸ ਯੋਜਨਾ ਦੀ ਤਿਆਰੀ ਵਿਚ ਯਕੀਨੀ ਬਣਾਵੇਗੀ ਕਿ 14ਵੇਂ ਵਿੱਤ ਕਮਿਸ਼ਨ ਵਲੋਂ ਪੇਂਡੂ ਇਲਾਕਿਆਂ ਲਈ ਉਪਲਬਧ ਕਰਵਾਏ ਜਾਣ ਵਾਲੇ ਵੱਖ-ਵੱਖ ਫੰਡਾਂ ਦੀ ਸਹਾਇਤਾ ਨਾਲ ਬੁਨਿਆਦੀ ਢਾਂਚਾ ਕਾਰਜਾਂ ਲਈ, ਜਿਸ ਵਾਸਤੇ ਪੇਂਡੂ ਇਲਾਕਿਆਂ ਵਿਚ ਨੇੜਲੇ ਭਵਿੱਖ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ 1103 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਣੀ ਹੈ। ਉਸਦਾ ਪ੍ਰਯੋਗ ਜ਼ਮੀਨੀ ਪੱਧਰ ਤੇ ਲੋੜ ਅਨੁਸਾਰ ਹੀ ਹੋਵੇਗਾ।

**ਜਲ ਸਪਲਾਈ ਅਤੇ ਸਵੱਛਤਾ**

**ਸਵੱਛ ਪੰਜਾਬ, ਸਵੱਸਥ ਪੰਜਾਬ**

115. ਪੰਜਾਬ ਸਰਕਾਰ ਨੇ ਪਿੰਡਾਂ ਵਿਚ ਸਭ ਘਰਾਂ ਵਿਚ ਨਵੀਂ ਸਾਫ ਅਤੇ ਸੁਰੱਖਿਅਤ ਜਲ ਸਪਲਾਈ, ਖੁੱਲ੍ਹੇ ਵਿਚ ਸ਼ੌਚ ਤੋਂ ਮੁਕਤੀ ਨੂੰ ਯਕੀਨੀ ਬਣਾਉਂਦਿਆਂ, ਸਾਫ ਅਤੇ ਸਿਹਤਮੰਦ ਰਾਜ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਰਾਜ ਦੇ ਪੇਂਡੂ ਇਲਾਕਿਆਂ ਵਿਚ "ਸਵੱਛ ਪੰਜਾਬ ਸਵੱਸਥ ਪੰਜਾਬ" ਮਿਸ਼ਨ ਆਰੰਭ ਕੀਤਾ ਗਿਆ ਹੈ।

116. ਰਾਜ ਸਰਕਾਰ ਪਿੰਡ ਦੇ ਹਰ ਘਰ ਵਿਚ ਜਲ ਸਪਲਾਈ ਦੇ ਘੰਟਿਆਂ ਨੂੰ ਵਧਾਉਣ ਅਤੇ 100% ਪਾਈਪ ਰਾਹੀਂ ਜਲ ਸਪਲਾਈ ਤੇ ਧਿਆਨ ਕੇਂਦਰਿਤ ਕਰਦੇ ਹੋਏ ਪੇਂਡੂ ਜਲ ਸਪਲਾਈ ਖੇਤਰ ਦੀ ਨੁਹਾਰ ਬਦਲਣ ਤੇ ਜ਼ੋਰ ਦੇ ਰਹੀ ਹੈ। ਇਸ ਦੀ ਪਾਲਣਾ ਕਰਦਿਆਂ ਰਾਜ ਸਰਕਾਰ ਨੇ ਮਾਰਚ, 2019 ਤੱਕ ਹਰ ਘਰ ਵਿਚ ਪਾਈਪ ਰਾਹੀਂ ਪਾਣੀ ਦਾ ਕੁਨੈਕਸ਼ਨ ਉਪਲੱਬਧ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਵਰਲਡ ਬੈਂਕ ਤੋਂ ਸਹਾਇਤਾ ਪ੍ਰਾਪਤ ਪੰਜਾਬ ਪੇਂਡੂ ਜਲ ਅਤੇ ਸਵੱਛਤਾ ਸੁਧਾਰ ਪ੍ਰਾਜੈਕਟ ਅਧੀਨ ਸਾਲ 2017-18 ਲਈ 450 ਕਰੋੜ ਰੁਪਏ ਦੀ ਵਧਾਈ ਗਈ ਰਕਮ ਦੀ ਤਜਵੀਜ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਰਾਸ਼ਟਰੀ ਪੇਂਡੂ ਪੀਣ ਯੋਗ ਜਲ ਪ੍ਰੋਗਰਾਮ ਅਧੀਨ ਸਾਲ 2017-18 ਲਈ 50 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕੀਤੀ ਗਈ ਹੈ।

117. ਪੰਜਾਬ ਦੇ ਵੱਖ ਵੱਖ ਪਿੰਡਾਂ ਦੀਆਂ ਆਬਾਦੀਆਂ ਪਾਣੀ ਦੀ ਗੁਣਵੱਤਾ ਨਾਲ ਜੁੜੇ

ਮੁੱਦਿਆਂ ਦਾ ਸਾਹਮਣਾ ਕਰ ਰਹੀਆਂ ਹਨ। ਸੁਰੱਖਿਅਤ ਪੀਣਯੋਗ ਜਲ ਅਤੇ ਭੋਜਨ ਪਕਾਉਣ ਲਈ ਲੋੜੀਂਦੇ ਘੱਟੋ ਘੱਟ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਸਾਲ 2017-18 ਵਿਚ ਨਾਬਾਰਡ ਪ੍ਰਾਜੈਕਟ ਅਧੀਨ 33 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਾਣੀ ਗੁਣਵੱਤਾ ਨਾਲ ਪ੍ਰਭਾਵਿਤ ਆਬਾਦੀਆਂ ਵਿਚ 275 ਨਵੇਂ ਆਰ.ਓ. ਪਲਾਂਟ ਲਗਵਾਉਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ, ਸਾਲ 2017-18 ਵਿਚ 429 ਜਲ ਪ੍ਰਭਾਵਿਤ ਆਬਾਦੀਆਂ ਵਿਚ ਜਲ ਸ਼ੁਧੀਕਰਣ ਪਲਾਂਟ ਸਥਾਪਿਤ ਕਰਨ ਲਈ 39.35 ਕਰੋੜ ਰੁਪਏ ਦੀ ਤਜਵੀਜ਼ ਕੀਤੀ ਗਈ ਹੈ ਜਿਸ ਵਿਚੋਂ 175 ਖੇਤਰ ਸ਼ੋਰੇ ਤੋਂ ਅਤੇ 254 ਫਲੋਰਾਈਡ ਦੇ ਗੰਧਲੇਪਣ ਤੋਂ ਪ੍ਰਭਾਵਿਤ ਹਨ।

118. ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਖੁੱਲ੍ਹੇ ਵਿਚ ਸ਼ੌਚ ਸਿਹਤ ਲਈ ਗੰਭੀਰ ਸੰਕਟ ਪੈਦਾ ਕਰਦਾ ਹੈ ਜਿਸ ਕਰਕੇ ਖੁੱਲ੍ਹੇ ਵਿਚ ਸ਼ੌਚ ਜਾਣ ਵਾਲੇ ਬੱਚਿਆਂ ਵਿਚ ਕੁਪੋਸ਼ਣ ਅਤੇ ਇਸਤਰੀਆਂ ਨੂੰ ਸ਼ਰਮ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਰਾਜ ਸਰਕਾਰ ਨੇ ਦਸੰਬਰ, 2017 ਤੱਕ ਰਾਜ ਦੇ ਸਮੂਹ ਪੇਂਡੂ ਇਲਾਕਿਆਂ ਵਿਚ ਇਸ ਬੁਰਾਈ ਨੂੰ ਜੜ੍ਹੋਂ ਮਿਟਾਉਣ ਦਾ ਫ਼ੈਸਲਾ ਕੀਤਾ ਹੈ। ਮੈਂ ਸਾਲ 2017-18 ਵਿਚ ਰਾਜ ਦੇ ਬਾਕੀ ਬਚਦੇ 13 ਜ਼ਿਲ੍ਹਿਆਂ ਦੇ ਪੇਂਡੂ ਇਲਾਕਿਆਂ ਨੂੰ ਖੁੱਲ੍ਹੇ ਵਿਚ ਸ਼ੌਚ ਤੋਂ ਮੁਕਤ ਕਰਵਾਉਣ ਲਈ ਸਵੱਛ ਭਾਰਤ ਅਭਿਆਨ (ਗ੍ਰਾਮੀਣ) ਤਹਿਤ 300 ਕਰੋੜ ਰੁਪਏ ਹੋਰ ਦਿੱਤੇ ਜਾਣ ਦੀ ਤਜਵੀਜ਼ ਰੱਖਦਾ ਹਾਂ।

ਇਹ ਫੈਸਲਾ ਕੀਤਾ ਗਿਆ ਹੈ ਕਿ 100% ਮਕਾਨਾਂ ਵਿੱਚ ਪਾਈਪ ਦੇ ਜ਼ਰੀਏ ਡਰਿੰਕਿੰਗ ਵਾਟਰ ਦਿੱਤਾ ਜਾਵੇਗਾ ਅਤੇ ਨਵੇਂ 600 ਆਰ.ਓ. ਸਿਸਟਮ ਪੰਜਾਬ ਵਿਚ ਲਗਾਏ ਜਾਣਗੇ। ਸਪੀਕਰ ਸਾਹਿਬ, ਲੋਕਾਂ ਕੋਲ ਟੋਆਲਿਟਸ ਨਹੀਂ ਹਨ ਜੋ ਕਿ ਸਾਡੇ ਵਾਸਤੇ ਸ਼ਰਮ ਦੀ ਗੱਲ ਹੈ। ਇੱਕ ਵੀ ਮਕਾਨ ਤੇ ਪਰਿਵਾਰ ਐਸਾ ਨਹੀਂ ਹੋਵੇਗਾ ਜਿਸ ਕੋਲ ਟੋਆਲਿਟ ਨਹੀਂ ਹੋਵੇਗਾ।

119. ਰਾਜ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਅੰਤਰਗਤ 12000 ਰੁਪਏ ਅਤੇ ਇਸ ਤੋਂ ਇਲਾਵਾ ਰਾਜ ਦੇ ਸਰੋਤਾਂ ਵਿਚੋਂ ਖੁੱਲ੍ਹੇ ਵਿੱਚ ਸ਼ੌਚ ਨੂੰ ਰੋਕਣ, ਪੇਂਡੂ ਇਲਾਕਿਆਂ ਵਿਚ ਹਰੇਕ ਘਰ ਵਿਚ ਆਪਣੀ ਮਰਜ਼ੀ ਦਾ ਸ਼ੌਚਾਲਿਆ ਬਣਾਉਣ ਲਈ 3000 ਰੁਪਏ ਦਾ ਵਾਧੂ ਲਾਭ ਦਿੱਤਾ ਜਾਂਦਾ ਹੈ।

120. ਸਾਡੀ ਇਸ ਸਰਕਾਰ ਵਲੋਂ ਲੋਕਾਂ ਨੂੰ ਇਨ੍ਹਾਂ ਬੁਨਿਆਦੀ ਸਹੂਲਤਾਂ ਦੀ ਪੂਰਤੀ ਨੂੰ ਦਿੱਤੀ ਜਾਣ ਵਾਲੀ ਮਹੱਤਤਾ ਇਸ ਤੱਥ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਮੈਂ ਇਸ ਵਿਭਾਗ ਲਈ 873.35 ਕਰੋੜ ਰੁਪਏ ਮਖਸੂਸ ਕੀਤੇ ਜਾਣ ਦੀ ਤਜਵੀਜ਼ ਕੀਤੀ ਹੈ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 116.70% ਦਾ ਵਾਧਾ ਹੈ।

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

**ਵਿਗਿਆਨ ਅਤੇ ਤਕਨਾਲੋਜੀ**

121. ਝੋਨੇ ਦੀ ਫਸਲ ਦੀ ਕਟਾਈ ਉਪਰੰਤ ਅਗਲੀ ਫਸਲ ਲਈ ਜ਼ਮੀਨ ਨੂੰ ਵਾਹੁਣ ਲਈ ਪਰਾਲੀ ਤੋਂ ਨਿਪਟਾਰਾ ਇਕ ਵੱਡੀ ਸਮੱਸਿਆ ਹੈ। ਕੁਝ ਕਿਸਾਨ ਆਪਣੇ ਖੇਤਾਂ ਵਿਚ ਪਰਾਲੀ ਨੂੰ ਅੱਗ ਲਗਾ ਦਿੰਦੇ ਹਨ ਜਿਸ ਨਾਲ ਧੂੰਆਂ ਪ੍ਰਦੂਸ਼ਣ ਉੱਚ ਪੱਧਰ ਤੇ ਪਹੁੰਚ ਜਾਂਦਾ ਹੈ ਅਤੇ ਸਿਹਤ ਸਬੰਧੀ ਵਾਤਾਵਰਣ ਸਮੱਸਿਆਵਾਂ ਪੈਦਾ ਕਰਦਾ ਹੈ। ਇਸ ਸਮੱਸਿਆ ਨਾਲ ਨਿਪਟਣ ਲਈ ਰਾਜ ਸਰਕਾਰ ਪਰਾਲੀ ਨੂੰ ਜਲਾਉਣ ਤੋਂ ਰੋਕਣ ਲਈ ਦੋ ਪਹਿਕਦਮੀਆਂ ਦੀ ਤਜਵੀਜ਼ ਰੱਖਦੀ ਹੈ। ਸਾਲ 2017-18 ਲਈ ਹੇਠ ਦਰਜ ਨਵੀਆਂ ਸਕੀਮਾਂ ਦੀ ਤਜਵੀਜ਼ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਪਰਾਲੀ ਨਿਪਟਾਰਾ ਚੁਣੌਤੀ ਫੰਡ**

122. ਪੰਜਾਬ ਵਿਚ ਹਰ ਸਾਲ 20 ਮਿਲੀਅਨ ਟਨ ਪਰਾਲੀ ਦੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ।ਇਸ ਵਿਚੋਂ ਲਗਭਗ 4 ਮਿਲੀਅਨ ਟਨ ਪਰਾਲੀ ਵਿਕਲਪ 3 ਵਿਧੀਆਂ ਰਾਹੀਂ ਵਰਤੋਂ ਵਿਚ ਲਿਆਂਦੀ ਜਾਂਦੀ ਹੈ ਜਿਵੇਂ ਕਿ ਬਾਇਓ ਗੈਸ ਪਲਾਂਟਾਂ, ਇੱਟਾਂ ਵਾਲੇ ਭੱਠਿਆਂ ਅਤੇ ਬੁਆਇਲਰ ਭੱਠੀਆਂ ਆਦਿ ਵਿਚ ਬਾਲਣ ਵਜੋਂ ਵਰਤੀ ਜਾਂਦੀ ਹੈ। ਇਸ ਖੇਤਰ ਵਿਚ ਨਵੀਨੀਕਰਣ ਦੀ ਤਰੱਕੀ ਲਈ ਅਤੇ ਨਵੀਆਂ ਤਕਨਾਲੋਜੀਆਂ ਦੀ ਸ਼ਨਾਖਤ ਲਈ ਨਵੀਨੀਕਰਣ ਵਾਸਤੇ ਪੈਡੀ ਸਟਰਾਅ ਮੈਨੇਜਮੈਂਟ ਚੈਲੇਂਜ ਫੰਡ ਲਈ 5 ਕਰੋੜ ਰੁਪਏ ਰਾਖਵੇਂ ਕੀਤੇ ਜਾ ਰਹੇ ਹਨ।

ਸਪੀਕਰ ਸਾਹਿਬ, ਇੱਕ ਇੰਟਰਨੈਸ਼ਨਲ ਚੈਲੰਜ ਫੰਡ ਤਿਆਰ ਕੀਤਾ ਹੈ ਕਿ ਦੁਨੀਆਂ ਦਾ ਕੋਈ ਵੀ ਵਿਅਕਤੀ ਜੇ ਪਰਾਲੀ ਦਾ ਹੱਲ ਲੱਭ ਲਵੇ ਕਿ ਇਹ 15 ਦਿਨਾਂ ਦੇ ਅੰਦਰ ਅੰਦਰ ਖੇਤ ਵਿਚ ਹੀ ਗਲ ਜਾਵੇ ਤਾਂ 5 ਕਰੋੜ ਰੁਪਏ ਦਾ ਇਨਾਮ ਇੰਟਰਨੈਸ਼ਨਲ ਪੈਡੀ ਸਟਰਾਅ ਮੈਨੇਜਮੈਂਟ ਚੈਲੰਜ ਫੰਡ ਵਿੱਚ ਰੱਖ ਲਿਆ ਗਿਆ ਹੈ। (ਥੰਪਿੰਗ)

**ਝੋਨੇ ਦੀ ਪਰਾਲੀ ਨਾ ਸਾੜਨ ਤੇ ਗ੍ਰਾਮ ਪੰਚਾਇਤ ਨੂੰ ਪ੍ਰੋਤਸਾਹਨ**

123. ਜਦੋਂ ਤੱਕ ਪਰਾਲੀ ਦੇ ਨਿਪਟਾਰੇ ਲਈ ਕੋਈ ਬਦਲਵੇ ਪ੍ਰਬੰਧ ਸਾਹਮਣੇ ਨਹੀਂ ਆਉਂਦੇ ਉਦੋਂ ਤੱਕ ਝੋਨੇ ਦੀ ਰਹਿੰਦ ਖੂੰਹਦ ਤੋਂ ਨਿਪਟਣ ਦਾ ਸਭ ਤੋਂ ਵਧੀਆ ਢੰਗ ਇਸ ਦਾ ਨਿਪਟਾਰਾ ਸਥਿਤੀ ਅਨੁਸਾਰ ਕਰਨਾ ਹੋਵੇਗਾ। ਪਰਾਲੀ ਨੂੰ ਜਲਾਉਣ ਤੋਂ ਰੋਕਣ ਲਈ ਗਰਾਮ ਪੰਚਾਇਤਾਂ ਨੂੰ ਪ੍ਰੇਰਿਤ, ਉਤਸ਼ਾਹਿਤ ਅਤੇ ਪੁਰਸਕ੍ਰਿਤ ਕਰਨ ਲਈ ਮੈਂ ਸਾਲ 2017-18 ਲਈ 20 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੇ ਜਾਣ ਦੀ ਤਜਵੀਜ਼ ਕਰਦਾ ਹਾਂ।

---

** Not recorded as ordered by the Chair.

**ਵਣ ਅਤੇ ਜੰਗਲੀ ਜੀਵ**

124. ਸਰਕਾਰ ਨੇ 2017-18 ਦੌਰਾਨ ਲੱਗਭਗ 8000 ਹੈਕਟੇਅਰ ਦੇ ਰਕਬੇ ਤੇ ਰੁੱਖ ਲਗਾਉਣ ਦੀ ਮੁਹਿੰਮ ਆਰੰਭ ਕੀਤੀ ਹੈ। ਵਣ, ਜੰਗਲੀ ਜੀਵਾਂ ਅਤੇ ਵਾਤਾਵਰਣ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮੱਤੇਵਾੜਾ ਲੁਧਿਆਣਾ ਵਿਖੇ ਇਕ ਨੇਚਰ ਪਾਰਕ ਸਥਾਪਿਤ ਕੀਤਾ ਜਾ ਰਿਹਾ ਹੈ।

**ਟਰਾਂਸਪੋਰਟ**

125. ਟਰਾਂਸਪੋਰਟ ਵਿਭਾਗ ਛੇਤੀ ਹੀ ਇਲੈਕਟਰਿਕ ਵਾਹਨਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਇਕ ਨੀਤੀ ਬਣਾਏਗਾ। ਇਹ ਲੋਕਾਂ ਨੂੰ ਇਹ ਘੱਟ ਪ੍ਰਦੂਸ਼ਣ ਵਾਹਨਾਂ ਦੇ ਪ੍ਰਯੋਗ ਨੂੰ ਉਤਸ਼ਾਹਿਤ ਕਰੇਗੀ। ਸਮੇਂ ਦੇ ਨਾਲ ਇਹ ਨਾ ਕੇਵਲ ਰਾਜ ਦੇ ਮਾਲੀਏ ਵਿਚ ਵਾਧਾ ਕਰੇਗੀ ਸਗੋਂ ਰਾਜ ਵਿਚ ਪ੍ਰਦੂਸ਼ਣ ਨੂੰ ਵੀ ਘਟਾਏਗੀ।

**ਸਿੰਜਾਈ ਅਤੇ ਬਿਜਲੀ**

126. ਪੰਜਾਬ ਵਿਚ ਸਿੰਜਾਈ ਖੇਤੀਬਾੜੀ ਦੀ ਜੀਵਨ ਰੇਖਾ ਹੈ ਪਰ ਨਹਿਰੀ ਸਿੰਜਾਈ ਦੀ ਘਾਟ ਕਾਰਨ ਜ਼ਮੀਨਦੋਜ਼ ਪਾਣੀ ਦਾ ਵੱਧ ਪ੍ਰਯੋਗ ਹੁੰਦਾ ਹੈ ਜਿਸ ਕਾਰਨ ਜ਼ਮੀਨਦੋਜ਼ ਪਾਣੀ ਦੇ ਸ੍ਰੋਤ ਵਿਚ ਕਮੀ ਅਤੇ ਮਿੱਟੀ ਦੀ ਗੁਣਵੱਤਾ ਵਿਚ ਗਿਰਾਵਟ ਆਈ ਹੈ।

127. ਨਹਿਰੀ ਨੈੱਟਵਰਕ ਦੀ ਪੁਨਰ ਸੁਰਜੀਤੀ ਅਤੇ ਪੁਨਰ ਨਿਰਮਾਣ ਰਾਜ ਸਰਕਾਰ ਲਈ ਜ਼ੋਰ ਦੇਣ ਵਾਲਾ ਖੇਤਰ ਹੋਵੇਗਾ। ਰਾਜ ਵਿਚ ਨਹਿਰੀ ਪ੍ਰਣਾਲੀ ਦੇ ਵਿਸਥਾਰ, ਮੁਰੰਮਤ ਅਤੇ ਆਧੁਨਿਕੀਕਰਣ ਲਈ ਇਕ 4128.43 ਕਰੋੜ ਰੁਪਏ ਦਾ ਸੰਯੁਕਤ ਪ੍ਰਾਜੈਕਟ ਪ੍ਰਵਾਨਗੀ ਅਤੇ ਫੰਡਾਂ ਨੂੰ ਰਲੀਜ਼ ਕਰਨ ਲਈ ਸੀ.ਡਬਲਿਊ.ਸੀ ਅਤੇ ਜੀਕਾ ਨੂੰ ਸੌਂਪਿਆ ਗਿਆ ਹੈ।

128. ਦਰਿਆ ਪ੍ਰਬੰਧਨ ਗਤੀਵਿਧੀਆਂ ਸਰਹੱਦੀ ਖੇਤਰਾਂ ਨਾਲ ਸਬੰਧਤ ਕਾਰਜਾਂ, ਜਿਨ੍ਹਾਂ ਨੂੰ ਪੂਰਨ ਤੌਰ ਤੇ ਭਾਰਤ ਸਰਕਾਰ ਤੋਂ ਫੰਡ ਪ੍ਰਾਪਤ ਹੁੰਦੇ ਹਨ। ਰਾਵੀ ਦਰਿਆ ਦੇ ਨਾਲ-ਨਾਲ ਭਾਰਤ ਪਾਕ ਸਰਹੱਦ ਅਤੇ ਇਸ ਦੀਆਂ ਸਹਾਇਕ ਨਦੀਆਂ ਉਤੇ ਹੜ੍ਹ ਰੋਕਣ ਲਈ ਕਾਰਜਾਂ, ਖੇਤੀਯੋਗ ਭੂਮੀ ਦੇ ਖੁਰਨ ਨੂੰ ਰੋਕਣ, ਪਿੰਡਾਂ ਦੀਆਂ ਆਬਾਦੀਆਂ ਅਤੇ ਰੱਖਿਆ ਪ੍ਰਬੰਧਾਂ ਲਈ ਇਕ ਸੰਗਠਤ ਪ੍ਰਾਜੈਕਟ ਤਿਆਰੀ ਅਧੀਨ ਹੈ।

129. ਸੀ.ਡਬਲਿਊ.ਸੀ. ਨੇ ਸੰਤੋਖਗੜ੍ਹ ਪੁਲ ਦੇ ਪੰਜਾਬ ਦੇ ਹਿੱਸੇ ਵਿਚ ਲਹਿੰਦੇ ਪਾਸੇ ਸ੍ਰੀ ਅਨੰਦਪੁਰ ਸਾਹਿਬ ਦੇ ਨੇੜੇ ਥਾਣਾ ਪੁਲ ਤੋਂ ਉਪਰ ਵੱਲ ਸਤਲੁਜ ਦਰਿਆ ਨਾਲ ਇਸ ਦੇ ਸੰਗਮ ਸਥਾਨ ਤੇ ਸਵਾਂ ਨਦੀ ਦੇ ਨਹਿਰੀਕਰਣ ਪ੍ਰਾਜੈਕਟ ਨੂੰ ਤਕਨੀਕੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰਾਜੈਕਟ ਤੇ ਜਲਦ ਹੀ ਕੰਮ ਸ਼ੁਰੂ ਹੋਣ ਦੀ ਸੰਭਾਵਨਾ ਹੈ।

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

130. ਸਾਲ ਦੌਰਾਨ ਕੀਤੇ ਜਾਣ ਵਾਲੇ ਹੋਰ ਪ੍ਰਾਜੈਕਟ ਹੇਠ ਲਿਖੇ ਹਨ:

• ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ 128 ਕਰੋੜ ਰੁਪਏ ਦੀ ਲਾਗਤ ਨਾਲ ਸੇਮ ਦੀ ਸਮੱਸਿਆ ਨਾਲ ਨਜਿੱਠਣ ਲਈ ਸਮੂਹਿਕ ਪ੍ਰਾਜੈਕਟ।

• 100 ਕਰੋੜ ਰੁਪਏ ਦੀ ਲਾਗਤ ਨਾਲ ਰਾਜਸਥਾਨ ਫੀਡਰ ਦੀ ਰੀਲਾਈਨਿੰਗ ਲਈ ਪ੍ਰਾਜੈਕਟ।

• ਰਾਵੀ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਤੇ ਭਾਰਤ-ਪਾਕਿ ਸਰਹੱਦ ਦੇ ਨਾਲ-ਨਾਲ ਕੀਤੇ ਜਾਣ ਵਾਲੇ ਹੜ੍ਹ ਸੁਰੱਖਿਆ ਕਾਰਜਾਂ ਲਈ ਸੰਚਿਤ ਪ੍ਰਾਜੈਕਟ ਦੀ ਤਜਵੀਜ਼ ਵਾਹੀਯੋਗ ਜ਼ਮੀਨ ਨੂੰ ਖੁਰਨ ਤੋਂ ਰੋਕਣ, ਪਿੰਡ ਅਬਾਦੀਆਂ ਅਤੇ ਸੁਰੱਖਿਆ ਤੈਨਾਤੀਆਂ ਲਈ ਕਾਰਜ 50 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤੇ ਜਾਣਗੇ।

• ਸਾਲ 2017-18 ਵਿਚ 94.73 ਕਰੋੜ ਰੁਪਏ ਦੇ ਖਰਚ ਨਾਲ ਕੋਟਲਾ ਬਰਾਂਚ ਫੇਜ਼-।। ਦੇ ਸੂਇਆਂ ਦੀ ਉਸਾਰੀ।

• ਬਿਸਤ ਦੁਆਬ ਕੈਨਾਲ ਸਿਸਟਮ (ਮਾਈਨਰਜ਼) ਦੀ ਪੱਕੀ ਲਾਈਨਿੰਗ ਨਾਲ ਪ੍ਰਣਾਲੀ ਸੁਧਾਰ ਲਈ 81.38 ਕਰੋੜ ਰੁਪਏ।

• ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਸਰਹਿੰਦ ਫੀਡਰ ਕੈਨਾਲ ਦੀਆਂ ਵੱਖ-ਵੱਖ ਜਲ ਨਦੀਆਂ ਦੀਆਂ ਮੁੱਖ ਸ਼ਾਖਾਵਾਂ ਦੀ ਪੁਨਰ ਮੁਰੰਮਤ/ਸੁਧਾਰ/ਉਸਾਰੀ ਲਈ 55.30 ਕਰੋੜ ਰੁਪਏ ਦੀ ਲਾਗਤ ਨਾਲ ਸੁਧਾਰ।

ਮੈਂ ਰਾਜਪੁਰੇ ਆਪਣੇ ਛੋਟੇ ਭਾਈ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਨੂੜ ਕੈਨਾਲ ਬਣ ਗਈ ਹੈ। 15 ਕਰੋੜ ਰੁਪਏ ਦਾ ਥੋੜ੍ਹਾ ਜਿਹਾ ਕੰਮ ਰਹਿੰਦਾ ਹੈ। ਇਹ ਬਜਟ ਵਿੱਚ ਨਹੀਂ ਦਰਸਾਇਆ ਗਿਆ ਪਰ ਮੈਂ ਐਸੋਰੈਂਸ਼ ਦਿੰਦਾ ਹਾਂ ਕਿ ਬਨੂੜ ਕੈਨਾਲ ਕੰਪਲੀਟ ਹੋਵੇਗੀ (ਥੰਪਿੰਗ) ।

131. ਸਰਕਾਰ ਰਾਜ ਵਿਚ ਤਿੰਨ ਮੁੱਖ ਦਰਿਆਵਾਂ ਦੇ ਨਹਿਰੀਕਰਣ ਦੁਆਰਾ ਉਨ੍ਹਾਂ ਦੇ ਕੰਢਿਆਂ ਤੇ ਇਕ ਤੇਜ਼ ਗਤੀ ਆਰਥਿਕ ਕਾਰੀਡੋਰ ਦੀ ਉਸਾਰੀ ਅਤੇ ਦਰਿਆਵਾਂ ਦੇ ਨਾਲ ਆਰਥਿਕ ਗਤੀਵਿਧੀ ਸਿਰਜਣ ਦੀ ਤਜਵੀਜ਼ ਰੱਖਦੀ ਹੈ। ਇਹ ਅੰਦਰੂਨੀ ਖੇਤਰਾਂ ਦੇ ਵਿਕਾਸ ਨੂੰ ਹੁਲਾਰਾ ਦੇਵੇਗੀ ਅਤੇ ਇਨ੍ਹਾਂ ਭੂਗੋਲਿਕ ਰਸਤਿਆਂ ਵਿਚ ਰੁਜ਼ਗਾਰ ਅਤੇ ਵਿਕਾਸ ਨੂੰ ਪ੍ਰੇਰਿਤ ਕਰੇਗਾ।

132. ਸਥਾਨਕ ਉਦਯੋਗ ਦੀ ਸਹਾਇਤਾ ਅਤੇ ਰਾਜ ਵਿਚ ਜ਼ਮੀਨੀ ਜਲ ਪ੍ਰਣਾਲੀ ਪੁਨਰ ਸੁਰਜੀਤੀ ਉਪਰ ਧਿਆਨ ਕੇਂਦਰਿਤ ਕਰਨ ਲਈ ਸਾਲ ਦੌਰਾਨ ਇਕ ਸਟੇਟ ਗਰਾਊਂਡ ਵਾਟਰ ਅਥਾਰਟੀ (ਐਸ.ਜੀ.ਡਬਲਿਯੂ.ਏ.) ਦੀ ਸਥਾਪਨਾ ਕੀਤੀ ਜਾਵੇਗੀ।

133. ਰਾਜ ਦੁਆਰਾ ਚਲਾਈਆਂ ਜਾ ਰਹੀਆਂ ਜਨ ਉਪਯੋਗੀ ਸੇਵਾਵਾਂ ਪੀ.ਐਸ.ਪੀ.ਸੀ.

ਐਲ ਅਤੇ ਪੀ.ਐਸ.ਟੀ.ਸੀ.ਐਲ ਬਿਜਲੀ ਉਤਪਾਦਨ, ਸੰਚਾਰ ਅਤੇ ਵੰਡ ਪ੍ਰਣਾਲੀ ਨੂੰ ਸਾਲ 2017-18 ਦੌਰਾਨ 3156.69 ਕਰੋੜ ਰੁਪਏ ਦੇ ਨਿਵੇਸ਼ ਨਾਲ ਮਜ਼ਬੂਤ ਕਰੇਗਾ।

**ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ**

134. ਪੰਜਾਬ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਧਰਤੀ ਹੈ। ਪੰਜਾਬ ਦੀ ਵਿਸ਼ਵ-ਵਿਆਪੀ ਭਾਵਨਾ ਵੱਖ ਵੱਖ ਧਰਮਾਂ ਦੀ ਵਿਭਿੰਨਤਾ ਤੋਂ ਪ੍ਰਤੀਬਿੰਬਤ ਹੁੰਦੀ ਹੈ ਜਿਨ੍ਹਾਂ ਨੂੰ ਕਿ ਸੂਬੇ ਦੇ ਲੋਕ ਮੰਨਦੇ ਹਨ।ਇਹ ਅਮੀਰ ਵਿਰਸੇ ਦਾ ਧਾਰਣੀ ਹੈ ਜਿਸ ਨੂੰ ਹਰ ਕੀਮਤ ਤੇ ਸੁਰੱਖਿਅਤ ਰੱਖਣ ਦੀ ਲੋੜ ਹੈ।

135. ਸਾਡੀ ਸਰਕਾਰ ਨੇ ਪੰਜਾਬ ਦੇ ਅਮੀਰ ਵਿਰਸੇ ਦੀ ਸੰਭਾਲ/ ਸੁਰੱਖਿਅਤ ਕਰਨ ਲਈ ਯੋਜਨਾ ਉਲੀਕੀ ਹੈ। ਸਭਿਆਚਾਰਕ ਮਾਮਲੇ ਵਿਭਾਗ ਨੇ ਕਿਲਾ ਮੁਬਾਰਕ ਪਟਿਆਲਾ ਅਤੇ ਬਠਿੰਡੇ ਵਿਖੇ ਕਿਲੇ ਦੀ ਵਿਸਤ੍ਰਿਤ ਪ੍ਰਾਜੈਕਟ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਵਿਸ਼ਵ ਪੱਧਰ ਦੀਆਂ ਸਾਰੀਆਂ ਟੂਰਿਸਟ ਸਹੂਲਤਾਂ, ਅਜਾਇਬ ਘਰਾਂ ਦਾ ਸੁਧਾਰ ਆਦਿ ਕੀਤਾ ਜਾਵੇਗਾ। ਮੈਂ ਇਸ ਮੰਤਵ ਲਈ ਸਾਲ 2017-18 ਵਿਚ 26 ਕਰੋੜ ਰੁਪਏ ਮਖਸੂਸ ਕਰਨ ਦੀ ਤਜਵੀਜ਼ ਕਰਦਾ ਹਾਂ।

136. ਇਸ ਵਿਰਸੇ ਬਾਰੇ ਨਵੀਂ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਹੈਰੀਟੇਜ ਫੈਸਟੀਵਲਾਂ ਦਾ ਆਯੋਜਨ ਕੀਤਾ ਜਾਵੇਗਾ ਅਤੇ ਸਾਲ 2017-18 ਦੌਰਾਨ ਇਸ ਮੰਤਵ ਲਈ 7 ਕਰੋੜ ਰੁਪਏ ਮਖਸੂਸ ਕੀਤੇ ਗਏ ਹਨ।

137. ਸਰਕਾਰ ਨੂੰ ਇਸ ਖੇਤਰ ਵਿਚ ਰੁਜ਼ਗਾਰ ਸਿਰਜਣਾ ਵਿਚ ਵੱਡਾ ਅਵਸਰ ਨਜ਼ਰ ਆਉਂਦਾ ਹੈ।ਇਹ " ਸਭਿਆਚਾਰ ਤੋਂ ਰੁਜ਼ਗਾਰ ਤੇ ਕਾਰੋਬਾਰ" ਦੇ ਵਿਸ਼ੇ ਤੇ ਆਧਾਰਿਤ ਹੋਵੇਗੀ। ਸਭਿਆਚਾਰ ਦੀ ਸੰਭਾਲ ਅਤੇ ਪ੍ਰਚਾਰ ਲਈ ਤਜਵੀਜ਼ ਕੀਤੇ ਨਿਵੇਸ਼ ਤੋਂ ਰਾਜ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਲਾਭ ਹੋਣਗੇ। ਇਸ ਦੇ ਨਾਲ ਸੈਲਾਨੀਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਵੇਗਾ ਜਿਸ ਨਾਲ ਰਾਜ ਦਾ ਮਾਲੀਆ ਵਧੇਗਾ ਅਤੇ ਇਸ ਦੀ ਆਰਥਿਕਤਾ ਵਿਚ ਵੀ ਵਾਧਾ ਹੋਵੇਗਾ।

138. ਪਵਿੱਤਰ ਨਦੀ ਬੇਈਂ 'ਤੇ ਬਹੁਮੰਤਵੀ ਪ੍ਰਾਜੈਕਟ ਸਥਾਪਿਤ ਕੀਤਾ ਜਾਵੇਗਾ। ਇਹ ਪ੍ਰਾਜੈਕਟ ਨਾ ਸਿਰਫ ਵਾਤਾਵਰਣ ਪੱਖ ਨੂੰ ਅਪਣਾਏਗਾ ਸਗੋਂ ਖੇਤਰਾਂ ਦੀ ਧਾਰਮਿਕ, ਸਭਿਆਚਾਰਕ ਅਤੇ ਸੈਲਾਨੀ ਸਮਰੱਥਾ ਨੂੰ ਧਿਆਨ ਵਿੱਚ ਰੱਖੇਗਾ। ਇਸ ਸਬੰਧ ਵਿਚ ਇਸ ਸਾਲ ਲਈ 3 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ।

**ਟੂਰਿਸਟ ਸਥਾਨਾਂ ਦਾ ਬਰੈਂਡ ਇਮੇਜ ਅਤੇ ਪ੍ਰਚਾਰ ਵਧਾਊ ਮੁਹਿੰਮਾਂ**

139. ਰਾਜ ਵਿਚ ਸੈਰ ਸਪਾਟੇ ਲਈ ਬਹੁਤ ਸੰਭਾਵਨਾ ਹੈ। ਬਦਕਿਸਮਤੀ ਨਾਲ ਪੰਜਾਬ ਇਸ ਦੀ ਸਹੀ ਢੰਗ ਨਾਲ ਵਰਤੋਂ ਕਰਨ ਵਿਚ ਅਸਫ਼ਲ ਰਿਹਾ ਹੈ, ਜਦੋਂ ਕਿ ਪੰਜਾਬ ਵਿਚ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਪੰਜਾਬੀ ਐੱਨ.ਆਰ.ਆਈ. ਵੱਡੀ ਗਿਣਤੀ ਵਿਚ ਹਨ। ਸੈਰ ਸਪਾਟਾ ਸਾਫ਼ ਅਤੇ ਵਾਤਾਵਰਣ ਹਿਤੈਸ਼ੀ ਰੁਜ਼ਗਾਰ ਮੁਹੱਈਆ ਕਰਦਾ ਹੈ।ਰਾਜ ਵਿਚ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਮਾਰਕੀਟਿੰਗ ਅਤੇ ਪ੍ਰਚਾਰਿਕ ਗਤੀਵਿਧੀਆਂ ਨੂੰ ਵੱਡੇ ਪੱਧਰ ਤੇ ਅਪਣਾਉਣ ਦੀ ਲੋੜ ਹੈ ਤਾਂ ਜੋ ਪੰਜਾਬ ਦੇ ਸੈਰ ਸਪਾਟੇ ਦੀ ਸੰਭਾਵਨਾ ਦਾ ਪ੍ਰਚਾਰ ਉਨ੍ਹਾਂ ਖੇਤਰਾਂ ਵਿਚ ਵੀ ਕੀਤਾ ਜਾ ਸਕੇ ਜਿੱਥੇ ਇਸ ਦੀ ਜ਼ਰੂਰਤ ਹੈ ਅਤੇ ਇਸ ਦੇ ਲਈ ਵਿੱਤੀ ਸਾਲ 2017-18 ਦੌਰਾਨ 5 ਕਰੋੜ ਰੁਪਏ ਦੀ ਤਜਵੀਜ਼ ਹੈ।

**ਸੁਤੰਤਰਤਾ ਸੰਗਰਾਮੀ**

ਜਨਾਬ, ਸਪੀਕਰ ਸਾਹਿਬ

140. ਭਾਰਤ ਦੀ ਆਜ਼ਾਦੀ ਦੇ 70ਵੇਂ ਵਰ੍ਹੇ ਵਿਚ ਪੰਜਾਬ ਸਰਕਾਰ ਉਨ੍ਹਾਂ ਹਜਾਰਾਂ ਨੌਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕਰਨਾ ਚਾਹੁੰਦੀ ਹੈ ਜਿਨ੍ਹਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਹਿੱਸਾ ਲਿਆ, ਜਿਨ੍ਹਾਂ ਨੇ ਆਪਣੀਆਂ ਸੁੰਦਰ ਪਤਨੀਆਂ, ਹੱਸਦੇ ਮੁਸਕਰਾਉਂਦੇ ਬੱਚਿਆਂ, ਹਰੇ ਭਰੇ ਖੇਤਾਂ ਅਤੇ ਖੁਸ਼ਹਾਲ ਘਰਾਂ ਦੀ ਪ੍ਰਵਾਹ ਨਾ ਕੀਤੀ ਤਾਂ ਜੋ ਭਾਰਤ ਦੇ ਲੋਕ ਸਨਮਾਨ ਅਤੇ ਸਤਿਕਾਰਪੂਰਨ ਜੀਵਨ, ਸਭਿਅਕ ਜੀਵਨ ਅਤੇ ਖੁਸ਼ਹਾਲ ਜੀਵਨ ਜੀਅ ਸਕਣ। ਮੈਂ ਨਿਮਰਤਾਪੂਰਵਕ ਘੋਸ਼ਣਾ ਕਰਦਾ ਹਾਂ ਕਿ ਪੰਜਾਬ ਸਰਕਾਰ ਨੇ ਹਰੇਕ ਸੁਤੰਤਰਤਾ ਸੈਨਾਨੀ ਦੇ ਘਰ ਨੂੰ 300 ਯੂਨਿਟ ਹਰ ਮਹੀਨੇ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਦਾ ਫ਼ੈਸਲਾ ਕੀਤਾ ਹੈ।

**ਗ੍ਰਹਿ ਮਾਮਲੇ ਅਤੇ ਨਿਆਂ**

141. ਸਰਕਾਰ ਫਿਰਕੂ ਭਾਈਚਾਰਾ, ਸ਼ਾਂਤੀ ਅਤੇ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਸੰਭਾਲ ਲਈ ਨਿਰੰਤਰ ਰੂਪ ਵਿਚ ਤਰਜੀਹ ਦਿੰਦੀ ਹੈ। ਰਾਜ ਦੀ ਲੰਬੀ ਤੇ ਦੁਸ਼ਮਣੀ ਭਰੀ ਅੰਤਰਰਾਸ਼ਟਰੀ ਸਰਹੱਦ ਹੈ। ਅਸੀਂ ਸਰਹੱਦ ਪਾਰ ਤੋਂ ਦਰਪੇਸ਼ ਅਤਿਵਾਦ ਚੁਣੌਤੀਆਂ ਬਾਰੇ ਚੇਤੰਨ ਹਾਂ ਅਤੇ ਨਿਰੰਤਰ ਰੂਪ ਵਿਚ ਉਨ੍ਹਾਂ ਸ਼ਕਤੀਆਂ ਨਾਲ ਲੜਨ ਅਤੇ ਆਪਣੇ ਨਿਸ਼ਚੇ ਤੇ ਦ੍ਰਿੜ ਰਹਾਂਗੇ ਜਿਹੜੀਆਂ ਕਿ ਲੋਕਾਂ ਦੀ ਸ਼ਾਂਤੀ, ਏਕਤਾ ਅਤੇ ਅਖੰਡਤਾ ਲਈ ਚੁਣੌਤੀ ਹਨ।

142. ਅਸੀਂ ਪੁਲਿਸ ਬਲਾਂ ਦੇ ਆਧੁਨਿਕੀਕਰਣ ਨਿਆਂ ਪ੍ਰਣਾਲੀ ਦੇ ਮਜ਼ਬੂਤੀਕਰਨ ਲਈ ਆਪਣੀ ਸਹਾਇਤਾ ਜਾਰੀ ਰੱਖਾਂਗੇ।

ਗੰਭੀਰ ਸ੍ਰੋਤ ਮਜਬੂਰੀਆਂ ਦੇ ਬਾਵਜੂਦ ਮੈਂ ਸਾਲ 2017-18 ਦੌਰਾਨ ਕੁਝ ਸਕੀਮਾਂ ਦੇ ਅਨੁਸਰਣ ਦੀ ਤਜਵੀਜ਼ ਕਰ ਰਿਹਾ ਹਾਂ।

- 75.00 ਕਰੋੜ ਰੁਪਏ: ਨਿਆਂਪਾਲਿਕਾ ਲਈ ਬੁਨਿਆਦੀ ਢਾਂਚਾ ਸੁਵਿਧਾਵਾਂ।

- 15.00 ਕਰੋੜ ਰੁਪਏ: ਜੁਰਮ ਦੀ ਰੋਕਥਾਮ ਅਤੇ ਪੁਲਿਸ ਪਬਲਿਕ ਸਬੰਧਾਂ ਵਿਚ ਸੁਧਾਰ ਲਈ।
- 34.77 ਕਰੋੜ ਰੁਪਏ: ਕਰਾਈਮ ਅਤੇ ਕਰੀਮੀਨਲ ਟਰੈਕਿੰਗ ਨੈਟਵਰਕਿੰਗ ਸਿਸਟਮ।

**ਪੁਲਿਸ ਸਟੇਸ਼ਨ**

143. ਬਹੁਤ ਸਾਰੇ ਪੁਲਿਸ ਸਟੇਸ਼ਨ ਅਜਿਹੇ ਹਨ ਜਿਹੜੇ ਜਾਂ ਤਾਂ ਬਹੁਤ ਹੀ ਖਸਤਾ ਹਾਲਤ ਵਿਚ ਹਨ ਜਾਂ ਅਜਿਹੀਆਂ ਇਮਾਰਤਾਂ ਵਿਚ ਕੰਮ ਕਰ ਰਹੇ ਹਨ ਜੋ ਕਿ ਪੁਲਿਸ ਸਟੇਸ਼ਨ ਵਜੋਂ ਵਿਉਂਤੀਆਂ ਜਾਂ ਬਣਾਈਆਂ ਨਹੀਂ ਗਈਆਂ। ਇਸ ਸਾਲ 70 ਪੁਲਿਸ ਸਟੇਸ਼ਨਾਂ ਦੀ ਉਸਾਰੀ ਸ਼ੁਰੂ ਕੀਤੀ ਜਾਵੇਗੀ ਅਤੇ 23 ਅਧੂਰੀਆਂ ਇਮਾਰਤਾਂ ਨੂੰ ਵੀ ਮੁਕੰਮਲ ਕੀਤਾ ਜਾਵੇਗਾ। ਇਹ ਹੁਡਕੋ ਦੀ ਸਹਾਇਤਾ ਨਾਲ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਵਲੋਂ ਬਣਾਈਆਂ ਜਾਣਗੀਆਂ।ਤਕਰੀਬਨ 100 ਨਵੇਂ ਪੁਲਿਸ ਸਟੇਸ਼ਨ ਪੰਜਾਬ ਕੋਲ ਕੰਪਲੀਟ ਹੋ ਜਾਣਗੇ। ਮੈਨੂੰ ਇਸ ਗੱਲ ਦਾ ਵਿਸ਼ਵਾਸ ਹੈ ਕਿ ਆਉਣ ਵਾਲੇ ਸਮੇਂ ਵਿਚ ਇਸ ਨਾਲ ਪ੍ਰਭਾਵਕਾਰੀ ਅਤੇ ਕੁਸ਼ਲ ਪੁਲਿਸਿੰਗ ਲਈ ਅਸਾਧਾਰਨ ਪ੍ਰਬੰਧਕੀ ਢਾਂਚਾ ਸਿਰਜਣ ਵਿਚ ਸਹਾਇਤਾ ਮਿਲੇਗੀ।

**ਇਸਤਰੀ ਸੁਰੱਖਿਆ**

144. ਅੱਜ, ਇਸਤਰੀ ਸੁਰੱਖਿਆ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕਿਆ ਹੈ। ਔਰਤਾਂ ਵਿਰੁੱਧ ਜੁਲਮਾਂ ਵਿਚ ਰੋਜ਼ਾਨਾ ਵਾਧਾ ਹੋ ਰਿਹਾ ਹੈ। ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਸਾਡੀ 50% ਆਬਾਦੀ ਅਜੇ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਨੌਜਵਾਨ ਕੁੜੀਆਂ ਅਤੇ ਔਰਤਾਂ ਨੂੰ ਅਨੈਤਿਕ ਅਨਸਰਾਂ ਵਲੋਂ ਕਿਸੇ ਪ੍ਰਕਾਰ ਦੀ ਸਮੱਸਿਆ ਪੇਸ਼ ਨਾ ਆਵੇ। ਇਸ ਵਾਸਤੇ ਪੁਲਿਸ ਵਲੋਂ ਇਕ ਮਜ਼ਬੂਤ ਪ੍ਰਣਾਲੀ ਬਣਾਈ ਜਾਵੇਗੀ। ਉਚਿਤ ਸਥਾਨਾਂ ਅਰਥਾਤ ਹਾਈ ਸਕੂਲਾਂ, ਸੀਨੀਅਰ ਸੈਕੰਡਰੀ ਸਕੂਲਾਂ ਅਤੇ ਕਾਲਜਾਂ ਵਿਚ ਇਸ ਪ੍ਰਣਾਲੀ ਦੇ ਹਿੱਸੇ ਵਜੋਂ ਸੀ ਸੀ ਟੀ ਵੀ ਕੈਮਰਿਆਂ ਦੀ ਸਥਾਪਤੀ ਲਈ ਬਜਟ ਵਿਚ ਉਚਿਤ ਰਾਖਵਾਂਕਰਨ ਮੁਹੱਈਆ ਕਰਵਾਇਆ ਹੈ।

**ਵੱਖ ਵੱਖ ਹੈਲਪ ਲਾਈਨਜ਼ ਦੀ ਅਖੰਡਤਾ-ਡਾਇਲ 100**

145. ਵੱਖ ਵੱਖ ਹੈਲਪ ਲਾਈਨਾਂ ਜਿਵੇਂ 100 (ਪੁਲਿਸ), 1091 (ਔਰਤ ਸਹਾਇਤਾ ਲਾਈਨ), 1097 (ਆਫ਼ਤ ਰਾਹਤ), 1091/1098 (ਬਾਲ ਸਹਾਇਤਾ ਲਾਈਨ), 101 (ਅੱਗ ਸੁਰੱਖਿਆ) ਅਤੇ 108/104 (ਡਾਕਟਰੀ ਅਤੇ ਸਿਹਤ ਸਬੰਧੀ ਹੈਲਪ ਲਾਈਨ) ਨੂੰ ਸਮੂਹਿਕ ਕੀਤੇ ਜਾਣ ਦੀ ਲੋੜ ਹੈ। ਕੁਝ ਰਾਜਾਂ ਨੇ ਇਨ੍ਹਾਂ ਸੇਵਾਵਾਂ ਨੂੰ ਪਹਿਲਾਂ ਹੀ ਇਕੱਠਾ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਕਰ ਦਿਤਾ ਹੈ। ਸੰਕਟਕਾਲੀਨ ਰਿਸਪਾਂਸ ਪ੍ਰਣਾਲੀਆਂ ਨੂੰ ਅਖੰਡ ਬਣਾਉਣ ਨਾਲ ਨਿਸ਼ਚਿਤ ਰੂਪ ਵਿਚ ਲਾਭ ਹੋਵੇਗਾ। ਇਸ ਨਾਲ ਸਥਾਨਕ ਪੁਲਿਸ ਦੀਆਂ ਸ੍ਰੋਤ ਮਜਬੂਰੀਆਂ ਵਿਚ ਕਮੀ ਆਵੇਗੀ। ਅਸੀਂ ਮੌਜੂਦਾ ਸ੍ਰੋਤਾਂ ਨੂੰ ਕਵਰ ਕਰਦੇ ਹੋਏ ਸਕੀਮ "ਡਾਇਲ 100" ਅਧੀਨ ਕੇਂਦਰੀਕ੍ਰਿਤ, ਰੈਪਿਡ ਰਿਸਪਾਂਸ ਸਿਸਟਮ ਸਥਾਪਿਤ ਕਰਨ ਦੀ ਤਜਵੀਜ਼ ਰੱਖਦੇ ਹਾਂ। ਇਸ ਸਕੀਮ ਨੂੰ ਅਮਲ ਵਿਚ ਲਿਆਉਣ ਲਈ 10 ਕਰੋੜ ਰੁਪਏ ਦੇ ਆਰੰਭਕ ਵਧੀਕ ਰਾਖਵੇਂਕਰਨ ਵੀ ਮੁਹੱਈਆ ਕਰਵਾਏ ਗਏ ਹਨ। ਸਪੀਕਰ ਸਾਹਿਬ, ਇਕ ਨਵੀਂ ਸਕੀਮ ਜਿਹੜੀ ਹੈ, ਕਿਉਂਕਿ ਅੱਜ ਤੋਂ ਪਹਿਲਾਂ ਜਿੰਨੀਆਂ ਵੀ ਹੈਲਪ ਲਾਈਨਜ਼ ਹੋਈਆਂ ਹਨ, ਇਨ੍ਹਾਂ ਸਾਰੀਆਂ ਨੂੰ ਇਕੱਠਾ ਕਰਕੇ 'ਡਾਇਲ 100' ਹੈਲਪ ਲਾਈਨ ਹੋਵੇਗੀ, ਯੂ.ਪੀ. ਅਤੇ ਮੱਧ ਪ੍ਰਦੇਸ਼ ਵਿੱਚ ਇਹ ਸਕੀਮਾਂ ਕਾਮਯਾਬ ਰਹੀਆਂ ਹਨ। ਪੰਜਾਬ ਵਿੱਚ "ਡਾਇਲ 100" ਸਕੀਮ ਚਾਲੂ ਕੀਤੀ ਜਾਵੇਗੀ।

**ਫੋਰੈਂਸਿਕ ਬੁਨਿਆਦੀ ਢਾਂਚਾ**

146. ਨਿਆਂਪ੍ਰਣਾਲੀ ਦਾ ਇਕ ਮਹੱਤਵਪੂਰਨ ਅੰਗ ਜੁਰਮ ਦੀ ਪ੍ਰਭਾਵੀਕਾਰੀ ਜਾਂਚ ਹੈ ਜਿਸ ਨਾਲ ਦੋਸ਼ੀਆਂ ਨੂੰ ਕਾਨੂੰਨੀ ਪ੍ਰਕਿਰਿਆ ਅਧੀਨ ਲਿਆਇਆ ਜਾਂਦਾ ਹੈ। ਸਜ਼ਾ ਦਰ ਦੇ ਵਾਧੇ ਦੇ ਉਦੇਸ਼ ਨਾਲ ਫੋਰੈਂਸਿਕ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ ਤੇ ਬਿਹਤਰੀ ਲਈ ਇਸ ਸਾਲ 7.85 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਜਾ ਰਿਹਾ ਹੈ।

**ਫਰੈਂਡਜ਼ ਆਫ ਪੰਜਾਬ– ਚੀਫ ਮਨਿਸਟਰਜ਼ ਗਰਿਮਾ ਗ੍ਰਾਮ ਯੋਜਨਾ**

147. ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਆਪਣੀ ਸਖ਼ਤ ਮਿਹਨਤ, ਸਮਰਪਣ ਅਤੇ ਪ੍ਰਤੀਬੱਧਤਾ ਦੀਆਂ ਭਾਵਨਾਵਾਂ ਨਾਲ ਜੀਵਨ ਦੇ ਹਰੇਕ ਖੇਤਰ ਵਿਚ ਵਿਦੇਸ਼ੀ ਧਰਤੀ ਉਪਰ ਸਫ਼ਲਤਾਪੂਰਵਕ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਇਨ੍ਹਾਂ ਪੰਜਾਬੀਆਂ ਨੇ ਨਾ ਕੇਵਲ ਰਾਜ ਅਤੇ ਕੌਮੀ ਆਰਥਿਕਤਾ ਦੀ ਸਹਾਇਤਾ ਕੀਤੀ ਹੈ ਬਲਕਿ ਬਹੁਤ ਸਾਰੇ ਖੇਤਰਾਂ ਵਿਚ ਆਪਣਾ ਯੋਗਦਾਨ ਪਾਉਂਦੇ ਹੋਏ ਨਾਮਣਾ ਖੱਟਿਆ ਹੈ। ਸਾਡੇ ਬਹੁਤ ਸਾਰੇ ਐਨ.ਆਰ. ਆਈ. ਭਰਾ ਪੰਜਾਬ ਵਿਚ ਆਪਣੀਆਂ ਜੜ੍ਹਾਂ ਨਾਲ ਸੰਪਰਕ ਕਰਨਾ ਲੋਚਦੇ ਹਨ। ਇਸ ਲਈ ਰਾਜ ਸਰਕਾਰ ਨੇ "ਫਰੈਂਡਜ਼ ਆਫ ਪੰਜਾਬ" ਨਾਂ ਦੀ ਸਕੀਮ ਸ਼ੁਰੂ ਕਰਕੇ ਪਹਿਲਕਦਮੀ ਕੀਤੀ ਹੈ। ਇਸ ਸਕੀਮ ਅਧੀਨ ਐਨ. ਆਰ. ਆਈਜ਼. ਨੂੰ ਉਨ੍ਹਾਂ ਦੇ ਪਿੰਡਾਂ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਇਸ ਸਾਲ ਦੌਰਾਨ ਇਸ ਸਕੀਮ ਨੂੰ ਅਮਲ ਵਿਚ ਲਿਆਉਣ ਲਈ ਉਚਿਤ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

**ਲੋਕਪਾਲ**

148. ਬਹੁਤ ਸਾਰੇ ਐਨ. ਆਰ. ਆਈਜ਼. ਜਾਂ ਤਾਂ ਆਪਣੀ ਸੰਪਤੀ ਕਾਰਣ ਜਾਂ ਹੋਰ ਮਾਮਲਿਆਂ ਕਾਰਣ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ। ਐਨ.ਆਰ.ਆਈ. ਸਾਲ

ਦੌਰਾਨ ਥੋੜ੍ਹੇ ਸਮੇਂ ਲਈ ਆਪਣੇ ਸੂਬੇ ਵਿਚ ਆਉਂਦੇ ਹਨ ਅਤੇ ਉਹ ਵਧੇਰੇ ਲੰਬਾ ਸਮਾਂ ਇੱਥੇ ਨਹੀਂ ਰਹਿ ਸਕਦੇ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪ੍ਰਭਾਵਕਾਰੀ ਢੰਗ ਨਾਲ ਸਮਾਂ-ਬੱਧ ਤਰੀਕੇ ਨਾਲ ਨਿਪਟਾਉਣ ਦੇ ਉਦੇਸ਼ ਲਈ ਰਾਜ ਸਰਕਾਰ ਐਨ.ਆਰ.ਆਈਜ. ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਐਨ.ਆਰ.ਆਈਜ਼. ਮਾਮਲੇ ਵਾਸਤੇ ਲੋਕਪਾਲ ਸਥਾਪਤ ਕਰਨ ਲਈ ਇਕ ਨਵਾਂ ਕਾਨੂੰਨ ਲਿਆ ਰਹੀ ਹੈ।

149. ਰਾਜ ਸਰਕਾਰ ਸੂਬੇ ਵਿਚ ਐਨ.ਆਰ.ਆਈਜ਼. ਦੀ ਭਲਾਈ ਲਈ ਵਚਨਬੱਧ ਹੈ ਅਤੇ ਰਾਜ ਕਾਨੂੰਨ ਦਾ ਰਾਜ ਯ਼ਕੀਨੀ ਬਣਾਉਣ ਅਤੇ ਨਿਆਂ ਦੀ ਸੁਖਾਲੀ ਅਤੇ ਤੁਰੰਤ ਸਪੁਰਦਗੀ ਲਈ ਐਨ.ਆਰ.ਆਈਜ਼. ਦੀਆਂ ਸੰਪਤੀ ਦੀ ਸੁਰੱਖਿਆ ਲਈ "ਐਨ.ਆਰ. ਆਈ." ਪ੍ਰਾਪਰਟੀ ਸੇਫ ਗਾਰਡਜ਼ ਐਕਟ ਬਣਾਉਣ ਦੀ ਤਜਵੀਜ਼ ਰੱਖਦੀ ਹੈ।

**ਡਿਜ਼ੀਟਲ ਪੰਜਾਬ ਪਹਿਲਕਦਮੀ**

150. ਸਰਕਾਰ ਆਪਣੇ ਯਤਨਾਂ ਰਾਹੀਂ ਕੁਸ਼ਲਤਾ, ਪਾਰਦਰਸ਼ਤਾ, ਜਵਾਬਦੇਹੀ, ਨਾਗਰਿਕਾਂ ਦੁਆਰਾ ਸੇਵਾਵਾਂ ਦੇ ਮਾਨਣ ਵਿਚ ਸਰਲਤਾ ਅਤੇ ਜਨਤਕ ਸੇਵਾਵਾਂ ਵਿਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਡਿਜ਼ੀਟਲ ਪੰਜਾਬ ਸ਼ੁਰੂ ਕਰਨਾ ਚਾਹੁੰਦੀ ਹੈ। ਇਹ ਉਹ ਪ੍ਰਾਜੈਕਟ ਹੈ ਜੋ ਸਾਰੇ ਸਰਕਾਰੀ ਵਿਭਾਗਾਂ ਦਾ ਮੁਕੰਮਲ ਕੰਪਿਊਟਰੀਕਰਣ ਅਤੇ ਨਾਗਰਿਕਾਂ ਨੂੰ (ਜੀ 2 ਸੀ) ਨੂੰ ਸੁਖਾਲਾ ਰਾਜ ਪ੍ਰਬੰਧ ਮੁਹੱਈਆ ਕਰਵਾਉਣ ਲਈ ਵਿਰਾਸਤੀ ਡਾਟਾ ਦੀ ਡਿਜ਼ੀਟਾਈਜੇਸ਼ਨ ਅਤੇ ਸਮਾਂ-ਬੱਧ ਢੰਗ ਨਾਲ ਵਪਾਰਕ ਸੇਵਾਵਾਂ (ਜੀ 2 ਬੀ) ਦੀ ਸਪੁਰਦਗੀ ਨੂੰ ਯ਼ਕੀਨੀ ਬਣਾਉਣਾ ਚਾਹੁੰਦਾ ਹੈ। ਇਹ ਪ੍ਰਾਜੈਕਟ ਅਗਲੇ 2 ਸਾਲਾਂ ਵਿਚ ਹੋਰ ਸੇਵਾਵਾਂ ਸ਼ਾਮਲ ਕਰਕੇ ਤਿਆਰ ਕੀਤਾ ਜਾਵੇਗਾ। ਡਿਜ਼ੀਟਲ ਪੰਜਾਬ ਜੀ 2 ਸੀ ਸੇਵਾਵਾਂ ਦੀ ਸਰਲਤਾ ਲਈ ਵਿਸਤ੍ਰਿਤ ਸਰਕਾਰੀ ਪ੍ਰੀਕਿਰਿਆ ਰੀ-ਇੰਜਨੀਅਰਿੰਗ (ਜੀ ਪੀ ਆਰ) ਕਰਦੇ ਸਮੇਂ ਬਿਜਲਈ ਅਦਾਇਗੀਆਂ ਅਤੇ ਪ੍ਰਾਪਤੀਆਂ ਨੂੰ ਵੀ ਸਰਲ ਬਣਾਏਗਾ। ਡਿਜ਼ੀਟਲ ਪੰਜਾਬ ਪਹਿਲਕਦਮੀ ਦੇ ਸ਼ੁਰੂ ਹੋਣ ਨਾਲ ਸਾਰੇ ਨਾਗਰਿਕ ਐਨ. ਆਰ. ਆਈਜ਼. ਆਪਣੇ ਘਰਾਂ ਅਤੇ ਵਿਸ਼ਵ ਦੇ ਕਿਸੇ ਵੀ ਕੋਨੇ ਚੋਂ ਬੈਠ ਕੇ ਸੇਵਾਵਾਂ ਅਧੀਨ ਵੱਖ-ਵੱਖ ਵੰਨਗੀਆਂ ਦਾ ਲਾਭ ਉਠਾ ਸਕਣਗੇ। ਇਸ ਤਰ੍ਹਾਂ ਉਨ੍ਹਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਜਾਣ ਦੀ ਜ਼ਰੂਰਤ ਨਹੀਂ ਪਵੇ ਗੀ। ਰਾਜ ਪ੍ਰਬੰਧ ਸੁਧਾਰ ਵਿਭਾਗ ਸਰਕਾਰ ਦੇ ਇਸ ਨਜ਼ਰੀਏ ਨੂੰ ਵਾਸਤਵਿਕ ਰੂਪ ਦੇਣ ਲਈ ਸਾਰੇ ਵਿਭਾਗਾਂ ਨੂੰ ਤਕਨੀਕੀ ਸਹਾਇਤਾ ਮੁਹੱਈਆ ਕਰਵਾਏਗਾ।

**ਖੁਰਾਕ ਤੇ ਸਿਵਲ ਸਪਲਾਈ :**

**ਸੋਧੀ ਹੋਈ ਆਟਾ ਦਾਲ ਸਕੀਮ**

151. ਸਰਕਾਰ ਨੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਨੂੰ ਉੱਚ ਤਰਜੀਹ ਦਿੱਤੀ ਹੈ ਅਤੇ ਇਹ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਸਾਰੀਆਂ ਜ਼ਰੂਰੀ ਵਸਤਾਂ ਆਮ ਆਦਮੀ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਦੀ ਪਹੁੰਚ ਵਿਚ ਰਹਿਣ। ਆਟਾ ਦਾਲ ਸਕੀਮ ਦਾ ਪੁਨਰ ਨਿਰਮਾਣ ਕੀਤਾ ਜਾਵੇਗਾ ਅਤੇ ਲਾਭਪਾਤਰੀਆਂ ਲਈ ਸਮਾਰਟ ਰਾਸ਼ਨ ਕਾਰਡ ਦੀ ਵਰਤੋਂ ਕਰਦੇ ਹੋਏ ਸੋਧੀ ਹੋਈ ਸਕੀਮ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬੀ.ਪੀ.ਐਲ. ਪਰਿਵਾਰਾਂ ਨੂੰ ਚਾਹ-ਪੱਤੀ ਅਤੇ ਚੀਨੀ ਮੁਹੱਈਆ ਕਰਵਾਈ ਜਾਵੇਗੀ। ਇਸ ਉਦੇਸ਼ ਲਈ ਸਾਲ 2017-18 ਵਿਚ 500 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ।

**ਸਰਹੱਦੀ ਇਲਾਕਾ ਬੁਨਿਆਦੀ ਢਾਂਚਾ ਵਿਕਾਸ ਬੋਰਡ**

152. ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਹੋਣ ਕਾਰਣ, ਪਾਕਿਸਤਾਨ ਨਾਲ ਯੁੱਧ ਕਾਰਣ ਸੀਮਾ ਪਾਰ ਅੱਤਵਾਦ ਲੰਬੇ ਸਮੇਂ ਕਾਰਣ ਰਾਜ ਦੇ ਸਰਹੱਦੀ ਜ਼ਿਲ੍ਹਿਆਂ ਨੇ ਬਹੁਤ ਤਕਲੀਫ਼ਾਂ ਝੱਲੀਆਂ ਹਨ ਅਤੇ ਪੱਛੜ ਗਏ ਹਨ। ਸਰਹੱਦੀ ਇਲਾਕਿਆਂ ਵਿਚ ਰਹਿਣ ਵਾਲੇ ਕਿਸਾਨ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ ਕਿਉਂ ਜੋ ਨਗਦ ਫ਼ਸਲਾਂ ਦੀ ਖੇਤੀ ਨਹੀਂ ਕਰ ਸਕਦੇ। ਅੰਤਰਰਾਸ਼ਟਰੀ ਸਰਹੱਦ ਤੇ ਤਾਰ ਲੱਗਣ ਉਪਰੰਤ ਕਿਸਾਨਾਂ ਦੀ ਸੁਵਿਧਾਵਾਂ ਤੱਕ ਪਹੁੰਚ ਵਿਚ ਘਾਟ ਨਾਲ ਸਮੱਸਿਆਵਾਂ ਹੋਰ ਵੱਧ ਗਈਆਂ। ਸਰਹੱਦੀ ਖੇਤਰ, ਸਿੱਖਿਆ ਸਿਹਤ, ਸਵੱਛਤਾ, ਟਰਾਂਸਪੋਰਟੇਸ਼ਨ, ਸੜਕਾਂ ਆਦਿ ਵਰਗੀਆਂ ਬੁਨਿਆਦੀ ਲੋੜਾਂ ਵਿਚ ਵੀ ਪੱਛੜੇ ਹੋਏ ਹਨ। ਉਦਯੋਗਾਂ ਅਤੇ ਮਾਰਕੀਟਿੰਗ ਬੁਨਿਆਦੀ ਢਾਂਚੇ ਦੇ ਵਿਕਾਸ ਹਿਤ ਲੋੜੀਂਦੇ ਮਾਹੌਲ ਦੀ ਘਾਟ ਨੇ ਵੀ ਸਥਾਨਕ ਆਬਾਦੀ ਦੀਆਂ ਸਮੱਸਿਆਵਾਂ ਵਿਚ ਵਾਧਾ ਕੀਤਾ ਹੈ। ਰਾਜ ਵਿਚਲਾ ਉਤਪਾਦਨ ਖੇਤਰ ਖਾਸ ਤੌਰ ਤੇ ਸਰਹੱਦੀ ਪੱਟੀ ਭਾਰਤ ਸਰਕਾਰ ਵਲੋਂ ਹਿਮਚਾਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ ਦੇ ਗੁਆਂਢੀ ਰਾਜਾਂ ਨੂੰ ਕਰ ਲਾਭ ਦੇਣ ਕਾਰਣ ਇਹ ਪੂਰੀ ਤਰ੍ਹਾਂ ਅਸਮਰੱਥ ਹੋ ਗਏ ਹਨ।

153. ਸਰਹੱਦੀ ਖੇਤਰਾਂ ਦੇ ਲੋਕਾਂ ਦੀਆਂ ਵਿਕਾਸ ਦੀਆਂ ਲੋੜਾਂ/ਉਨ੍ਹਾਂ ਵਲੋਂ ਉਨ੍ਹਾਂ ਤੇ ਆਉਂਦੀਆਂ ਦਰਪੇਸ਼ ਔਕੜਾਂ ਨੂੰ ਦੇਖਦੇ ਹੋਏ ਸਾਡੀ ਸਰਕਾਰ ਸਾਲ 2017-18 ਵਿਚ 300 ਕਰੋੜ ਰੁਪਏ ਦੀ ਲਾਗਤ ਨਾਲ ਇਕ ਵਿਸ਼ੇਸ਼ ਸਰਹੱਦੀ ਖੇਤਰ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ਤਿਆਰ ਕਰ ਰਹੀ ਹੈ, ਇਸ ਇਲਾਕੇ ਦੀ ਤਰੱਕੀ ਲਈ ਨਵੇਂ ਸਮਾਜਿਕ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਦਾ ਪਰਸਪਰ ਨਿਰਮਾਣ ਸ਼ਾਮਲ ਹੋਵੇਗਾ। ਰਾਜ ਦੀ ਨਵੀਂ ਉਦਯੋਗਿਕ ਨੀਤੀ ਅਧੀਨ ਇਨ੍ਹਾਂ ਇਲਾਕਿਆਂ ਦੇ ਵਿਕਾਸ ਲਈ ਵਿਸ਼ੇਸ਼ ਲਾਭ ਵੀ ਦਿੱਤੇ ਜਾਣਗੇ।ਇਹ ਅਜਿਹੇ ਹੀ ਪ੍ਰੋਗਰਾਮ ਅਧੀਨ, ਕੇਂਦਰੀ ਸਰਪ੍ਰਸਤੀ ਵਾਲੀ ਸਕੀਮ ਅਧੀਨ 85 ਕਰੋੜ ਰੁਪਏ ਦੀ ਸਕੀਮ ਤੋਂ ਇਲਾਵਾ ਹੈ। ਜਿਸ ਵਿਚ ਰਾਜ ਦਾ ਹਿੱਸਾ 40 ਕਰੋੜ ਰੁਪਏ ਹੈ।

**ਨਵਿਆਉਣਯੋਗ ਊਰਜਾ**

ਜਨਾਬ, ਸਪੀਕਰ ਸਾਹਿਬ

154. ਅਸੀਂ ਸਾਰੇ ਇਸ ਧਰਤੀ ਮਾਂ ਨੂੰ ਆਪਣੀਆਂ ਭਵਿੱਖ ਦੀਆਂ ਪੀੜ੍ਹੀਆਂ ਲਈ ਇਕ ਵਧੇਰੇ ਚੰਗੀ ਸਥਿਤੀ ਵਿੱਚ ਛੱਡ ਕੇ ਜਾਣਾ ਲੋਚਦੇ ਹਾਂ। ਜਦੋਂ ਕਿ ਕਿਸੇ ਵੀ ਵਿਕਾਸਸ਼ੀਲ ਆਰਥਿਕਤਾ ਲਈ ਊਰਜਾ ਇਕ ਮਹੱਤਵਪੂਰਨ ਤੱਤ ਹੈ। ਸਾਨੂੰ ਨਵਿਆਉਣਯੋਗ ਊਰਜਾ ਸ੍ਰੋਤਾਂ ਤੋਂ ਵੱਧ ਤੋਂ ਵੱਧ ਊਰਜਾ ਪ੍ਰਾਪਤ ਕਰਨੀ ਚਾਹੀਦੀ ਹੈ।

155. ਪਿੰਡ ਪੱਧਰ ਤੇ ਲੋਕਾਂ/ਕਿਸਾਨਾਂ ਦੀਆਂ ਊਰਜਾ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਨਵਿਆਉਣਯੋਗ ਊਰਜਾ ਪ੍ਰਣਾਲੀਆਂ ਜਿਵੇਂ ਕਿ ਸੋਲਰ ਪੰਪ, ਸੋਲਰ ਸਟਰੀਟ ਲਾਈਟਾਂ, ਸੋਲਰ ਫੋਟੋਵੈਲਟਿਕ, ਰੂਫਟਾਪ ਪਲਾਂਟ ਆਦਿ ਨੂੰ ਲਗਾ ਕੇ ਨਵਿਆਉਣਯੋਗ ਊਰਜਾ ਪ੍ਰਣਾਲੀਆਂ ਅਤੇ ਪ੍ਰਾਜੈਕਟਾਂ ਦੀ ਮੇਨ ਸਟਰੀਮਿੰਗ ਲਈ ਅਸੀਂ ਵਚਨਬੱਧ ਹਾਂ। ਇਸ ਸਾਲ ਅਸੀਂ ਪੰਜਾਬ ਰਾਜ ਵਿਚ 80 ਫੀਸਦ ਦੇ ਸਬਸਿਡੀ ਦੇ ਹਿੱਸੇ ਦੇ ਨਾਲ 2000 ਸੋਲਰ ਖੇਤੀਬਾੜੀ ਪੰਪ ਸੈੱਟ ਲਗਾ ਰਹੇ ਹਾਂ। ਸਰੋਤ ਸੀਮਾਵਾਂ ਦੇਖਦਿਆਂ ਹੋਇਆਂ ਮੈਂ 2017-18 ਲਈ ਇਸ ਸਬੰਧੀ 100 ਕਰੋੜ ਰੁਪਏ ਦੇ ਬਜਟੀ ਉਪਬੰਧ ਦੀ ਤਜਵੀਜ਼ ਕਰਦਾ ਹਾਂ।

ਸੀ.ਐਮ.ਸਾਹਿਬ ਨੇ ਵੀ ਕੱਲ੍ਹ ਕਿਹਾ ਸੀ ਕਿ ਸੋਲਰ ਪੰਪਸ ਵਾਸਤੇ 100 ਕਰੋੜ ਰੁਪਿਆ ਰੱਖਿਆ ਗਿਆ ਹੈ।

**ਮਾਲੀਆ ਵਿਭਾਗ**

156. ਪੇਂਡੂ ਚੌਕੀਦਾਰ ਆਮ ਤੌਰ ਤੇ ਸਮਾਜ ਦੇ ਕਮਜ਼ੋਰ ਵਰਗਾਂ ਵਿਚੋਂ ਹੁੰਦੇ ਹਨ ਜੋ ਪੇਂਡੂ ਭਾਈਚਾਰੇ ਵਲੋਂ ਉਨ੍ਹਾਂ ਨੂੰ ਸੌਂਪੀ ਗਈ ਹਰ ਤਰ੍ਹਾਂ ਦੀ ਡਿਊਟੀ ਵੇਲੇ ਕੁਵੇਲੇ ਨਿਭਾਉਂਦੇ ਹਨ। ਪੇਂਡੂ ਚੌਕੀਦਾਰ ਲੰਬੇ ਸਮੇਂ ਤੋਂ ਰਾਜ ਸਰਕਾਰ ਦੇ ਕਾਰਜ ਕਰਤਾਵਾਂ ਅਤੇ ਪੇਂਡੂ ਪੰਚਾਇਤਾਂ ਦੀ ਸਹਾਇਤਾ ਕਰ ਰਹੇ ਹਨ। ਇਹ ਮਹਿਸੂਸ ਕੀਤਾ ਗਿਆ ਕਿ ਉਨ੍ਹਾਂ ਨੂੰ ਦਿੱਤਾ ਜਾਣ ਵਾਲਾ ਮਾਣਭੱਤਾ ਵਧਾਏ ਜਾਣ ਦੀ ਲੋੜ ਹੈ।ਇਸ ਦੇ ਮੁਤਾਬਿਕ ਹੀ ਸਰਕਾਰ ਨੇ ਚੌਕੀਦਾਰਾਂ ਨੂੰ ਦਿੱਤਾ ਜਾਣਾ ਵਾਲਾ ਮਾਣਭੱਤਾ 1250 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਇਸ ਫੈਸਲੇ ਨਾਲ ਲਗਭਗ 10540 ਚੌਕੀਦਾਰਾਂ ਨੂੰ ਲਾਭ ਹੋਵੇਗਾ।

**ਸ਼ਹਿਰੀ ਹਵਾਬਾਜ਼ੀ**

157. ਖੇਤਰੀ ਸੰਪਰਕ ਸਕੀਮ ਨੂੰ ਬਠਿੰਡਾ, ਆਦਮਪੁਰ, ਲੁਧਿਆਣਾ ਅਤੇ ਪਠਾਨਕੋਟ ਦੇ ਚਾਰ ਹਵਾਈ ਅੱਡਿਆਂ ਨਾਲ ਹਵਾਈ ਸੰਪਰਕ ਮੁਹੱਈਆ ਕਰਕੇ ਲਾਗੂ ਕੀਤਾ ਜਾਵੇਗਾ। ਰਾਜ ਸਰਕਾਰ ਭਾਰਤ ਸਰਕਾਰ ਨਾਲ ਹਸਤਾਖਰ ਕੀਤੇ ਇਕਰਾਰਨਾਮੇ ਦੇ ਮੁਤਾਬਿਕ ਵਿਵਹਾਰਕ ਗੈਪ ਫੰਡਿੰਗ ਦੀ ਵਾਸਤਵਿਕ ਲਾਗਤ ਨੂੰ ਸਹਿਣ ਕਰੇਗੀ।

158. ਰਾਜ ਸਰਕਾਰ ਹਵਾਈ ਸੇਵਾਵਾਂ ਨੂੰ ਪੂਰਨ ਕਾਰਜਸ਼ੀਲ ਬਣਾਉਣ ਲਈ ਸਬਸਿਡੀ ਪ੍ਰਾਪਤ ਏਵੀਏਸ਼ਨ ਟਰਬਾਈਨ ਫਿਊਲ ਅਤੇ ਮੁਢਲੀਆਂ ਸੇਵਾਵਾਂ ਵੀ ਮੁਹੱਈਆ ਕਰਵਾਏਗੀ।

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

**ਸੜਕਾਂ ਅਤੇ ਪੁਲ**

159. ਇਹ ਸਰਕਾਰ ਮਜ਼ਬੂਤ ਸੜਕ ਅਤੇ ਪੁਲਾਂ ਦੇ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਅਤੇ ਮੁੱਖ ਤੌਰ ਤੇ ਮੌਜੂਦਾ ਸੜਕਾਂ ਅਤੇ ਪੁਲਾਂ ਦੀ ਸਾਂਭ ਸੰਭਾਲ ਲਈ ਵਚਨਬੱਧ ਹੈ। ਜਦੋਂ ਕਿ ਅਸੀਂ ਹੋਰ ਬਹੁਤ ਕੁਝ ਕਰਨਾ ਚਾਹੁੰਦੇ ਹਾਂ ਪਰ ਇਸ ਸਾਲ ਅਸੀਂ ਸ੍ਰੋਤਾਂ ਦੀ ਕਮੀ ਕਾਰਨ ਮਜਬੂਰ ਹਾਂ। ਫਿਰ ਵੀ ਮੈਂ ਨਵੀਆਂ ਸੜਕਾਂ, ਪੁਲਾਂ ਅਤੇ ਇਮਾਰਤਾਂ ਦੀ ਉਸਾਰੀ ਅਤੇ ਸਾਂਭ ਸੰਭਾਲ ਲਈ ਪਬਲਿਕ ਵਰਕਸ ਵਿਭਾਗ ਲਈ 873.17 ਕਰੋੜ ਰੁਪਏ ਮਖਸੂਸ ਕਰਨ ਦੀ ਤਜਵੀਜ਼ ਕਰਦਾ ਹਾਂ।

**ਆਬਕਾਰੀ ਅਤੇ ਕਰ**

**ਵਸਤਾਂ ਅਤੇ ਸੇਵਾ ਕਰ (ਜੀ.ਐੱਸ.ਟੀ)**

160. ਭਾਰਤੀ ਸੰਸਦ ਨੇ ਵਸਤਾਂ ਅਤੇ ਸੇਵਾ ਕਰ (ਜੀ. ਐੱਸ. ਟੀ.) ਦੇ ਮਹੱਤਵਪੂਰਨ ਕਰ ਬਿਲ ਨੂੰ ਪਹਿਲਾਂ ਹੀ ਪਾਸ ਕਰ ਦਿੱਤਾ ਹੈ। ਪੰਜਾਬ ਜੀ.ਐੱਸ.ਟੀ. ਨੂੰ ਲਾਗੂ ਕਰਨ ਦਾ ਸਮਰੱਥਨ ਕਰਨ ਵਾਲਿਆਂ ਵਿਚ ਸਭ ਤੋਂ ਅੱਗੇ ਹੈ। ਮੌਜੂਦਾ ਕਰਦਾਤਾਵਾਂ ਨੂੰ ਜੀ.ਐੱਸ.ਟੀ. ਵੱਲ ਤਬਦੀਲੀਕਰਨ ਪਹਿਲਾਂ ਹੀ ਪ੍ਰਕਿਰਿਆ ਅਧੀਨ ਹੈ। ਰਾਜ ਵਿਚ ਜੀ.ਐੱਸ.ਟੀ. ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਕਰ ਅਤੇ ਆਬਕਾਰੀ ਵਿਭਾਗ ਨੇ ਕਰਦਾਤਾਵਾਂ ਅਤੇ ਪੇਸ਼ੇਵਰਾਂ ਨੂੰ ਤਜਵੀਜ਼ਤ ਕਰ ਸੁਧਾਰ ਬਾਰੇ ਜਾਗਰੂਕ ਕਰਨ ਬਾਰੇ ਉਨ੍ਹਾਂ ਨਾਲ ਗੱਲਬਾਤ ਲਈ 100 ਵਰਕਸ਼ਾਪਾਂ ਤੋਂ ਜ਼ਿਆਦਾ ਰਾਹੀਂ ਇਕ ਵੱਡਾ ਪਹੁੰਚ ਪ੍ਰੋਗਰਾਮ ਬਣਾਇਆ ਹੈ। ਸਾਨੂੰ ਸਾਰਿਆਂ ਨੂੰ ਜੀ.ਐੱਸ.ਟੀ. ਪ੍ਰਣਾਲੀ ਨਿਰਵਿਘਨ ਤਬਦੀਲੀ ਦੇ ਅਮਲ ਨੂੰ ਸੁਨਿਸ਼ਚਿਤ ਕਰਨ ਵਿਚ ਵਪਾਰ ਅਤੇ ਉਦਯੋਗ ਨੂੰ ਸਹਾਇਤਾ ਲਈ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਰਾਜ ਵਪਾਰ ਅਤੇ ਉਦਯੋਗ ਦੀਆਂ ਬਿਨਾਂ ਕਿਸੇ ਪੱਖਪਾਤ ਅਤੇ ਨਿਸ਼ਚਿਤ ਤੌਰ ਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਕ ਕਰ ਲੋਕਪਾਲ ਵੀ ਨਿਯੁਕਤ ਕਰੇਗੀ।

161. ਜੀ.ਐੱਸ.ਟੀ. ਸਾਡੇ ਕਰ ਪ੍ਰਬੰਧ ਵਿਚ ਇਕ ਮਹੱਤਵਪੂਰਨ ਢਾਂਚਾਗਤ ਤਬਦੀਲੀ ਹੋਵੇਗੀ। ਇਸਦਾ ਸਾਰੇ ਦੇਸ਼ ਵਿਚ ਵਸਤਾਂ ਦੀ ਢੋਆ ਢੁਆਈ ਤੇ ਵੱਡਾ ਪ੍ਰਭਾਵ ਪਵੇਗਾ ਅਤੇ ਮੈਂ ਇਕ ਵਿਆਪਕ ਕਰ ਆਧਾਰ ਅਤੇ ਪਾਲਣਾ ਵਿਚ ਸੁਧਾਰ ਰਾਹੀਂ ਜੀ.ਐੱਸ.ਟੀ. ਦੇ ਲਾਗੂ ਹੋਣ ਨਾਲ ਪੰਜਾਬ ਨੂੰ ਲਾਭ ਹੋਣ ਦੀ ਕਲਪਨਾ ਕਰਦਾ ਹਾਂ। ਕਿਉਂਕਿ ਜੀ.ਐੱਸ.ਟੀ. 1 ਜੁਲਾਈ, 2017 ਤੋਂ ਲਾਗੂ ਹੋਵੇਗਾ ਤਾਂ ਮੈਂ ਇਸ ਪੱਧਰ ਤੇ ਕਰ ਢਾਂਚੇ ਵਿਚ ਕੋਈ ਤਬਦੀਲੀ ਕਰਨ ਦੀ ਤਜਵੀਜ਼ ਨਹੀਂ ਕਰਦਾ।

**ਬਜਟ ਇੱਕ ਝਾਤ**

162. ਸਾਲ 2017-18 ਲਈ ਕੁੱਲ ਬਜਟ ਆਕਾਰ 118237.90 ਕਰੋੜ ਰੁਪਏ ਹੈ। ਜਦੋਂ

ਕਿ ਵਾਸਤਵਿਕ ਬਜਟ ਦਾ ਆਕਾਰ 90737.90 ਕਰੋੜ ਰੁਪਏ ਹੈ ਕਿਉਂ ਜੋ ਉਕਤ ਰਕਮ ਵਿਚ ਮੌਜੂਦਾ ਸਾਲ ਲਈ ਉਪਾਅ ਅਤੇ ਸਾਧਨ ਲੈਣ ਦੇਣ ਲਈ 27500 ਕਰੋੜ ਰੁਪਏ ਦਾ ਬਜਟ ਉਪਬੰਧ ਸ਼ਾਮਲ ਹੈ।ਕੁੱਲ ਪ੍ਰਾਪਤੀਆਂ 105514.84 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਇਸ ਦੇ ਵੇਰਵੇ ਹੇਠ ਅਨੁਸਾਰ ਹਨ:

| ਲੜੀ ਨੰ. | ਮੱਦ | ਸੋਧੇ ਅਨੁਮਾਨ 2016-17 (ਕਰੋੜ ਰੁਪਏ) | ਬਜਟ ਅਨੁਮਾਨ 2017-18 (ਕਰੋੜ ਰੁਪਏ) |
|---|---|---|---|
| 1. | ਮਾਲੀਆ ਪ੍ਰਾਪਤੀਆਂ **(2+3+4+5)** | 51371.79 | 60079.87 |
| 2. | ਰਾਜ ਦਾ ਆਪਣਾ ਕਰ ਮਾਲੀਆ | 30251.85 | 39526.28 |
| 3. | ਰਾਜ ਦਾ ਆਪਣਾ ਗੈਰ ਕਰ ਮਾਲੀਆ | 6260.58 | 3224.95 |
| 4. | ਕੇਂਦਰੀ ਟੈਕਸਾਂ ਦਾ ਹਿੱਸਾ | 9599.7 | 10650.64 |
| 5. | ਕੇਂਦਰ ਤੋਂ ਗ੍ਰਾਂਟ ਇਨ ਏਡ | 5259.67 | 6678 |
| 6. | ਪੂੰਜੀਗਤ ਪ੍ਰਾਪਤੀਆਂ **(7+8+9)** | 84031.02 | 45434.97 |
| 7. | ਉਪਾਅ ਅਤੇ ਸਾਧਨ ਪੇਸ਼ਗੀਆਂ ਤੋਂ ਇਲਾਵਾ ਜਨਤਕ ਕਰਜ਼ | 55630.24 | 17855 |
| 8. | ਉਪਾਅ ਅਤੇ ਸਾਧਨ ਪੇਸ਼ਗੀਆਂ | 27500 | 27500 |
| 9. | ਕਰਜ਼ਿਆਂ ਦੀ ਵਸੂਲੀ | 900.78 | 79.97 |
| 10. | ਕੁੱਲ ਪ੍ਰਾਪਤੀਆਂ **(1+6)** | **135402.81** | **105514.84** |
| 11. | ਮਾਲੀਆ ਖਰਚ **(12+13+14+15)** | **62733.81** | **74864.74** |
| 12. | ਤਨਖਾਹਾਂ ਅਤੇ ਉਜਰਤਾਂ | 19799.96 | 20872.3 |
| 13. | ਪੈਨਸ਼ਨ ਅਤੇ ਰਿਟਾਇਰਮੈਂਟ ਲਾਭ | 8140.16 | 10147.23 |
| 14. | ਵਿਆਜ ਅਦਾਇਗੀਆਂ | 11981.71 | 14910.49 |
| 15. | ਹੋਰ ਮਾਲੀਆ ਖਰਚ | 22811.98 | 28934.72 |
| 16. | ਪੂੰਜੀਗਤ ਖਰਚ | **6117.46** | **6157.08** |
| 17. | ਉਪਾਅ ਅਤੇ ਸਾਧਨ ਪੇਸ਼ਗੀਆਂ ਤੋਂ ਇਲਾਵਾ ਜਨਤਕ ਕਰਜ਼ ਦਾ ਪੁਨਰ ਭੁਗਤਾਨ | 5291.86 | 7485.96 |

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

| | | | |
|---|---|---|---|
| 18. | ਉਪਾਅ ਅਤੇ ਸਾਧਨ ਪੇਸ਼ਗੀਆਂ ਦਾ ਪੂਨਰ ਭੁਗਤਾਨ | 27500 | 27500 |
| 19. | ਕਰਜ਼ਾ ਪੇਸ਼ਗੀਆਂ | 42870.86 | 2230.12 |
| 20. | ਕੁੱਲ ਖਰਚ **(11+16+17+18+19)** | **144513.99** | **118237.9** |
| 21. | ਮਾਲੀਆ ਘਾਟਾ **(11-1)** | **11362.02** | **14784.87** |
| 22. | ਵਿੱਤੀ ਘਾਟਾ **(21+19+16-9)** | **59449.56 (–13.89)** | **23092.1 (–4.96)** |
| 23. | ਮੁੱਢਲਾ ਘਾਟਾ **(22-14)** | 47467.85 (–12.12) | 8181.61 (–2.09) |
| 24. | ਬਕਾਇਆ ਕਰਜ਼ | **182183.01 (–42.58)** | **195002.05 (–41.88)** |
| 25. | ਚਲੰਤ ਕੀਮਤਾਂ ਤੇ ਜੀ.ਐਸ.ਡੀ.ਪੀ. | 427870 | 465608 |

163. ਬਜਟ ਅਨੁਮਾਨਾਂ ਅਨੁਸਾਰ ਸਾਲ 2017-18 (ਬਜਟ ਅਨੁਮਾਨ) ਲਈ ਵਿੱਤੀ ਘਾਟਾ ਜੀ.ਐਸ.ਡੀ.ਪੀ. ਦਾ 4.96% ਹੈ ਜੋ ਐੱਫ.ਆਰ.ਬੀ.ਐਮ. ਐਕਟ, 2003 ਦੀ ਨਿਰਧਾਰਿਤ 3% ਸੀਮਾ ਤੋਂ ਵਧੇਰੇ ਹੈ। ਵਧੀਕ ਕਰਜ਼ ਦੇਣਦਾਰੀ ਅਤੇ ਵਿਗੜੇ ਹੋਏ ਵਿੱਤਾਂ ਜੋ ਕਿ ਸਾਨੂੰ ਵਿਰਸੇ ਵਿੱਚ ਪ੍ਰਾਪਤ ਹੋਏ ਹਨ, ਕਾਰਨ ਵਿੱਤੀ ਘਾਟੇ ਨੂੰ ਜੀ ਐਸ.ਡੀ.ਪੀ. ਦੇ 3% ਤੇ ਰੋਕਣ ਵਿਚ ਅਸਫਲ ਰਹੇ ਹਾਂ। ਹੁਣ ਆਰ.ਬੀ.ਆਈ. ਦੁਆਰਾ ਰਾਜ ਦੀ ਨਿਰੋਲ ਕਰਜ਼ ਸੀਮਾ 12819 ਕਰੋੜ ਰੁਪਏ ਤੇ ਨਿਰਧਾਰਿਤ ਕੀਤੀ ਗਈ ਹੈ। ਇਹ ਇਸ ਸਾਲ 10273 ਕਰੋੜ ਰੁਪਏ ਦੇ ਫੰਡਿੰਗ ਅੰਤਰ ਨੂੰ ਦਰਸਾਉਂਦੀ ਹੈ। ਇਸ ਅੰਤਰ ਨੂੰ ਵਧੀਕ ਸ੍ਰੋਤ ਜੁਟਾ ਕੇ (ਏ ਆਰ ਐਮ) ਅਤੇ ਮਾਲੀਆ ਖ਼ਰਚ ਤੇ ਨਿਯੰਤਰਣ ਰਾਹੀਂ ਸਾਲ ਦੇ ਸਮੇਂ ਦੌਰਾਨ ਪੂਰਾ ਕਰਨ ਦੀ ਜ਼ਰੂਰਤ ਹੋਵੇਗੀ। ਇਸ ਤੋਂ ਪਹਿਲਾਂ ਕਿ ਮੈਂ ਕਿਸੇ ਵਧੀਕ ਸ੍ਰੋਤ ਜੁਟਾਉਣ ਬਾਰੇ ਸੁਝਾਅ ਦੇਵਾਂ, ਮੈਂ ਇਸ ਸਾਲ ਦੌਰਾਨ ਰਾਜ ਵਿਚ ਸ੍ਰੋਤਾਂ ਤੇ ਜੀ.ਐੱਸ.ਟੀ ਦੇ ਪ੍ਰਭਾਵ ਨੂੰ ਪਹਿਲਾਂ ਦੇਖਣਾ ਚਾਹੁੰਦਾ ਹਾਂ। ਮੈਂ ਉਮੀਦ ਕਰਦਾ ਹਾਂ ਕਿ ਕਰ ਪਾਲਣਾ ਅਤੇ ਪ੍ਰਬੰਧ ਵਿਚ ਉੱਨਤ ਕੁਸ਼ਲਤਾ ਅਤੇ ਜਨਤਕ ਸੇਵਾਵਾਂ ਦੀ ਪ੍ਰਭਾਵਕਾਰੀ ਸਪੁਰਦਗੀ ਦੇ ਨਾਲ ਅਸੀਂ ਖਰਚ ਵਿਚ ਸੰਜਮ ਲਿਆਉਣ ਦੇ ਯੋਗ ਹੋ ਜਾਵਾਂਗੇ ਅਤੇ ਇਸ ਤਰ੍ਹਾਂ ਇਸ ਅੰਤਰ ਨੂੰ ਘੱਟ ਕਰਨ ਦੇ ਯੋਗ ਹੋਵਾਂਗੇ ਜੋ ਕਿ ਇਸ ਸਮੇਂ ਪ੍ਰਤੱਖ ਹੈ।ਕਿਉਂਕਿ ਸਪੀਕਰ ਸਾਹਿਬ, ਹੁਣ ਜੀ.ਐਸ.ਟੀ. ਨੇ ਆਉਣਾ ਹੈ। ਇਸ ਜੀ.ਐਸ.ਟੀ. ਦਾ ਕੀ ਅਸਰ ਪਵੇਗਾ, ਇਹ ਮੈਂ ਅਗਲੇ ਤਿੰਨ ਚਾਰ ਮਹੀਨਿਆਂ ਵਿਚ ਵੇਖ ਕੇ ਫਿਰ ਕੋਈ ਰਿਸੋਰਸਿਜ, ਮੋਬੇਲਾਈਜ਼ੇਸ਼ਨ ਜਾਂ

ਕੋਈ ਆਪਣੇ ਰੈਵੇਨਿਊ ਵਿੱਚ ਕੱਟ ਲੈ ਕੇ ਆਉਣਾ ਹੈ, ਇਹ ਅਗਲੇ ਤਿੰਨ ਮਹੀਨਿਆਂ ਵਿੱਚ ਦੱਸਿਆ ਜਾਵੇਗਾ।

**ਜਨਾਬ, ਸਪੀਕਰ ਸਾਹਿਬ**

164. ਜੇ ਪੰਜਾਬ ਦਾ ਪਿਛੋਕੜ ਧੁੰਦਲਾ ਰਿਹਾ ਹੈ, ਪਰ ਆਉਣ ਵਾਲਾ ਹਾਲ ਸੁਨਹਿਰਾ ਹੈ। ਇਹ ਗੱਲ ਮੈਂ ਪਿਛਲੇ ਦੋ ਦਹਾਕਿਆਂ ਦੇ ਤਜਰਬੇ ਦੀ ਬੁਨਿਆਦ ਤੇ ਯਕੀਨੀ ਤੌਰ ਤੇ ਕਹਿ ਸਕਦਾ ਹਾਂ। ਆਪਣੀਆਂ ਪੁਰਾਣੀਆਂ ਗਲਤੀਆਂ ਤੋਂ ਨਸੀਹਤ ਲੈ ਕੇ ਹਾਲ ਵਿੱਚ "ਕਮਰ ਕੱਸ ਕੇ ਇੱਕ ਬੇਹਤਰ ਮੁਸਤਕਬਿਲ ਨੂੰ ਜਨਮ ਦੇ ਸਕਦੇ ਹਾਂ" ਗਲੋਬਲਾਈਜੇਸ਼ਨ (Globalization) ਦੇ ਬਦੌਲਤ ਮੌਕੇ ਹਰ ਥਾਂ ਮੌਜੂਦ ਹਨ ਅਤੇ ਸਾਡੇ ਦਰਵਾਜ਼ੇ ਤੇ ਦਸਤਕ ਦੇ ਰਹੇ ਹਨ। ਪੁਰਾਣੀਆਂ ਰੀਤਾਂ ਦੁਹਰਾਉਣ ਦਾ ਕੋਈ ਫਾਇਦਾ ਨਹੀਂ। ਜੇ ਅਸੀਂ ਦੁਨੀਆਂ ਨਾਲ ਹਮਾਂ ਹੰਗ ਹੋ ਕੇ ਟੁਰ ਪਏ ਤਾਂ ਕਾਮਯਾਬੀ ਪੰਜਾਬ ਦਾ ਮੁਕੱਦਰ ਬਣੇਗੀ।

165. ਬਕੌਲ ਇੱਕ ਨੋਬਲ ਇਨਾਮ ਜੇਤੂ ਜੌਜ਼ਫ ਸਟਿਗ ਲਿਟਜ਼ "ਤਰੱਕੀ ਦੇ ਮਾਇਣੇ ਲੋਕਾਂ ਦੀ ਜ਼ਿੰਦਗੀ ਨੂੰ ਤਬਦੀਲ ਕਰ ਦੇਣਾ ਹੈ ਨਾਂ ਕਿ ਅਰਥ ਵਿਵਸਥਾ ਨੂੰ ਬਦਲਣਾ ਹੈ "।

166. ਦੁਨੀਆਂ ਦੇ ਅਮੀਰ ਤਰੀਨ 1% ਲੋਕਾਂ ਕੋਲ ਸਭ ਤੋਂ ਆਲੀਸ਼ਾਨ ਘਰ ਹਨ। ਸਭ ਤੋਂ ਵਧੀਆ ਵਿੱਦਿਆ ਅਤੇ ਤਾਲੀਮ ਹੈ। ਸਭ ਤੋਂ ਬੇਹਤਰ ਡਾਕਟਰੀ ਇਲਾਜ ਹੈ ਅਤੇ ਆਲਾ ਦਰਜ਼ੇ ਦਾ ਰਹਿਣ-ਸਹਿਣ ਹੈ - ਪਰ ਦੌਲਤ ਇੱਕ ਗੱਲ ਨਹੀਂ ਖਰੀਦ ਸਕੀ। ਇਸ ਗੱਲ ਦੀ ਸਮਝ ਕਿ ਉਹਨਾਂ ਦੀ ਕਿਸਮਤ 99% ਲੋਕਾਂ ਨਾਲ ਜੁੜੀ ਹੋਈ ਹੈ। ਆਖਿਰਕਾਰ ਇਤਿਹਾਸ ਵਿੱਚ 1% ਅਮੀਰ ਤਰੀਨ ਲੋਕਾਂ ਨੂੰ ਇਹ ਸਮਝ ਆ ਹੀ ਜਾਂਦੀ ਹੈ। ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

ਸਦਰ-ਏ-ਮੋਹਤਰਮ, ਮੇਰਾ ਇਹ ਬਜ਼ਟ ਉਹਨਾਂ 99% ਲੋਕਾਂ ਨੂੰ ਸਮਰਪਿਤ ਹੈ।

ਬਕੌਲ ਇਲਾਮਾ ਇਕਬਾਲ:-

ਕੋਈ ਕਾਬਿਲ ਹੈ ਤੋ ਹਮ ਸ਼ਾਨੇ ਕਈ ਦੇਤੇਂ ਹੈਂ,<br>
ਢੂੰਡਨੇ ਵਾਲੋਂ ਕੋ ਦੁਨੀਆਂ ਭੀ ਨਈਂ ਦੇਤੇ ਹੈਂ।

ਸਪੀਕਰ ਸਾਹਿਬ, ਸੁਪਨੇ ਵੇਖਣ ਨਾਲ ਰੇਗਿਸਤਾਨ ਵਿੱਚ ਫੁੱਲ ਨਹੀਂ ਖਿੜਦੇ। ਆਰਜ਼ੂ ਰੱਖਣ ਨਾਲ ਖੁਦ ਸ਼ਹਿਦ ਦੀਆਂ ਨਦੀਆਂ ਨਹੀਂ ਵਗਦੀਆਂ। ਤਰੱਕੀ ਨੂੰ ਜਾਣ ਵਾਲੇ ਰਸਤੇ ਕੁਰਬਾਨੀ ਤੇ ਮਿਹਨਤ ਮੰਗਦੇ ਹਨ। ਮੇਰਾ ਦਿਲ ਇਸ ਗੱਲ ਦੀ ਗਵਾਹੀ ਭਰਨ ਨੂੰ ਤਿਆਰ ਹੈ ਕਿ ਅਸੀਂ ਮੁਸ਼ਕਲਾਂ ਦੇ ਬਾਵਜੂਦ ਉਹ ਪੰਜਾਬ ਬਣਾ ਸਕਦੇ ਹਾਂ ਜੋ ਸਾਡੇ ਦਿਲਾਂ ਵਿੱਚ ਵਸਦਾ ਹੈ। ਸਾਨੂੰ ਆਪਣੀਆਂ ਕਮਜ਼ੋਰੀਆਂ ਤੇ ਕਾਬੂ ਪਾਉਣਾ ਪੈਣਾ ਹੈ, ਮਸਲੇ ਬਹੁਤ ਵੱਡੇ ਹਨ ਪਰ ਸਾਡੇ ਜ਼ਜ਼ਬੇ ਤੋਂ ਵੱਡੇ ਨਹੀਂ ਹਨ। ਸਾਡਾ ਰਸਤਾ ਕਠਿਨ ਹੈ ਪਰ ਸਾਡੇ ਅਜ਼ਮ ਤੇ ਇਰਾਦੇ ਤੋਂ ਤਾਂ ਕਠਿਨ ਨਹੀਂ ਹਨ। ਮੰਜ਼ਿਲ ਦੂਰ ਸਹੀ ਪਰ ਅਸੀਂ ਹਿੰਮਤ ਅਤੇ ਪੁਖ਼ਤਾ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]
ਇਰਾਦੇ ਰੱਖਦੇ ਹਾਂ।

ਸਪੀਕਰ ਸਾਹਿਬ, ਮੈਨੂੰ ਰੱਬ ਤੇ ਭਰੋਸਾ ਹੈ। ਮੇਰਾ ਦਿਲ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਭਾਰਤ ਇੱਕ ਨਵੇਂ ਦੌਰ ਵਿਚ ਦਾਖਲ ਹੋ ਰਿਹਾ ਹੈ। ਮੇਰਾ ਦਿਲ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪਸ਼ਬੰਦਗੀ ਤੇ ਗਰੀਬੀ ਦੇ ਹਨੇਰੇ ਛੱਟ ਜਾਣਗੇ। ਮੇਰਾ ਦਿਲ ਗਵਾਹੀ ਦੇਣ ਨੂੰ ਤਿਆਰ ਹੈ ਕਿ ਤਰੱਕੀ ਤੇ ਖੁਸ਼ਹਾਲੀ ਦਾ ਸੂਰਜ ਚੜ੍ਹੇਗਾ। ਮੇਰਾ ਦਿਲ ਇਹ ਵੀ ਗਵਾਹੀ ਦੇਣ ਨੂੰ ਤਿਆਰ ਹੈ ਕਿ ਭਾਰਤ ਤੇ ਕੁਰਬਾਨ ਹੋਣ ਵਾਲਾ ਖੂਨ ਰੰਗ ਲਿਆਵੇਗਾ।

167. ਮੈਂ ਆਖਿਰ ਵਿੱਚ ਮੁੱਖ ਮੰਤਰੀ ਪੰਜਾਬ, ਕੈਪਟਨ ਅਮਰਿੰਦਰ ਸਿਘ ਜੀ – ਅਵਾਮੀ ਲੀਡਰ ਅਤੇ ਦੋਸਤ, ਦੀ ਰਹਿਨੁਮਾਈ ਦੀ ਰੋਸ਼ਨੀ, ਜਿਸ ਬਗੈਰ ਮੈਂ ਅਧੂਰਾ ਹਾਂ – ਦਾ ਧੰਨਵਾਦ ਕਰਦਾ ਹਾਂ।

168. ਜਨਾਬ-ਏ-ਮੋਹਤਰਮ ਸਪੀਕਰ ਸਾਹਿਬ, ਮੈਂ ਤੁਹਾਡਾ ਅਤੇ ਕਾਬਿਲੇ ਕਦਰ ਹਾਊਸ ਦੇ ਤਮਾਮ ਮੈਂਬਰਾਨ ਦਾ ਸ਼ੁਕਰਗੁਜਾਰ ਹਾਂ ਕਿ ਤੁਸੀਂ ਇਸ ਬਜਟ ਦੀਆਂ ਤਜਵੀਜਾਂ ਨੂੰ ਅਦਬ ਅਤੇ ਸਬਰ ਨਾਲ ਸੁਣਿਆ।

169. ਮੈਂ ਆਪਣੇ ਮਹਿਕਮੇ ਦੇ ਅਫ਼ਸਰ ਸਾਹਿਬਾਨ, ਬਜ਼ਟ ਅਫ਼ਸਰ, ਸਾਰੇ ਮੁਲਾਜ਼ਮੀਨ ਦੇ ਤਾਵੁਨ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ, ਜਿਨ੍ਹਾਂ ਨੇ ਬਹੁਤ ਹੀ ਲਗਨ ਨਾਲ, ਆਪਣੀ ਡਿਊਟੀ ਬਾਖੂਬੀ ਨਿਭਾਈ ਹੈ। ਜੇਕਰ ਮੈਂ ਉਨ੍ਹਾਂ ਵੱਲੋਂ ਕੀਤੀ ਸਖ਼ਤ ਮਿਹਨਤ ਦਾ ਇੱਥੇ ਜ਼ਿਕਰ ਨਾ ਕਰਾਂ ਤਾਂ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਉਨ੍ਹਾਂ ਨਾਲ ਬੇਇਨਸਾਫੀ ਹੋਵੇਗੀ।

170. ਜਨਾਬ ਸ੍ਰੀ ਅਨਿਰੁਧ ਤਿਵਾੜੀ, ਪ੍ਰਮੁੱਖ ਸਕੱਤਰ, ਵਿੱਤ ਅਤੇ ਸ੍ਰੀ ਕ੍ਰਿਸ਼ਨ ਕੁਮਾਰ, ਸਕੱਤਰ, ਖਰਚਾ ਨੇ ਆਪਣੀ ਕਾਬਲੀਅਤ ਸਦਕਾ ਇਸ ਮਹਿਕਮੇ ਵਿੱਚ ਆਪਣੀ ਅਮਿੱਟ ਛਾਪ ਛੱਡੀ ਹੈ। ਸਰਕਾਰ ਦੀ ਤਰਫੋਂ ਮੈਂ ਪ੍ਰਧਾਨ, ਮਹਾਂਲੇਖਾਕਾਰ (ਆਡਿਟ), ਪੰਜਾਬ, ਸਰਦਾਰ ਜਗਵੰਸ ਸਿੰਘ, ਵੱਲੋਂ ਹਾਸਲ ਹੋਈ ਬੇਸ਼ੁਕੀਮਤੀ ਇਮਦਾਦ ਸਦਕਾ ਉਨ੍ਹਾਂ ਨੂੰ ਵੀ ਆਪਣੀ ਅਕੀਦਤ ਪੇਸ਼ ਕਰਨਾ ਚਾਹੁੰਦਾ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਅਤੇ ਮਾਨਯੋਗ ਸਪੀਕਰ ਸਾਹਿਬ ਜੀ ਦੀ ਸ਼ਾਨ ਦੇ ਖਿਲਾਫ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** Not recorded as ordered by the Chair.

171. ਇਸ ਦੇ ਮੱਦੇਨਜ਼ਰ ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਤਜਵੀਜ਼ਾਂ ਪੇਸ਼ ਕਰਨ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ। ਮੈਂ ਤਨਕੀਦ-ਬਰਾਏ-ਤਾਮੀਰ ਦਾ ਸਵਾਗਤ ਕਰਦੇ ਹੋਏ ਇਸ ਗੱਲ ਦੀ ਬਹੁਤ ਜ਼ਿਆਦਾ ਉਮੀਦ ਕਰਦਾ ਹਾਂ ਕਿ ਮੇਰੀਆਂ ਤਜਵੀਜ਼ਾਂ ਸਮੁੱਚੇ ਰੂਪ ਵਿੱਚ ਇਸ ਅਜ਼ੀਮ ਸਦਨ ਵੱਲੋਂ ਮਨਜ਼ੂਰ ਕਰ ਲਈਆਂ ਜਾਣਗੀਆਂ। (ਥੰਪਿੰਗ)

ਜੈ ਹਿੰਦ

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਭੁੱਲਰ ਵਲੋਂ ਬੋਲੇ ਸੋ ਨਿਹਾਲ ਦਾ ਜੈਕਾਰਾ ਲਗਾਇਆ ਗਿਆ।)

**ਮਾਨਯੋਗ ਸਪੀਕਰ:** ਹੁਣ ਸਦਨ ਬੁੱਧਵਾਰ, ਮਿਤੀ 21 ਜੂਨ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*11.58 ਵਜੇ ਪੂਰਵ ਦੁਪਹਿਰ

(ਇਸ ਉਪਰੰਤ ਸਦਨ ਬੁੱਧਵਾਰ, ਮਿਤੀ 21 ਜੂਨ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

-----

**APPENDIX**

**TO**

**PUNJAB VIDHAN SABHA**

**DEBATES**

***Tuesday, the 20th June, 2017***

***Vol. II- No. 5***

**STARRED QUESTION AND ANSWER**

## ਅਈ.ਟੀ.ਆਈ. ਵਿੱਚੋਂ ਇਲੈਕਟਰੀਕਲ ਦੀ ਟਰੇਡ ਖਤਮ ਕਰਨਾ

***77. ਸਰਦਾਰ ਕੁਲਤਾਰ ਸਿੰਘ ਸੰਧਵਾ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਜਿਨ੍ਹਾਂ ਸੈਂਕੜੇ ਪਾਸ ਨੌਜਵਾਨਾਂ ਨੇ ਸਾਲ 2013 ਵਿੱਚ ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈਜ਼ ਵਿੱਚ ਸੈਂਟਰ ਆਫ਼ ਐਕਸੀਲੈਂਸ ਇਲੈਕਟਰੀਕਲ ਦੀ ਇਕ ਸਾਲ ਦੀ ਸਿਖਲਾਈ ਪ੍ਰਾਪਤ ਕੀਤੀ ਸੀ, ਉਨ੍ਹਾਂ ਨੂੰ ਅਜੇ ਤੱਕ ਸਰਟੀਫਿਕੇਟ ਜਾਰੀ ਨਹੀਂ ਕੀਤੇ ਗਏ; ਜੇਕਰ ਅਜਿਹਾ ਹੈ ਤਾਂ ਇਸ ਕੁਤਾਹੀ ਲਈ ਜ਼ਿੰਮੇਵਾਰ ਅਧਿਕਾਰੀ ਦੇ ਖਿਲਾਫ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨੌਜਵਾਨਾਂ ਨੂੰ ਸਰਟੀਫਿਕੇਟ ਕਦੋਂ ਤੱਕ ਮਿਲ ਜਾਣਗੇ;

(ਅ) ਕੀ ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈ. ਵਿਚੋਂ ਸੈਂਟਰ ਆਫ ਐਕਸੀਲੈਂਸ ਇਲਕੈਟਰੀਕਲ ਦੀ ਟਰੇਡ ਸਾਲ 2015 ਤੋਂ ਖਤਮ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਸਾਲ 2013 ਵਿੱਚ ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈਜ਼ ਵਿੱਚੋਂ ਸੈਂਟਰ ਆਫ ਐਕਸੀਲੈਂਸ ਇਲੈਕਟਰੀਕਲ ਦੀ ਸਿਖਲਾਈ ਪ੍ਰਾਪਤ ਕਰ ਚੁੱਕੇ ਨੌਜਵਾਨਾਂ ਨੂੰ ਡਿਟੇਲ ਮਾਰਕਸ ਕਾਰਡ ਅਤੇ ਪ੍ਰੋਵੀਜਨਲ ਟਰੇਡ ਸਰਟੀਫਿਕੇਟ ਜਾਰੀ ਕਰ ਦਿੱਤੇ ਗਏ ਹਨ। ਨੈਸ਼ਨਲ ਟਰੇਡ ਸਰਟੀਫਿਕੇਟ ਡੀ.ਜੀ.ਈ.ਟੀ. ਤੋਂ ਹਸਤਾਖਰ ਕਰਵਾਉਣ ਉਪਰੰਤ 3-4 ਮਹੀਨੇ ਵਿੱਚ ਜਾਰੀ ਕਰ ਦਿੱਤੇ ਜਾਣਗੇ ਕਿਉਂ ਜੋ ਇਹ ਸਰਟੀਫਿਕੇਟ ਹਸਤਾਖਰਾਂ ਹਿੱਤ ਭਾਰਤ ਸਰਕਾਰ ਨੂੰ ਭੇਜੇ ਜਾਂਦੇ ਹਨ।

(ਅ) ਹਾਂ ਜੀ, ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੈਂਟਰ ਆਫ ਐਕਸੀਲੈਂਸ ਇਲੈਕਟਰੀਕਲ ਦੀ ਟਰੇਡ ਸਾਲ 2015 ਤੋਂ ਆਈ.ਟੀ.ਆਈਜ ਦੇ ਰਵਾਇਤੀ ਕੋਰਸਾਂ ਵਿੱਚ ਤਬਦੀਲ ਕਰ ਦਿੱਤੀ ਗਈ ਹੈ।

-----

© 2017
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9443/06-2017/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ